@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 19 February 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 19 ਫਰਵਰੀ 2024, 4 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 80, qpatrika@gmail.com ਫੋਨ : 9971359517 www.qaumipatrika.org

## ਕਦੋਂ ਹੋਣਗੀਆਂ ਲੋਕ ਸਭਾ ਚੋਣਾਂ 2024, ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਦਿੱਤਾ ਇਹ ਅਪਡੇਟ

ਨਵੀਂ ਦਿੱਲੀ 18 ਫਰਵਰੀ। ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਚੋਣ ਕਮਿਸ਼ਨ ਨੇ ਤਿਆਰੀਆਂ ਪੂਰੀਆਂ ਕਰ ਲਈਆਂ ਹਨ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਇਕ ਪ੍ਰੈੱਸ




ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਆਉਣ ਵਾਲੀਆਂ ਚੋਣਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅਸੀਂ 2024 ਦੀਆਂ ਸੰਸਦੀ ਚੋਣਾਂ ਅਤੇ ਰਾਜ ਵਿਧਾਨ ਸਭਾ ਚੋਣਾਂ (ਓਡੀਸ਼ਾ) ਕਰਵਾਉਣ ਲਈ ਪੂਰੀ ਤਰ੍ਹਾਂ ਤਿਆਰ ਹਾਂ। ਸਾਰੀਆਂ ਤਿਆਰੀਆਂ ਲਗਭਗ ਪੂਰੀਆਂ ਹੋ ਚੁੱਕੀਆਂ ਹਨ। ਰਾਜੀਵ ਕੁਮਾਰ ਨੇ ਕਿਹਾ ਕਿ 50 ਫੀਸਦੀ ਵੋਟਿੰਗ ਕੇਂਦਰਾਂ 'ਚ ਵੈੱਬਕਾਸਟਿੰਗ ਦੀ ਸਹੂਲਤ ਹੋਵੇਗੀ। 37,809 ਵੋਟਿੰਗ ਕੇਂਦਰਾਂ 'ਚੋਂ 22,685 'ਤੇ ਵੈੱਬਕਾਸਟਿੰਗ ਦੀ ਵਿਵਸਥਾ ਕੀਤੀ ਜਾਵੇਗੀ। ਦਿਵਿਆਂਗ, ਨੌਜਵਾਨ ਅਤੇ ਔਰਤਾਂ 'ਤੇ ਮੁੱਖ ਫੋਕਸ ਰੱਖਿਆ ਜਾਵੇਗਾ। ਇਸ ਲਈ 300 ਵੋਟਿੰਗ ਕੇਂਦਰ ਹੋਣਗੇ, ਜਿਨ੍ਹਾਂ ਦਾ ਪ੍ਰਬੰਧਨ ਦਿਵਿਆਂਗਾਂ ਵਲੋਂ ਹੀ ਕੀਤਾ ਜਾਵੇਗਾ। ਦੱਸਣਯੋਗ ਹੈ ਕਿ 17ਵੀਂ ਲੋਕ ਸਭਾ ਦਾ ਕਾਰਜਕਾਲ 16 ਜੂਨ 2024 ਨੂੰ ਖਤਮ ਹੋਵੇਗਾ।

# ਅਸੀਂ ਰਾਜਨੀਤੀ ਨਹੀਂ, ਰਾਸ਼ਟਰਨੀਤੀ ਨੂੰ ਮੰਨਣ ਵਾਲੇ ਲੋਕ ਹਾਂ : ਪੀ.ਐੱਮ. ਮੋਦੀ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 18 ਫਰਵਰੀ। ਭਾਰਤੀ ਜਨਤਾ ਪਾਰਟੀ ਦਾ ਦੋ ਰੋਜਾ ਰਾਸਟਰੀ ਸੰਮੇਲਨ ਐਤਵਾਰ ਨੂੰ ਸਮਾਪਤ ਹੋ ਗਿਆ। ਇਸ ਦਾ ਆਯੋਜਨ ਦਿੱਲੀ ਦੇ ਪ੍ਰਗਤੀ ਮੈਦਾਨ ਸਥਿਤ ਭਾਰਤ ਮੰਡਪਮ 'ਚ ਕੀਤਾ ਗਿਆ। ਪੀ.ਐੱਮ. ਮੋਦੀ ਨੇ ਸਮਾਪਤੀ ਸੈਸਨ ਨੂੰ ਸੰਬੋਧਨ ਕੀਤਾ। ਪੀ.ਐੱਮ. ਮੋਦੀ ਨੇ ਆਪਣੇ ਸੰਬੋਧਨ ਦੀ ਸੁਰੂਆਤ ਜੈਨ ਸੰਨਿਆਸੀ ਵਿਦਿਆਸਾਗਰ ਨੂੰ ਸਰਧਾਂਜਲੀ ਭੇਟ ਕਰਕੇ ਕੀਤੀ। ਉਸ ਨੇ ਕਿਹਾ ਕਿ ਇਹ ਮੇਰੇ ਲਈ ਨਿੱਜੀ ਨੁਕਸਾਨ ਵਾਂਗ ਹੈ। ਮੈਂ ਉਨ੍ਹਾਂ ਨੂੰ ਸਾਲਾਂ ਦੌਰਾਨ ਕਈ ਵਾਰ ਮਿਲਿਆ। ਕੁਝ ਮਹੀਨੇ ਪਹਿਲਾਂ ਮੈਂ ਆਪਣਾ ਟੂਰ ਸਡਿਊਲ ਬਦਲਿਆ ਅਤੇ ਸਵੇਰੇ-ਸਵੇਰੇ ਉਨ੍ਹਾਂ ਨੂੰ ਮਿਲਣ ਗਿਆ ਸੀ, ਉਦੋਂ ਮੈਨੂੰ ਨਹੀਂ ਪਤਾ ਸੀ ਕਿ ਮੈਂ ਉਨ੍ਹਾਂ ਨੂੰ ਦੁਬਾਰਾ ਕਦੇ ਵੀ ਨਹੀਂ ਮਿਲਾਂਗਾ। ਅੱਜ, ਸਾਰੇ ਦੇਸਵਾਸੀਆਂ ਦੀ ਤਰਫੋਂ, ਮੈਂ ਸੰਤ ਸ੍ਰੋਮਣੀ ਆਚਾਰੀਆ ਸ੍ਰੀ 108 ਪੂਜਯ ਵਿਦਿਆਸਾਗਰ ਜੀ ਮਹਾਰਾਜ ਨੂੰ ਸਰਧਾ ਅਤੇ ਸਤਿਕਾਰ ਨਾਲ ਸਰਧਾਂਜਲੀ ਭੇਟ ਕਰਦਾ ਹਾਂ। ਇਹ ਕਹਿੰਦੇ ਹੋਏ ਪ੍ਰਧਾਨ ਮੰਤਰੀ ਭਾਵੁਕ ਹੋ ਗਏ ਅਤੇ ਕੁਝ ਸਮੇਂ ਲਈ ਆਪਣਾ ਸੰਬੋਧਨ ਰੋਕ ਦਿੱਤਾ। ਆਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਭਾਜਪਾ ਵਰਕਰਾਂ ਅਤੇ ਅਧਿਕਾਰੀਆਂ 'ਚ ਉਤਸਾਹ ਪੈਦਾ ਕਰਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਭਾਜਪਾ ਵਰਕਰ ਸਾਲ ਦੇ ਹਰ ਦਿਨ, 24 ਘੰਟੇ ਦੇਸ ਦੀ ਸੇਵਾ ਲਈ ਕੁਝ ਨਾ ਕੁਝ ਕਰਦੇ ਰਹਿੰਦੇ ਹਨ ਪਰ ਹੁਣ ਅਗਲੇ 100 ਦਿਨ ਨਵੀਂ ਊਰਜਾ, ਨਵੇਂ ਜੋਸ, ਨਵੇਂ ਆਤਮ ਵਿਸਵਾਸ ਅਤੇ ਨਵੇਂ ਉਤਸਾਹ ਨਾਲ ਕੰਮ ਕਰਨ ਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਅੱਜ 18 ਫਰਵਰੀ ਹੈ ਅਤੇ ਇਸ ਦੌਰਾਨ 18 ਸਾਲ ਦੇ ਹੋ ਚੁੱਕੇ ਨੌਜਵਾਨ ਦੇਸ ਦੀ 18ਵੀਂ ਲੋਕ ਸਭਾ ਦੀ ਚੋਣ ਕਰਨ ਜਾ ਰਹੇ ਹਨ। ਸਾਨੂੰ ਸਾਰਿਆਂ ਨੂੰ ਅਗਲੇ 100 ਦਿਨਾਂ ਲਈ ਮਿਲ ਕੇ ਕੰਮ ਕਰਨਾ ਹੈ। ਹਰ ਨਵੇਂ ਵੋਟਰ, ਹਰ ਲਾਭਪਾਤਰੀ, ਹਰ ਵਰਗ, ਸਮਾਜ, ਪੰਥ, ਪਰੰਪਰਾ ਤੱਕ ਪਹੁੰਚਣਾ ਹੈ। ਸਾਨੂੰ ਸਾਰਿਆਂ ਦਾ ਭਰੋਸਾ ਹਾਸਲ ਕਰਨਾ ਹੋਵੇਗਾ। ਜਦੋਂ ਸਾਰਿਆਂ ਦੀ ਕੋਸ਼ਿਸ਼ ਹੋਵੇਗੀ ਤਾਂ ਭਾਜਪਾ ਦੇਸ ਦੀ ਸੇਵਾ ਲਈ ਵੱਧ ਤੋਂ ਵੱਧ ਸੀਟਾਂ ਹਾਸਲ ਕਰੇਗੀ। ਇਨ੍ਹਾਂ ਦੋ ਦਿਨਾਂ ਵਿੱਚ ਜੋ ਵਿਚਾਰ-ਵਟਾਂਦਰਾ ਹੋਇਆ। ਇਹ ਉਹ ਚੀਜਾਂ ਹਨ ਜੋ ਦੇਸ ਦੇ ਉੱਜਵਲ ਭਵਿੱਖ ਲਈ ਸਾਡੇ ਸੰਕਲਪ ਨੂੰ ਮਜਬੂਤ ਕਰਦੀਆਂ ਹਨ। ਪੀ.ਐੱਮ. ਮੋਦੀ ਨੇ ਕਿਹਾ ਕਿ ਮਿਸਨ ਸਕਤੀ ਦੇਸ ਵਿੱਚ ਮਹਿਲਾ ਸਸਕਤੀਕਰਨ ਦਾ ਮਾਹੌਲ ਸਿਰਜੇਗਾ। ਰਵਾਇਤੀ ਕਲਾਵਾਂ ਨਾਲ ਜੁੜੀਆਂ ਭੈਣਾਂ ਨੂੰ ਪ੍ਰਧਾਨ ਮੰਤਰੀ ਵਿਸਵਕਰਮਾ ਯੋਜਨਾ ਦੇ ਤਹਿਤ ਸਸਕਤ ਕੀਤਾ ਜਾਵੇਗਾ। ਜੇਕਰ ਪਿੰਡ ਦੇ ਨੇੜੇ ਖੇਡਾਂ ਦਾ ਬਿਹਤਰ ਬੁਨਿਆਦੀ ਢਾਂਚਾ ਬਣਾਇਆ ਜਾਵੇ ਤਾਂ ਧੀਆਂ ਖੇਡਾਂ ਵਿੱਚ ਕਮਾਲ ਕਰਨਗੀਆਂ। ਪਿਛਲੇ 10 ਸਾਲ ਦਲੇਰਾਨਾ ਅਤੇ ਦੂਰਗਾਮੀ ਫੈਸਲਿਆਂ ਦੇ ਸਾਲ ਰਹੇ ਹਨ। ਸਦੀਆਂ ਤੋਂ ਲਟਕਿਆ ਹੋਇਆ ਕੰਮ ਪੂਰਾ ਹੋ ਗਿਆ ਹੈ। 500 ਸਾਲਾਂ ਦੀ ਉਡੀਕ ਤੋਂ ਬਾਅਦ ਬਣਿਆ ਰਾਮ ਮੰਦਰ ਸੱਤ ਦਹਾਕਿਆਂ ਦੇ ਇੰਤਜਾਰ ਤੋਂ ਬਾਅਦ ਦੇਸ ਨੂੰ ਧਾਰਾ 370 ਤੋਂ ਆਜਾਦੀ ਮਿਲੀ। ਚਾਰ ਦਹਾਕਿਆਂ ਬਾਅਦ ਸਾਨੂੰ ਵਨ ਰੈਂਕ ਵਨ ਪੈਨਸਨ ਦਾ ਤੋਹਫਾ ਮਿਲਿਆ ਹੈ। ਤਿੰਨ ਦਹਾਕਿਆਂ ਬਾਅਦ ਔਰਤਾਂ ਨੂੰ ਲੋਕ ਸਭਾ ਅਤੇ ਵਿਧਾਨ ਸਭਾ ਵਿੱਚ ਰਾਖਵਾਂਕਰਨ ਮਿਲਿਆ ਹੈ। ਦਹਾਕਿਆਂ ਤੋਂ ਨਵੀਂ ਸੰਸਦ ਭਵਨ ਦੀ ਜਰੂਰਤ ਸੀ ਅਤੇ ਅਸੀਂ ਇਸ ਨੂੰ ਪੂਰਾ ਕੀਤਾ। ਭਾਜਪਾ ਦੇ ਰਾਸਟਰੀ ਸੰਮੇਲਨ ਦੌਰਾਨ ਆਪਣੇ ਸੰਬੋਧਨ 'ਚ ਪੀ.ਐੱਮ. ਮੋਦੀ ਨੇ ਕਿਹਾ ਕਿ 'ਬਹੁਤ ਸਾਰੇ ਲੋਕ ਸਾਨੂੰ ਕਹਿੰਦੇ ਹਨ ਕਿ ਬਹੁਤ ਕੰਮ ਹੋ ਗਿਆ ਹੈ, ਹੁਣ ਥੋੜ੍ਹਾ ਆਰਾਮ ਕਰੋ ਪਰ ਅਸੀਂ ਉਨ੍ਹਾਂ ਨੂੰ ਕਹਿੰਦੇ ਹਾਂ ਕਿ ਅਸੀਂ ਰਾਜਨੀਤੀ ਕਰਨ ਨਹੀਂ, ਸਗੋਂ ਰਾਸਟਰੀ ਨੀਤੀ ਬਣਾਉਣ ਆਏ ਹਾਂ। ਸਾਡੀਆਂ ਵਿਰੋਧੀ ਪਾਰਟੀਆਂ ਭਾਵੇਂ ਸਕੀਮਾਂ ਨੂੰ ਪੂਰਾ ਕਰਨਾ ਨਹੀਂ ਜਾਣਦੀਆਂ, ਪਰ ਝੂਠੇ ਵਾਅਦੇ ਕਰਨ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਹੈ। ਅੱਜ ਇਹ ਸਾਰੀਆਂ ਸਿਆਸੀ ਪਾਰਟੀਆਂ ਵਾਅਦੇ ਕਰਨ ਤੋਂ ਡਰ ਰਹੀਆਂ ਹਨ। ਇਹ ਇੱਕ ਵਿਕਸਤ ਭਾਰਤ ਦਾ ਵਾਅਦਾ ਹੈ, ਅਤੇ ਇਹ ਸਾਡਾ ਵਾਅਦਾ ਹੈ। ਸਿਰਫ ਭਾਜਪਾ ਅਤੇ ਐਨਡੀਏ ਗਠਜੋੜ ਨੇ ਅਜਿਹਾ ਸੁਪਨਾ ਦੇਖਿਆ ਹੈ।




## ਹਰਸਿਮਰਤ ਕੌਰ ਬਾਦਲ ਦੀ ਕੇਂਦਰ ਨੂੰ ਫਟਕਾਰ, ਕਿਸਾਨ ਅੰਦੋਲਨ ਨੂੰ ਲੈ ਕੇ ਕੀਤੀ ਇਹ ਮੰਗ

ਨਵਦੀਪ ਸਿੰਘ ਸਾਹਨੀ

ਅੰਮ੍ਰਿਤਸਰ 18 ਫਰਵਰੀ। ਬੀਬਾ ਹਰਸਿਮਰਤ ਕੌਰ ਬਾਦਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪਹੁੰਚੇ। ਜਿਥੇ ਉਨ੍ਹਾਂ ਨੇ ਆਪਣੇ ਹੱਕ ਲਈ ਲੜ ਰਹੇ ਕਿਸਾਨਾਂ ਵਾਸਤੇ ਅਰਦਾਸ ਕੀਤੀ। ਇਸ ਦੌਰਾਨ ਬੀਬਾ ਹਰਸਿਮਰਤ ਕੌਰ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਆਪਣੇ ਦੇ ਵਾਅਦੇ ਤੋਂ ਮੁੱਕਰ ਕੇ ਕਿਸਾਨਾਂ ਨਾਲ ਧੋਖਾ ਕਰ ਰਹੀ ਹੈ ਤੇ ਜਦੋਂ ਅੱਜ ਕਿਸਾਨ ਆਪਣੀਆਂ ਮੰਗਾਂ ਲਈ ਮੁੜ ਤੋਂ ਸੜਕਾਂ 'ਤੇ ਉੱਤਰਿਆ ਹੈ ਤਾਂ ਸਰਕਾਰਾਂ ਉਨ੍ਹਾਂ 'ਤੇ ਤਸੱਦਦ ਕਰ ਰਹੀਆਂ ਹਨ, ਜੋ ਬਹੁਤ ਅਫਸੋਸ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਢਾਈ ਸਾਲ ਦਾ ਸਮਾਂ ਬੀਤ ਚੁੱਕਾ ਹੈ ਪਰ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਘੱਟੋ-ਘੱਟ ਸਮਰਥਨ ਮੁੱਲ 'ਤੇ ਸਬ ਕਮੇਟੀ ਬਣਾਉਂਣ ਲਈ ਵਾਅਦਾ ਕੀਤਾ ਸੀ ਜੋ ਹੁਣ ਤੱਕ ਪੂਰਾ ਨਹੀਂ ਕਰ ਰਹੀ। ਉਨ੍ਹਾਂ ਕਿਹਾ ਸਰਕਾਰ ਨੇ ਕਿਸਾਨਾਂ ਨਾਲ ਧੋਖਾ ਕੀਤਾ ਹੈ ਜਿਸ ਕਰਕੇ ਕਿਸਾਨਾਂ ਨੇ ਮੁੜ ਤੋਂ ਆਪਣੇ ਹੱਕਾਂ ਲਈ ਸੰਘਰਸ ਸੁਰੂ ਕੀਤਾ ਹੈ। ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਆਪਣੀ ਆਵਾਜ ਉਠਾਉਂਣ ਦਾ ਅਧਿਕਾਰ ਹਰ ਕਿਸੇ ਨੂੰ ਹੈ ਜੇਕਰ ਕਿਸਾਨ ਆਪਣੀ ਆਵਾਜ ਨੂੰ ਉਠਾ ਰਹੇ ਹਨ ਤਾਂ ਕੇਂਦਰ ਅਜਿਹਾ ਵਿਵਹਾਰ ਕਿਉਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੀ ਰਾਜਧਾਨੀ (ਦਿੱਲੀ) ਜਾਣ ਵਾਸਤੇ ਹਰਿਆਣਾ ਦੀ



ਜਮੀਨ ਤੋਂ ਪੰਜਾਬ ਦੇ ਕਿਸਾਨਾਂ ਦੇ ਵਾਰ ਕਰਕੇ ਰੋਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਮੌਜੂਦਾ ਹਾਲਾਤ ਇਸ ਤਰ੍ਹਾਂ ਦੇ ਬਣੇ ਹੋਏ ਹਨ ਜਿਵੇਂ ਕਿ ਚੀਨ-ਪਾਕਿਸਤਾਨ ਦੀ ਸਰਹੱਦ 'ਤੇ ਅੱਤਵਾਦੀਆਂ ਨਾਲ ਲੜਾਈ ਵਰਗੇ ਬਣੇ ਹੋਣ, ਜਿਸ 'ਚ 100 ਤੋਂ ਵੱਧ ਕਿਸਾਨ ਜਖਮੀ ਹੋਏ ਹਨ ਅਤੇ ਇਕ ਦੀ ਮੌਤ ਵੀ ਹੋ ਗਈ। ਹਰਿਆਣੇ ਵੱਲੋਂ ਪੰਜਾਬ ਦੇ ਇਲਾਕੇ ਵਿੱਚ ਡਰੋਨਾਂ ਰਾਹੀਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਜਾ ਰਹੇ ਹਨ। ਬੀਬਾ ਹਰਸਿਮਰਤ ਬਾਦਲ ਨੇ ਕਿਹਾ ਕਿ 2004 'ਚ ਕਾਂਗਰਸ ਸਰਕਾਰ ਨੇ ਸਵਾਮੀਨਾਥਨ ਰਿਪੋਰਟ ਨੂੰ ਰੱਦ ਕਰ ਦਿੱਤਾ ਸੀ ਅਤੇ ਅੱਜ ਕਹਿ ਰਹੇ ਹਨ ਕਿ ਕਿਸਾਨਾਂ ਨੂੰ ਹੱਕ ਅਸੀਂ ਦੇਵਾਂਗੇ। ਉਨ੍ਹਾਂ ਕਿਹਾ ਸਰਕਾਰਾਂ ਝੂਠੇ ਵਾਅਦੇ ਕਰਕੇ ਵੋਟਾਂ ਲੈਂਦੀ ਹੈ ਅਤੇ ਮੰਗਾਂ ਪੂਰੀਆਂ ਕਰਨ ਸਮੇਂ ਮੁਕਰ ਜਾਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਇਸ ਗੱਲ ਦਾ ਮਾਣ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਟਿਊਬਵੈੱਲ ਮੋਟਰਾਂ ਦੇ ਕੁਨੈਕਸਨ, ਮੋਟਰਾਂ ਦੇ ਮੁਫਤ ਬਿੱਲ ਆਦਿ ਸਭ ਕੁਝ ਅਕਾਲੀ ਦਲ ਦੀ ਸਰਕਾਰ ਸਮੇਂ ਹੀ ਦਿੱਤਾ ਗਿਆ। ਅਕਾਲੀ ਦਲ ਨੇ ਝੂਠੇ ਬੋਲ ਕੇ ਬਾਕੀ ਸਰਕਾਰਾਂ ਦੀ ਤਰ੍ਹਾਂ ਰਾਜਨੀਤੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ ਪੁਰਬ ਮੌਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦਾ ਵਾਅਦਾ ਵੀ ਪੂਰਾ ਨਹੀਂ ਕੀਤਾ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਅਕਾਲੀ ਦਲ ਨੇ ਤੁਹਾਡੇ ਨਾਲ 30 ਸਾਲਾ ਦਾ ਗਠਜੋੜ ਤੋੜਿਆ ਸੀ ਕਿਉਂਕਿ ਤੁਸੀਂ ਕਿਸਾਨਾਂ ਦੀ ਮੰਗਾਂ ਨੂੰ ਨਕਾਰਿਆ ਸੀ ਅਤੇ ਨਾ ਹੀ ਸਾਡੀ ਗੱਲ ਮੰਨੀ ਸੀ। ਉਨ੍ਹਾਂ ਕਿਹਾ ਅੱਜ ਫਿਰ ਬੇਨਤੀ ਕਰੇ ਰਹੇ ਹਾਂ ਕਿ ਉਹ ਦਿਨ ਦੁਬਾਰਾ ਨਾ ਆਣ ਦਿਓ ਅਤੇ ਕਿਸਾਨਾਂ ਨੂੰ ਸ਼ਹੀਦ ਹੋਣ 'ਤੇ ਮਜਬੂਰ ਨਾ ਕਰੋ। ਜੋ ਤਸ਼ੱਦਦ ਤੁਸੀਂ ਕਰ ਰਹੇ ਹੋ ਉਹ ਪੂਰੀ ਦੁਨੀਆ ਦੇਖ ਰਹੀ ਹੈ ਜੋ ਕਿ ਬਹੁਤ ਸ਼ਰਮਨਾਕ ਚੀਜ ਹੈ। ਇਸ ਦੌਰਾਨ ਉਨ੍ਹਾਂ ਕਿਹਾ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਜਲਦੀ ਹੀ ਕਿਸਾਨਾਂ ਦਾ ਮਸਲਾ ਹੱਲ ਹੋ ਜਾਵੇਗਾ ਅਤੇ ਉਮੀਦ ਹੈ ਕਿ ਕੱਲ ਐਤਵਾਰ ਨੂੰ ਮੀਟਿੰਗ ਹੋਵੇਗੀ ਉਸ ਵਿਚ ਸਾਰੇ ਮਸਲੇ ਹੱਲ ਹੋ ਜਾਣਗੇ।

## ਮੰਤਰੀ ਮੰਡਲ ਵਿਸਤਾਰ 'ਤੇ ਕਾਂਗਰਸ ਵਿਧਾਇਕਾਂ 'ਚ ਅਸੰਤੋਸ਼, ਵਿਧਾਨ ਸਭਾ ਸੈਸਨ ਦਾ ਬਾਈਕਾਟ ਕਰਨ ਦੀ ਦਿੱਤੀ ਧਮਕੀ

ਰਾਂਚੀ, 18 ਫਰਵਰੀ। ਝਾਰਖੰਡ 'ਚ ਚੰਪਈ ਸੋਰੇਨ ਦੀ ਅਗਵਾਈ ਵਾਲੀ ਝਾਰਖੰਡ ਮੁਕਤੀ ਮੋਰਚਾ (ਜੇ. ਐੱਮ. ਐੱਮ.) ਸਰਕਾਰ ਵਿਚ ਕਾਂਗਰਸ ਦੇ 4 ਵਿਧਾਇਕਾਂ ਨੂੰ ਮੰਤਰੀ ਬਣਾਏ ਜਾਣ ਨੂੰ ਲੈ ਕੇ ਪਾਰਟੀ ਵਿਧਾਇਕਾਂ ਦੇ ਇਕ ਵਰਗ 'ਚ ਭਾਰੀ ਅਸੰਤੋਸ਼ ਹੈ। ਕਾਂਗਰਸ ਦੇ ਘੱਟੋ-ਘੱਟ 12 ਵਿਧਾਇਕਾਂ ਨੇ ਧਮਕੀ ਦਿੱਤੀ ਹੈ ਕਿ ਜੇਕਰ ਪਾਰਟੀ ਦੇ ਕੋਟੇ ਦੇ ਮੰਤਰੀਆਂ ਨੂੰ ਬਦਲਿਆ ਨਹੀਂ ਗਿਆ ਤਾਂ ਉਹ 23 ਫਰਵਰੀ ਤੋਂ ਸ਼ੁਰੂ ਹੋ ਰਹੇ ਵਿਧਾਨ ਸਭਾ ਸੈਸਨ ਦਾ ਬਾਈਕਾਟ ਕਰਨਗੇ ਅਤੇ ਜੈਪੁਰ ਚਲੇ ਜਾਣਗੇ। ਜੇ. ਐੱਮ. ਐੱਮ. ਦੀ ਅਗਵਾਈ ਵਾਲੇ ਗੱਠਜੋੜ ਕੋਲ 81 ਮੈਂਬਰੀ ਵਿਧਾਨ ਸਭਾ ਵਿਚ 47 ਵਿਧਾਇਕ (ਜੇ. ਐੱਮ. ਐੱਮ. ਦੇ 29, ਕਾਂਗਰਸ ਦੇ 17 ਅਤੇ ਰਾਸਟਰੀ ਜਨਤਾ ਦਲ (ਆਰ. ਜੇ. ਡੀ.) ਦਾ ਇਕ) ਹਨ। ਆਲਮਗੀਰ ਆਲਮ, ਵਿਚ ਹੰਗਾਮਾ ਕੀਤਾ ਸੀ।

## ਨਿਆਂਪਾਲਿਕਾ ਤੇ ਕਾਰਜਪਾਲਿਕਾ 'ਚ ਕੁਝ ਮਤਭੇਦ ਹੋਣੇ ਚੰਗੀ ਗੱਲ : ਜਸਟਿਸ ਕੌਲ

ਨਵੀਂ ਦਿੱਲੀ 18 ਫਰਵਰੀ। ਸੁਪਰੀਮ ਕੋਰਟ ਦੇ ਸਾਬਕਾ ਜੱਜ ਸੰਜੇ ਕਿਸਨ ਕੌਲ ਨੇ ਕਿਹਾ ਹੈ ਕਿ ਨਿਆਂਪਾਲਿਕਾ ਅਤੇ ਕਾਰਜਪਾਲਿਕਾ ਵਿਚਾਲੇ ਕੁਝ ਮਤਭੇਦ ਹੋਣੇ ਚੰਗੀ ਗੱਲ ਹੈ ਕਿਉਂਕਿ ਇੰਝ ਹੋਣ ਨਾਲ ਲੋਕਰਾਜ 'ਚ ਕੰਟਰੋਲ ਅਤੇ ਸੰਤੁਲਨ ਬਣਿਆ ਰਹਿੰਦਾ ਹੈ। ਸੰਸਦ ਮੈਂਬਰਾਂ ਨੂੰ 'ਸੰਸਦ ਰਤਨ ਪੁਰਸਕਾਰ' ਪ੍ਰਦਾਨ ਕਰਨ ਲਈ ਸ਼ਨੀਵਾਰ ਆਯੋਜਿਤ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਜਸਟਿਸ ਕੌਲ ਨੇ ਕਿਹਾ ਕਿ ਸੰਵਿਧਾਨ 'ਚ ਲੋਕਤੰਤਰ 'ਚ ਚੈੱਕ ਅਤੇ ਬੈਲੇਂਸ ਦਾ ਜ਼ਿਕਰ ਕੀਤਾ ਗਿਆ ਹੈ। ਇਸ ਅਧੀਨ ਇਕ ਪ੍ਰਸਾਸਨ, ਇਕ ਵਿਧਾਨ ਸਭਾ ਅਤੇ ਇਕ ਅਦਾਲਤ ਦੀ ਵਿਵਸਥਾ ਕੀਤੀ ਗਈ ਹੈ। ਜਸਟਿਸ ਕੌਲ ਨੇ ਇੱਕ ਸਾਬਕਾ ਚੀਫ ਜਸਟਿਸ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਥੋੜ੍ਹੇ-ਬਹੁਤ ਮਤਭੇਦ ਚੰਗੇ ਹਨ ਪਰ ਜੇ ਨਿਆਂਪਾਲਿਕਾ ਤੇ ਕਾਰਜਪਾਲਿਕਾ ਵਿਚਾਲੇ ਚੀਜਾਂ ਬਹੁਤ ਚੰਗੀਆਂ ਨਹੀਂ ਹਨ ਤਾਂ ਸਾਡੇ ਲਈ ਇਹ ਇੱਕ ਸਮੱਸਿਆ ਹੈ।

## ਲੋਕਤੰਤਰ ਸੂਚਕਾਂਕ 'ਚ ਪੰਜ ਸਥਾਨ ਵਧਿਆ ਭਾਰਤ

ਨਵੀਂ ਦਿੱਲੀ 18 ਫਰਵਰੀ। ਅਰਥ ਸਾਸਤਰੀ ਇੰਟੈਲੀਜੈਂਸ ਯੂਨਿਟ ਦੁਆਰਾ ਦੁਨੀਆ ਵਿਚ ਲੋਕਤੰਤਰ ਦੀ ਸਥਿਤੀ ਬਾਰੇ ਡੈਮੋਕਰੇਸੀ ਇੰਡੈਕਸ 2023 ਦੀ ਰਿਪੋਰਟ ਜਾਰੀ ਕੀਤੀ ਗਈ ਹੈ। ਭਾਰਤ ਪਿਛਲੇ ਸਾਲ ਦੇ ਮੁਕਾਬਲੇ ਪੰਜ ਅੰਕਾਂ ਦੇ ਸੁਧਾਰ ਨਾਲ ਸੂਚਕਾਂਕ ਵਿਚ 41ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਸਾਲ 2022 ਵਿੱਚ ਇਸ ਦਾ ਰੈਂਕ 46ਵਾਂ ਸੀ। ਇਸ ਸੂਚਕਾਂਕ ਵਿੱਚ, ਦੇਸਾਂ ਨੂੰ ਚਾਰ ਸ੍ਰੇਣੀਆਂ ਵਿੱਚ ਰੱਖਿਆ ਗਿਆ ਹੈ: ਫੁੱਲ ਡੈਮੋਕਰੇਸੀ, ਫਲੱਡ ਡੈਮੋਕਰੇਸੀ, ਹਾਈਬ੍ਰਿਡ ਸਾਸਨ ਅਤੇ ਤਾਨਾਸਾਹੀ ਸਾਸਨ। ਸੂਚਕਾਂਕ ਵਿਚ ਨਾਰਵੇ, ਨਿਊਜੀਲੈਂਡ ਅਤੇ ਆਈਸਲੈਂਡ ਸਿਖਰ 'ਤੇ ਹਨ, ਜਦਕਿ ਉੱਤਰੀ ਕੋਰੀਆ, ਮਿਆਂਮਾਰ ਅਤੇ ਅਫਗਾਨਿਸਤਾਨ ਨੇ ਹੇਠਲੇ ਤਿੰਨ ਸਥਾਨਾਂ 'ਤੇ ਕਬਜਾ ਕੀਤਾ ਹੈ। ਭਾਰਤ ਸੰਯੁਕਤ ਰਾਜ ਅਮਰੀਕਾ ਨੂੰ ਨਵੇਂ ਲੋਕਤੰਤਰਾਂ ਦੀ ਇਸ ਸੂਚੀ ਵਿੱਚ ਸਾਮਲ ਕੀਤਾ ਗਿਆ ਹੈ ਜਿਨ੍ਹਾਂ ਨੇ ਆਰਥਕ ਆਰਥਿਕ ਵਿਕਾਸ ਦਰਸਾਇਆ ਹੈ ਅਤੇ ਵਿਸਵ ਆਰਥਿਕ ਸਕਤੀ ਵਿੱਚ ਤਬਦੀਲੀ ਨੂੰ ਦਰਸਾਇਆ ਹੈ। ਇਸ ਨੂੰ 7.8 ਦੇ ਸਕੋਰ ਨਾਲ 41ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਗੁਆਂਢੀ ਦੇਸ ਚੀਨ 2.12 ਦੇ ਸਕੋਰ ਨਾਲ 148ਵੇਂ ਸਥਾਨ 'ਤੇ ਹੈ। ਇਸ ਦੇ ਨਾਲ ਹੀ ਪਾਕਿਸਤਾਨ ਵਿੱਚ ਲੋਕਤੰਤਰ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਪਾਕਿਸਤਾਨ ਨੂੰ ਤਾਨਾਸਾਹੀ ਸਾਸਨ ਦੀ ਸ੍ਰੇਣੀ ਵਿੱਚ ਰੱਖਿਆ ਗਿਆ ਹੈ। ਪਹਿਲਾਂ ਇਹ ਹਾਈਬ੍ਰਿਡ ਸਾਸਨ ਵਿੱਚ ਸੀ।

## ਗਰਭਵਤੀ ਔਰਤਾਂ ਨੂੰ ਲੈ ਕੇ ਪੰਜਾਬ ਸਰਕਾਰ ਦਾ ਵੱਡਾ ਐਲਾਨ

ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ 18 ਫਰਵਰੀ। ਪੰਜਾਬ ਸਰਕਾਰ ਵੱਲੋਂ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਚਾਲੂ ਵਿੱਤੀ ਸਾਲ ਦੌਰਾਨ 25 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਲਗਾਤਾਰ ਕਾਰਜਸੀਲ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਸੂਬੇ 'ਚ ਚਾਲੂ ਵਿੱਤੀ ਸਾਲ ਦੌਰਾਨ ਕੁੱਲ 52229 ਔਰਤ ਲਾਭਪਾਤਰੀਆਂ ਨੂੰ 25 ਕਰੋੜ ਵੰਡੇ ਜਾ ਚੁੱਕੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰ ਵੱਲੋਂ 19 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਪਹਿਲੇ ਜੀਵਤ ਬੱਚੇ ਦੇ ਜਨਮ 'ਤੇ 5000/- ਰੁਪਏ ਦੋ ਕਿਸਤਾਂ ਵਿੱਚ (ਰੁਪਏ 3000+2000) ਅਤੇ ਦੂਜਾ ਬੱਚਾ ਕੁੜੀ ਪੈਦਾ ਹੋਣ 'ਤੇ 6000/- ਰੁਪਏ ਦਿੱਤੇ ਜਾਂਦੇ ਹਨ। ਇਹ ਰਾਸ਼ੀ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਤਹਿਤ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਦਿੱਤੀ ਜਾਂਦੀ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਔਰਤਾਂ ਨੂੰ



ਅੰਸ਼ਕ ਮੁਆਵਜਾ ਪ੍ਰਦਾਨ ਕਰਕੇ ਮਾਂ ਤੇ ਬੱਚੇ ਦੇ ਪੋਸਣ ਅਤੇ ਤੰਦਰੁਸਤੀ 'ਚ ਸੁਧਾਰ ਕਰਨਾ ਹੈ। ਮੰਤਰੀ ਨੇ ਦੱਸਿਆ ਕਿ ਮਾਤਰੂ ਵੰਦਨਾ ਯੋਜਨਾ ਅਧੀਨ ਮਾਰਚ 2024 ਤੱਕ ਘੱਟੋ-ਘੱਟ 98036 ਲਾਭਪਾਤਰੀਆਂ ਦੇ ਫਾਰਮ ਭਰਨ ਦਾ ਟੀਚਾ ਰੱਖਿਆ ਗਿਆ ਸੀ, ਜਿਹੜਾ ਕਿ ਵਿਭਾਗ ਵੱਲੋਂ ਨਵੰਬਰ 2023 ਤੱਕ ਹੀ ਪੂਰਾ ਕਰ ਲਿਆ ਸੀ ਅਤੇ ਜਨਵਰੀ 2024 ਤੱਕ ਲਗਭਗ 1 ਲੱਖ 16 ਹਜਾਰ ਔਰਤਾਂ ਲਾਭਪਾਤਰੀਆਂ ਦੇ ਫਾਰਮ ਭਰੇ ਜਾ ਚੁੱਕੇ ਹਨ। ਮੰਤਰੀ ਨੇ ਕਿਹਾ ਕਿ ਇਸ ਯੋਜਨਾ ਦਾ ਉਦੇਸ਼ ਸੂਬੇ 'ਚ ਜਨਮ ਸਮੇਂ ਲੜਕੀਆਂ ਦੇ ਘੱਟ ਰਹੇ ਲਿੰਗ ਅਨੁਪਾਤ 'ਚ ਸੁਧਾਰ ਕਰਨਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਦੇ ਸਾਰੇ ਆਂਗਣਵਾੜੀ ਸੈਂਟਰਾਂ 'ਚ ਆਂਗਣਵਾੜੀ ਵਰਕਰਾਂ ਵੱਲੋਂ ਇਸ ਵਿੱਤੀ ਸਹਾਇਤਾ ਲਈ ਫਾਰਮ ਭਰੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ/ ਡਾਕਖਾਨੇ ਖਾਤਿਆਂ 'ਚ ਕੀਤੀ ਜਾਂਦੀ ਹੈ, ਜੋ ਆਧਾਰ ਕਾਰਡ ਨਾਲ ਜੁੜਿਆ ਹੋਣਾ ਲਾਜਮੀ ਹੈ। ਡਾ. ਬਲਜੀਤ ਕੌਰ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਦੇ ਯੋਗ ਲਾਭਪਾਤਰੀਆਂ ਦੇ ਫਾਰਮ ਭਰੇ ਜਾਣ ਅਤੇ ਇਨ੍ਹਾਂ ਲਾਭਪਾਤਰੀਆਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਇਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਵਧੇਰੇ ਜਾਣਕਾਰੀ ਲਈ ਲਾਭਪਾਤਰੀ ਆਪਣੇ ਜ਼ਿਲ੍ਹੇ ਦੇ ਆਂਗਣਵਾੜੀ ਸੈਂਟਰ/ਦਫ਼ਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਅਤੇ ਦਫ਼ਤਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨਾਲ ਸੰਪਰਕ ਕਰ ਸਕਦੇ ਹਨ।



# ਇਕੱਠਿਆਂ ਹੋਇਆ ਸਸਕਾਰ, ਪੋਸਟਮਾਸਟਰ ਵੱਲੋਂ ਪਰਿਵਾਰ ਨੂੰ ਖਤਮ ਕਰਨ ਦੇ ਮਾਮਲੇ 'ਚ ਹੈਰਾਨੀਜਨਕ ਗੱਲ ਆਈ ਸਾਹਮਣੇ

ਜਲੰਧਰ 18 ਫਰਵਰੀ। ਜਲੰਧਰ ਵਿਖੇ ਪਿੰਡ ਡਰੋਲੀ ਖੁਰਦ ਵਿੱਚ ਇਕੋ ਪਰਿਵਾਰ ਦੇ ਪੰਜ ਜੀਆਂ ਦੀ ਮੌਤ ਦੇ ਮਾਮਲੇ ਦੇ ਪੁਲਸ ਨੇ ਜਾਂਚ ਤੇਜ ਕਰ ਦਿੱਤੀ ਹੈ। ਪੁਲਸ ਮਨਮੋਹਨ ਸਿੰਘ ਦਾ ਮੋਬਾਇਲ ਫੋਨ ਜਬਤ ਕਰਕੇ ਉਸ ਦੀ ਫੋਰੈਂਸਿਕ ਜਾਂਚ ਕਰਵਾ ਰਹੀ ਹੈ, ਕਿਉਂਕਿ ਮਨਮੋਹਨ ਦੀ ਮੌਤ ਤੋਂ ਬਾਅਦ ਪੁਲਸ ਕੋਲ ਅਜਿਹੇ ਇਨਪੁਟ ਆਉਣੇ ਸ਼ੁਰੂ ਹੋ ਗਏ ਹਨ ਕਿ ਉਹ ਇਕ ਵੱਡੇ ਘਪਲੇ ਦਾ ਸੂਤਰ ਆਧਾਰ ਬਣ ਚੁੱਕੇ ਸਨ ਪਰ ਡਾਕਖਾਨੇ ਵਿੱਚੋਂ ਸਿਰਫ 29 ਹਜਾਰ ਰੁਪਏ ਦਾ ਹੀ ਕੈਸ਼ ਮਿਲਿਆ ਹੈ। ਪੁਲਸ ਸੂਤਰਾਂ ਤੋਂ ਪਤਾ ਲਗਾ ਰਹੀ ਹੈ ਕਿ ਮਨਮੋਹਨ ਨੇ 3 ਫੀਸਦੀ ਵਿਆਜ ਦਾ ਲਾਲਚ ਦੇ ਕੇ ਲੋਕਾਂ ਤੋਂ ਵੱਡੀ ਰਕਮ ਲਈ ਸੀ। ਇਹ ਰਕਮ 2 ਕਰੋੜ ਰੁਪਏ ਤੋਂ ਵੱਧ ਹੋ ਸਕਦੀ ਹੈ। ਸੁਸਾਈਡ ਨੋਟ 'ਚ ਮਨਮੋਹਨ ਨੇ ਕਰਜੇ ਦੀ ਗੱਲ ਕੀਤੀ ਹੈ। ਪੁਲਸ ਦੋ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ ਕਿ ਮਨਮੋਹਨ ਨੇ ਜਨਤਾ ਤੋਂ ਇਕੱਠੇ ਕੀਤੇ ਪੈਸਿਆਂ ਨਾਲ ਕਰਜਾ ਚੁਕਾਇਆ ਹੈ ਜਾਂ ਫਿਰ ਕੋਈ ਪੈਸਾ ਹੜਪਿਆ ਹੈ। ਸਵਾਲ ਇਹ ਹੈ ਕਿ ਕਰਜੇ 'ਚ ਡੁੱਬੇ ਮਨਮੋਹਨ ਨੇ ਡੇਢ ਸਾਲ ਪਹਿਲਾਂ ਆਪਣੇ ਬੇਟੇ ਨੂੰ ਆਸਟ੍ਰੇਲੀਆ ਕਿਵੇਂ ਭੇਜਿਆ ਸੀ। ਉਨ੍ਹਾਂ ਦੇ ਸੁਸਾਈਡ ਨੋਟ ਨੂੰ ਫੋਰੈਂਸਿਕ ਜਾਂਚ ਲਈ ਭੇਜਿਆ ਜਾ ਰਿਹਾ ਹੈ। ਉਥੇ ਹੀ ਦੂਜੇ ਪਾਸੇ ਪੋਸਟਮਾਰਟਮ ਦੌਰਾਨ 3 ਸਾਲਾ ਅਮਨਦੀਪ ਕੌਰ ਦੀ ਦਰਦਨਾਕ ਮੌਤ ਦਾ ਸੱਚ ਸਾਹਮਣੇ



ਆਇਆ ਹੈ। ਅਮਨਦੀਪ ਦਾ ਗਲਾ ਘੁੱਟਿਆ ਗਿਆ ਸੀ ਅਤੇ ਗਰਦਨ ਟੁੱਟਣ ਕਾਰਨ ਉਸ ਮਾਸੂਮ ਦੀ ਮੌਤ ਹੋ ਗਈ ਸੀ। ਮਨਮੋਹਨ ਦੇ ਗਲੇ 'ਤੇ ਰੱਸੀ ਦੇ ਨਿਸਾਨ ਮਿਲੇ ਹਨ। ਉਨ੍ਹਾਂ ਦੀ ਲਾਸ ਫਾਹੇ ਨਾਲ ਲਟਕਦੀ ਮਿਲੀ ਸੀ। ਮਨਮੋਹਨ ਨੇ ਖੁਦਕੁਸੀ ਕਰ ਲਈ ਸੀ। ਇਸੇ ਤਰ੍ਹਾਂ ਦੇ ਨਿਸਾਨ ਉਨ੍ਹਾਂ ਦੀ ਪਤਨੀ ਸਰਬਜੀਤ ਕੌਰ, ਬੇਟੀ ਪ੍ਰਭਜੋਤ ਕੌਰ ਅਤੇ ਗੁਰਪ੍ਰੀਤ ਕੌਰ ਦੇ ਗਲੇ 'ਤੇ ਪਾਏ ਗਏ ਹਨ। ਮੌਤ ਤੋਂ ਪਹਿਲਾਂ ਮਨਮੋਹਨ ਨੇ ਦੋਹਤੀ, ਦੋ ਧੀਆਂ ਅਤੇ ਪਤਨੀ ਨੂੰ ਦਵਾਈ ਦਿੱਤੀ ਸੀ ਜਾਂ ਨਹੀਂ, ਇਸ ਦਾ ਰਾਜ ਜਾਣਨ ਲਈ ਹਰ ਕਿਸੇ ਦੇ ਵਿਸਰੇ ਨੂੰ ਕੈਮੀਕਲ ਟੈਸਟਿੰਗ ਲਈ ਭੇਜਿਆ ਜਾ ਰਿਹਾ ਹੈ। ਜੇਕਰ ਵਿਸਰਾ ਦੀ ਜਾਂਚ 'ਚ ਬੇਹੋਸੀ ਦੀ ਦਵਾਈ ਨਹੀਂ ਮਿਲਦੀ ਤਾਂ ਮਾਮਲਾ ਸਾਫ ਹੋ ਜਾਵੇਗਾ ਕਿ ਮਨਮੋਹਨ ਨੇ ਅਖੀਰ 'ਚ ਖੁਦਕੁਸੀ ਕੀਤੀ ਸੀ ਅਤੇ ਬਾਕੀਆਂ ਨੇ ਪਹਿਲਾਂ ਖੁਦਕੁਸੀ ਕੀਤੀ ਸੀ। ਐੱਸ. ਐੱਚ. ਓ. ਮਨਜੀਤ ਰੰਧਾਵਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੋਈ ਸ?ਿਕਾਇਤ ਨਹੀਂ ਮਿਲੀ ਕਿ ਮਨਮੋਹਨ ਨੇ ਠੱਗੀ ਮਾਰੀ ਹੈ। ਉਥੇ ਹੀ ਮਨਮੋਹਨ ਸਿੰਘ, ਪਤਨੀ ਸਰਬਜੀਤ ਕੌਰ ਅਤੇ ਬੇਟੀ ਗੋਪੀ ਦਾ ਅੰਤਿਮ ਸੰਸਕਾਰ ਮੰਗਲਵਾਰ ਨੂੰ ਜਲੰਧਰ ਦੇ ਪਿੰਡ ਡਰੋਲੀ ਖੁਰਦ ਵਿੱਚ ਕੀਤਾ ਗਿਆ। ਡੇਢ ਵਜੇ ਦੇ ਕਰੀਬ ਲਾਸਾਂ ਪਿੰਡ ਪਹੁੰਚੀਆਂ। ਇਸ ਦੇ ਨਾਲ ਹੀ ਜੋਤੀ ਅਤੇ ਉਸ ਦੀ ਮਾਸੂਮ ਧੀ ਅਮਨ ਦਾ ਅੰਤਿਮ ਸੰਸਕਾਰ ਜਵਾਈ ਸਰਬਜੀਤ ਸਿੰਘ ਵੱਲੋਂ ਉਨ੍ਹਾਂ ਦੇ ਪਿੰਡ ਵਿੱਚ ਹੀ ਕੀਤਾ ਜਾਣਾ ਸੀ। ਮਨਮੋਹਨ ਸਿੰਘ ਵੱਲੋਂ ਲੋਕਾਂ ਤੋਂ ਪੈਸੇ ਲੈ ਕੇ ਜਾਰੀ ਕੀਤੀਆਂ ਰਸੀਦਾਂ ਨੂੰ ਲੋਕ ਵਿੱਤ ਅਤੇ ਡਾਕਖਾਨੇ ਨਾਲ ਜੁੜੇ ਲੋਕਾਂ ਨੂੰ ਵਿਖਾ ਰਹੇ ਹਨ। ਜਰਨੈਲ ਸਿੰਘ ਦਾ ਕਹਿਣਾ ਹੈ ਕਿ ਆਦਮਪੁਰ ਦੇ ਵੱਡੇ ਡਾਕਖਾਨੇ ਵਿੱਚ ਰਸੀਦਾਂ ਵਿਖਾਈਆਂ ਗਈਆਂ ਸਨ। ਉਥੋਂ ਪਤਾ ਲੱਗਾ ਕਿ ਇਹ ਫਾਇਨਾਂਸ ਸਕੀਮ ਡਾਕਖਾਨੇ ਦੀ ਨਹੀਂ ਹੈ।

## ਮਹਾਰਾਸ਼ਟਰ ਦੇ ਠਾਣੇ 'ਚ ਹੋਈ ਰੇਵ ਪਾਰਟੀ, ਪੁਲਸ ਨੇ ਨਸ਼ੀਲੇ ਪਦਾਰਥ ਬਰਾਮਦ ਕਰ 97 ਲੋਕ ਲਏ ਹਿਰਾਸਤ 'ਚ

ਠਾਣੇ 18 ਫਰਵਰੀ। ਮਹਾਰਾਸ਼ਟਰ ਦੇ ਠਾਣੇ ਸ਼ਹਿਰ 'ਚ ਐਤਵਾਰ ਸਵੇਰੇ ਪੁਲਸ ਨੇ ਰੇਵ ਪਾਰਟੀ 'ਤੇ ਛਾਪੇਮਾਰੀ ਕਰ ਕੇ 97 ਲੋਕਾਂ ਨੂੰ ਹਿਰਾਸਤ 'ਚ ਲਿਆ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਅਪਰਾਧ ਸ਼ਾਖਾ ਦੀ ਵਾਗਲੇ ਅਸਟੇਟ-5 ਅਤੇ ਭਿਵੰਡੀ-2 ਇਕਾਈਆਂ ਦੇ ਅਧਿਕਾਰੀਆਂ ਨੇ ਤੜਕੇ ਕਰੀਬ 3 ਵਜੇ ਵਡਾਵਲੀ ਕ੍ਰੀਕ ਨੇੜੇ ਇਕ ਦੂਰ-ਦੁਰਾਡੇ ਦੇ ਇਲਾਕੇ 'ਚ ਖੁੱਲ੍ਹੀ ਥਾਂ 'ਤੇ ਕੀਤੀ ਜਾ ਰਹੀ ਰੇਵ ਪਾਰਟੀ 'ਤੇ ਛਾਪੇਮਾਰੀ ਕੀਤੀ। ਪੁਲਸ ਦੇ ਡਿਪਟੀ ਕਮਿਸ਼ਨਰ (ਅਪਰਾਧ)



ਸ਼ਿਵਰਾਜ ਪਾਟਿਲ ਨੇ ਦੱਸਿਆ ਕਿ 5 ਔਰਤਾਂ ਸਮੇਤ ਘੱਟ ਤੋਂ ਘੱਟ 97 ਲੋਕ ਰੇਵ ਪਾਰਟੀ ਕਰਦੇ ਪਾਏ ਗਏ, ਜਿਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਰੇਵ ਪਾਰਟੀ ਦੇ ਪ੍ਰਬੰਧਕਾਂ ਤੇਜਸ ਕੁਬਲ (23) ਅਤੇ ਸੁਜਲ ਮਹਾਜਨ (19) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਅਧਿਕਾਰੀ ਨੇ ਦੱਸਿਆ ਕਿ ਪਾਰਟੀ ਵਾਲੀ ਥਾਂ ਤੋਂ ਪੁਲਸ ਨੇ 70 ਗ੍ਰਾਮ ਚਰਸ, 0.41 ਗ੍ਰਾਮ ਐੱਲ.ਐੱਸ.ਡੀ., 2.10 ਗ੍ਰਾਮ ਐਕਸਟਸੀ ਗੋਲੀਆਂ, 200 ਗ੍ਰਾਮ ਗਾਂਜਾ ਅਤੇ ਸ਼ਰਾਬ ਸਮੇਤ 21 ਮੋਟਰਸਾਈਕਲ ਵੀ ਜ਼ਬਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਖ਼?ਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।

## ਸਾਲ 2023 'ਚ ਔਰਤਾਂ ਵਿਰੁੱਧ 28,811 ਮਾਮਲੇ ਹੋਏ ਦਰਜ, ਸਭ ਤੋਂ ਵੱਧ ਸ਼ਿਕਾਇਤਾਂ ਉੱਤਰ ਪ੍ਰਦੇਸ਼ ਤੋਂ

ਨਵੀਂ ਦਿੱਲੀ 18 ਫਰਵਰੀ। ਰਾਸ਼ਟਰੀ ਮਹਿਲਾ ਕਮਿਸ਼ਨ (ਐੱਨ.ਸੀ.ਡਬਲਿਊ.) ਨੂੰ ਪਿਛਲੇ ਸਾਲ ਔਰਤਾਂ ਵਿਰੁੱਧ ਅਪਰਾਧਾਂ ਦੀਆਂ 28,811 ਸ਼ਿਕਾਇਤਾਂ ਮਿਲੀਆਂ ਅਤੇ ਇਨ੍ਹਾਂ 'ਚੋਂ ਲਗਭਗ 55 ਫੀਸਦੀ ਉੱਤਰ ਪ੍ਰਦੇਸ਼ ਤੋਂ ਸਨ। ਐੱਨ.ਸੀ.ਡਬਲਿਊ. ਅੰਕੜਿਆਂ ਮੁਤਾਬਕ ਸਭ ਤੋਂ ਵੱਧ ਸ਼ਿਕਾਇਤਾਂ ਮਾਣ-ਸਨਮਾਨ ਦੇ ਅਧਿਕਾਰ ਦੀ ਸ਼੍ਰੇਣੀ ਵਿਚ ਪ੍ਰਾਪਤ ਹੋਈਆਂ, ਜਿਨ੍ਹਾਂ ਵਿਚ ਘਰੇਲੂ ਹਿੰਸਾ ਤੋਂ ਇਲਾਵਾ ਪ੍ਰੇਸ਼ਾਨ ਕਰਨਾ ਵੀ ਸ਼ਾਮਲ ਹੈ। ਅਜਿਹੀਆਂ ਸ਼ਿਕਾਇਤਾਂ ਦੀ ਗਿਣਤੀ 8,540 ਸੀ। ਇਸ ਤੋਂ




ਬਾਅਦ ਘਰੇਲੂ ਹਿੰਸਾ ਦੀਆਂ 6,274 ਸ਼ਿਕਾਇਤਾਂ ਮਿਲੀਆਂ। ਅੰਕੜਿਆਂ ਮੁਤਾਬਕ 4,797 ਸ਼ਿਕਾਇਤਾਂ ਦਾਜ ਦੀਆਂ, 2,349 ਛੇੜਛਾੜ ਦੀਆਂ, 1,618 ਔਰਤਾਂ ਪ੍ਰਤੀ ਪੁਲਸ ਉਦਾਸੀਨਤਾ ਦੀਆਂ ਅਤੇ 1,537 ਜਬਰ-ਜ਼ਨਾਹ ਦੀਆਂ ਕੋਸ਼ਿਸ਼ਾਂ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਕਮਿਸ਼ਨ ਮੁਤਾਬਕ ਜਿਨਸੀ ਸ਼ੋਸ਼ਣ ਦੀਆਂ 805, ਸਾਈਬਰ ਅਪਰਾਧਾਂ ਦੀਆਂ 605, ਪਿੱਛਾ ਛੁਡਾਉਣ ਦੀਆਂ 472 ਅਤੇ ਆਨਰ ਅਪਰਾਧ ਦੀਆਂ 409 ਸ਼ਿਕਾਇਤਾਂ ਦਰਜ ਹੋਈਆਂ ਹਨ। ਅੰਕੜਿਆਂ ਮੁਤਾਬਕ ਸਭ ਤੋਂ ਵੱਧ 16,109 ਸ਼ਿਕਾਇਤਾਂ ਉੱਤਰ ਪ੍ਰਦੇਸ਼ ਤੋਂ ਪ੍ਰਾਪਤ ਹੋਈਆਂ, ਇਸ ਤੋਂ ਬਾਅਦ ਦਿੱਲੀ ਤੋਂ 2,411 ਅਤੇ ਮਹਾਰਾਸ਼ਟਰ ਤੋਂ 1,343 ਸ਼ਿਕਾਇਤਾਂ ਪ੍ਰਾਪਤ ਹੋਈਆਂ। ਸਾਲ 2022 ਤੋਂ ਬਾਅਦ ਸ਼ਿਕਾਇਤਾਂ ਦੀ ਗਿਣਤੀ ਵਿਚ ਕਮੀ ਦੇਖੀ ਗਈ ਹੈ ਜਦੋਂ 30,864 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜੋ ਕਿ 2014 ਤੋਂ ਬਾਅਦ ਸਭ ਤੋਂ ਵੱਧ ਅੰਕੜਾ ਸੀ।

# ਭਾਰਤ ਸਰਕਾਰ ਦਾ 2030 ਤੱਕ 2 ਅਰਬ ਟਨ ਕੋਲਾ ਸਟੋਰ ਕਰਨ ਦਾ ਟੀਚਾ

ਨਵੀਂ ਦਿੱਲੀ 18 ਫਰਵਰੀ। ਕੇਂਦਰ ਸਰਕਾਰ 2030-32 ਤੱਕ ਘਰੇਲੂ ਥਰਮਲ ਕੋਲੇ ਦੇ ਭੰਡਾਰ 1.8 ਤੋਂ 2.5 ਅਰਬ ਟਨ (ਬੀਟੀ) ਬਣਾਉਣ ਦੀ ਯੋਜਨਾ ਬਣਾ ਰਹੀ ਹੈ। ਕੋਲਾ ਮੰਤਰਾਲੇ ਦੀ ਅੰਦਰੂਨੀ ਯੋਜਨਾ ਮੁਤਾਬਕ ਇਸ ਮਿਆਦ ਤੋਂ ਬਾਅਦ ਕੋਲਾ ਉਤਪਾਦਨ ਘੱਟੋ-ਘੱਟ ਇਕ ਦਹਾਕੇ ਤੱਕ ਯਥਾ-ਸਥਿਤੀ 'ਤੇ ਬੰਦ ਰਹੇਗਾ। ਹਾਲਾਂਕਿ, ਭਾਰਤ ਨੇ ਕੋਲੇ ਦੇ ਉਤਪਾਦਨ ਅਤੇ ਇਸਦੀ ਵਰਤੋਂ ਲਈ ਕਿਸੇ ਵੀ ਵਿਸ਼ਵ ਸਮਝੌਤੇ 'ਤੇ ਦਸਤਖ਼ਤ ਨਹੀਂ ਕੀਤੇ ਹਨ। ਕੋਲਾ ਮੰਤਰਾਲੇ ਦੇ ਅਨੁਮਾਨ ਮੁਤਾਬਕ 2030 ਤੱਕ ਥਰਮਲ ਕੋਲੇ ਦੀ ਮੰਗ 1.5 ਤੋਂ 1.8 ਅਰਬ ਟਨ ਹੋਵੇਗੀ। ਅਧਿਕਾਰੀਆਂ ਮੁਤਾਬਕ ਅਚਾਨਕ ਵਧੀ ਮੰਗ ਨੂੰ ਪੂਰਾ ਕਰਨ ਲਈ 0.5 ਤੋਂ 1.0 ਅਰਬ ਟਨ ਦੇ ਵਾਧੂ ਭੰਡਾਰ ਦੀ ਯੋਜਨਾ ਬਣਾਈ ਗਈ ਹੈ। ਮੰਤਰਾਲਾ ਇਸ ਗੱਲ ਨੂੰ ਵੀ ਧਿਆਨ ਵਿਚ ਰੱਖ ਰਿਹਾ ਹੈ ਕਿ ਜੇਕਰ ਨਵਿਆਉਣਯੋਗ ਊਰਜਾ (ਆਰ.ਈ.) ਸਰੋਤ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਵਿਚ ਅਸਮਰੱਥ ਹੁੰਦੇ ਹਨ ਤਾਂ ਥਰਮਲ ਕੋਲੇ ਦੀ ਮੰਗ 'ਤੇ ਪੈਣ ਵਾਲੇ ਪ੍ਰਭਾਵ ਨੂੰ ਧਿਆਨ ਵਿਚ ਰੱਖਦੇ ਹਨ। ਇਕ ਸੀਨੀਅਰ ਅਧਿਕਾਰੀ ਨੇ ਕਿਹਾ, 'ਭਾਵੇਂ ਨਵਿਆਉਣਯੋਗ ਊਰਜਾ ਦੇ ਸਰੋਤ



2030 ਤੱਕ 500 ਗੀਗਾਵਾਟ ਦਾ ਟੀਚਾ ਹਾਸਲ ਕਰ ਲੈਂਦੇ ਹਨ, ਫਿਰ ਵੀ ਬੁਨਿਆਦੀ ਊਰਜਾ ਸਰੋਤਾਂ ਦੀ ਲੋੜ ਹੋਵੇਗੀ। ਪਹਿਲਾਂ ਇਹ ਅਨੁਮਾਨ ਲਗਾਇਆ ਗਿਆ ਸੀ ਕਿ ਇਸ ਦਹਾਕੇ ਦੇ ਅੰਤ ਤੱਕ ਅਨੁਮਾਨਿਤ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ 1.5 ਬੀਟੀ ਕੋਲੇ ਦੀ ਲੋੜ ਸੀ। ਹਾਲਾਂਕਿ, ਇਸ ਸਾਲ ਮੰਗ ਸਾਰੇ ਅਨੁਮਾਨਾਂ ਤੋਂ ਇਕ ਪਾਸੇ ਹੋ ਗਈ ਹੈ, ਜਿਸ ਕਾਰਨ ਵਾਧੂ ਸਮਰੱਥਾ ਦਾ ਨਿਰਮਾਣ ਕੀਤਾ ਜਾਣਾ ਚਾਹੀਦੈ। ਇਸ ਸਾਲ, ਬਿਜਲੀ ਦੀ ਸਭ ਤੋਂ ਵੱਧ ਮੰਗ 240 ਗੀਗਾਵਾਟ ਸੀ। ਸੂਤਰਾਂ ਮੁਤਾਬਕ ਮੰਤਰਾਲਾ ਨਿੱਜੀ ਅਤੇ ਵਪਾਰਕ ਖਾਣਾਂ ਤੋਂ 30 ਫ਼ੀਸਦੀ ਤੱਕ ਕੋਲਾ ਉਤਪਾਦਨ ਦਾ ਅਨੁਮਾਨ ਲਗਾ ਰਿਹਾ ਹੈ। ਇਸ ਸਾਲ ਮੰਤਰਾਲੇ ਨੇ ਨਵੰਬਰ ਵਿੱਚ ਇੱਕ ਜਨਤਕ ਬਿਆਨ ਵਿੱਚ ਕਿਹਾ ਸੀ ਕਿ ਉਹ 2027 ਤੱਕ 1.4 ਬੀਟੀ ਕੋਲਾ ਭੰਡਾਰ ਅਤੇ 2030 ਤੱਕ 1.5 ਬੀਟੀ ਕੋਲਾ ਭੰਡਾਰ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ। ਹਾਲਾਂਕਿ, ਅਧਿਕਾਰੀਆਂ ਨੇ ਕਿਹਾ ਕਿ 2030 ਤੋਂ 2040 ਤੱਕ 'ਆਜ਼ਾਦ ਉਪਲਬਧ ਕੋਲਾ ਭੰਡਾਰ' ਲਈ ਇੱਕ ਯੋਜਨਾ ਤਿਆਰ ਕੀਤੀ ਗਈ ਹੈ। ਇਸ ਦਾ ਕਾਰਨ ਇਹ ਹੈ ਕਿ ਬਿਜਲੀ ਦੀ ਮੰਗ ਵਿੱਚ ਅਚਾਨਕ ਵਾਧਾ ਹੋਣ ਕਾਰਨ ਵੱਖ-ਵੱਖ ਰਾਜ ਨਵੇਂ ਥਰਮਲ ਪਾਵਰ ਯੂਨਿਟ ਲਗਾਉਣ ਜਾਂ ਮੌਜੂਦਾ ਯੂਨਿਟਾਂ ਦਾ ਵਿਸਥਾਰ ਕਰਨ ਜਾ ਰਹੇ ਹਨ।

## ਆਦਮਪੁਰ-ਹੁਸ਼ਿਆਰਪੁਰ ਰੋਡ 'ਤੇ ਵਾਪਰਿਆ ਹਾਦਸਾ, ਦੋ ਗੱਡੀਆਂ ਦੀ ਹੋਈ ਜ਼ਬਰਦਸਤ ਟੱਕਰ

ਆਦਮਪੁਰ 18 ਫਰਵਰੀ। ਆਦਮਪੁਰ-ਹੁਸ਼ਿਆਰਪੁਰ ਰੋਡ 'ਤੇ ਬਿਜਲੀ ਘਰ ਦੇ ਸਾਹਮਣੇ ਖੜ੍ਹੀ ਗੱਡੀ ਵਿਚ ਤੇਜ਼ ਰਫ਼ਤਾਰ ਆਈ ਕਾਰ ਨੇ ਪਿੱਛੋਂ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ 2 ਵਿਅਕਤੀ ਜ਼ਖ਼ਮੀ ਹੋਏ ਅਤੇ ਦੋਵੇ ਕਾਰਾਂ ਨੁਕਸਾਨੀਆਂ ਗਈਆਂ। ਆਦਮਪੁਰ ਬਿਜਲੀ ਵਿਭਾਗ ਵਿਚ ਤਾਇਨਾਤ ਜੇ. ਈ. ਸਤਨਾਮ ਸਿੰਘ ਨੇ ਦੱਸਿਆ ਕਿ ਬਿਜਲੀ ਵਿਭਾਗ ਦੇ ਕਰਮਚਾਰੀਆਂ ਵੱਲੋਂ ਨਵੇਂ ਸਾਲ ਦੀ ਆਮਦ 'ਤੇ ਮੇਨ ਸੜਕ 'ਤੇ ਚਾਹ ਦਾ ਲੰਗਰ ਲਗਾਇਆ ਹੋਇਆ ਸੀ ਅਤੇ ਮੈਂ ਵੀ ਆਪਣੀ ਗੱਡੀ ਨੰਬਰ ਪੀ. ਬੀ. 02ਸੀ. ਈ. 1027 ਨੂੰ ਇਕ ਸਾਈਡ 'ਤੇ ਖੜ੍ਹਾ ਕਰਕੇ ਆਪ ਦਫ਼ਤਰ ਅੰਦਰ ਚਲਾ ਗਿਆ, ਜਿਸ 'ਤੇ ਥੋੜ੍ਹੀ ਦੇਰ ਬਾਅਦ ਜਲੰਧਰ ਤੋਂ ਹੁਸ਼ਿਆਰਪੁਰ ਵੱਲ ਤੇਜ਼ ਰਫ਼ਤਾਰ ਆ ਰਹੀ ਗੱਡੀ ਪੀ. ਬੀ. 072 ਬੀ. 3889 ਦੇ



ਡਰਾਈਵਰ ਆਪਣੀ ਗੱਡੀ ਦਾ ਸੰਤੁਲਨ ਖੋਹ ਬੈਠਾ, ਜਿਸ ਕਰਕੇ ਗੱਡੀ ਖੜ੍ਹੀ ਗੱਡੀ ਵਿਚ ਜਾ ਮਾਰੀ ਅਤੇ ਖੜ੍ਹੀ ਗੱਡੀ ਪੁੱਲੀ ਵਿਚ ਜਾ ਵੱਜੀ। ਇਸ ਹਾਦਸੇ ਦੌਰਾਨ ਚਾਹ ਵਰਤਾ ਰਹੇ ਲੋਕਾਂ ਵਿਚ ਹਫ਼ੜਾ-ਦਫ਼ੜੀ ਪੈ ਗਈ। ਦੋ ਤਿੰਨ ਵਿਅਕਤੀ ਪੁੱਲੀ ਤੋਂ ਥੱਲੇ ਜਾ ਡਿੱਗੇ, ਜਿਨ੍ਹਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਬਾਕੀ ਲੋਕਾਂ ਨੇ ਨੱਠ ਕੇ ਆਪਣੀ ਜਾਨ ਬਚਾਈ। ਇਸ ਹਾਦਸੇ ਦੌਰਾਨ ਕਾਰ ਵਿਚ ਸਵਾਰ ਵਿਅਕਤੀ ਪਿੱਛੇ ਆ ਰਹੀ ਇਨੋਵਾ ਗੱਡੀ ਵਿਚ ਸਵਾਰ ਹੋ ਕੇ ਫਰਾਰ ਹੋ ਗਏ। ਇਸ ਹਾਦਸੇ ਦੌਰਾਨ ਦੋਵਾਂ ਗੱਡੀਆਂ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਆਦਮਪੁਰ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਪਰ ਅਜੇ ਤੱਕ ਕਾਰ ਚਾਲਕਾਂ ਦਾ ਕੋਈ ਪਤਾ ਨਹੀਂ ਲੱਗਾ।

# ਸਰਹੱਦੀ ਖ਼ੇਤਰ ਵਿਖੇ ਮੋਟਰਸਾਇਕਲ ਰਿਪੇਅਰ ਦੀ ਦੁਕਾਨ ਨੂੰ ਲੱਗੀ ਭਿਆਨਕ ਅੱਗ

ਬਮਿਆਲ/ਦੀਨਾਨਗਰ 18 ਫਰਵਰੀ। ਸਰਹੱਦੀ ਖੇਤਰ ਨਰੋਟ ਜੈਮਲ ਸਿੰਘ ਵਿਖੇ ਬੱਸ ਸਟੈਂਡ ਨੇੜੇ ਇਕ ਆਟੋ ਮੋਬਾਈਲ ਦੀ ਦੁਕਾਨ ਨੂੰ ਅੱਗ ਲੱਗਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦੇ ਹੋਏ ਦੁਕਾਨ ਮਾਲਕ ਅਰਪਨ ਨੇ ਦੱਸਿਆ ਕਿ ਸ਼ਾਮ ਸਾਢੇ 6 ਵਜੇ ਦੇ ਕਰੀਬ ਉਹ ਆਪਣੀ ਦੁਕਾਨ ਬੰਦ ਕਰਕੇ ਘਰ ਚਲਾ ਗਿਆ। ਕਰੀਬ ਅੱਧੇ ਘੰਟੇ ਬਾਅਦ ਗੁਆਂਢੀ ਦੁਕਾਨਦਾਰ ਨੇ ਫੋਨ 'ਤੇ ਦੱਸਿਆ ਕਿ ਉਸ ਦੀ ਦੁਕਾਨ ਨੂੰ ਅੱਗ ਲੱਗ ਗਈ ਹੈ ਪਰ ਜਦੋਂ ਮੈਂ ਪਹੁੰਚਿਆ ਤਾਂ ਅੱਗ ਇੰਨੀ ਭਿਆਨਕ ਸੀ ਕਿ ਸਭ ਕੁਝ ਅੰਦਰ ਪਿਆ ਸਾਮਾਨ ਸੜਕੇ ਸੁਆਹ ਹੋ ਚੁੱਕਾ ਸੀ। ਦੁਕਾਨਦਾਰ ਨੇ ਦੱਸਿਆ ਕਿ ਅੰਦਰ ਪਿਆ ਮੋਟਰਸਾਈਕਲ ਅਤੇ ਸਪੇਅਰ ਪਾਰਟਸ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ। ਜਿਸ ਕਾਰਨ ਮੇਰਾ ਕਰੀਬ 4 ਲੱਖ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ ਪਰ ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਬਾਰੇ ਕੋਈ ਪਤਾ ਨਹੀਂ ਲੱਗ ਸਕਿਆ । ਉਧਰ ਦੂਜੇ ਪਾਸੇ ਮਾਰਕੀਟ ਦੇ ਦੁਕਾਨਦਾਰ ਦਾ ਕਹਿਣਾ ਹੈ ਕਿ ਜੇਕਰ ਇਲਾਕੇ ਵਿੱਚ ਇੱਕ ਵੀ ਫਾਇਰ ਬ੍ਰਿਗੇਡ ਦੀ ਗੱਡੀ ਹੁੰਦੀ ਤਾਂ ਇਸ ਹਾਦਸੇ ਨੂੰ ਰੋਕਿਆ ਜਾ ਸਕਦਾ ਸੀ। ਪੀੜਤ ਦੁਕਾਨਦਾਰ ਨੇ ਪ੍ਰਸ਼ਾਸਨ ਤੋਂ ਮਦਦ ਦੀ ਗੁਹਾਰ ਲਗਾਈ ਹੈ ।

# ਰਾਇਲ ਐਨਫੀਲਡ ਨੂੰ ਖ਼ਰਾਬ ਮੋਟਰਸਾਈਕਲ ਵੇਚਣਾ ਪਿਆ ਮਹਿੰਗਾ, ਹੁਣ ਗਾਹਕ ਨੂੰ ਦੇਵੇਗਾ ਇੰਨਾ ਮੁਆਵਜ਼ਾ

ਨਵੀਂ ਦਿੱਲੀ 18 ਫਰਵਰੀ। ਏਰਨਾਕੁਲਮ (ਕੇਰਲ) ਵਿਚ ਖਪਤਕਾਰ ਵਿਵਾਦ ਫੋਰਮ ਵਲੋਂ ਇਕ ਅਹਿਮ ਫ਼ੈਸਲੇ ਵਿਚ ਇਕ ਖਪਤਕਾਰ ਥਾਮਸ ਐੱਨ. ਵੀ. ਨੂੰ ਖ਼ਰਾਬ ਮੋਟਰਸਾਈਕਲ ਵੇਚਣ 'ਤੇ ਰਾਇਲ ਐਨਫੀਲਡ ਨੂੰ 1,75,467 ਰੁਪਏ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਗਿਆ ਹੈ। ਕੰਪਨੀ ਨੂੰ ਫੋਰਮ ਨੇ ਅਣਉਚਿੱਤ ਵਪਾਰ ਪ੍ਰਥਾਵਾਂ ਅਤੇ ਸੇਵਾ 'ਚ ਕਮੀਆਂ ਕਾਰਨ ਇਹ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ। ਸ਼ਿਕਾਇਤਕਰਤਾ ਥਾਮਸ ਐੱਨ. ਵੀ. ਨੇ ਦੱਸਿਆ ਕਿ ਉਸ ਨੇ 2013 'ਚ ਸੇਂਟ ਮੈਰੀਜ਼ ਮੋਟਰਜ਼ ਤੋਂ ਇਕ ਰਾਇਲ ਐਨਫੀਲਡ ਮੋਟਰਸਾਈਕਲ (ਕਲਾਸਿਕ 350 ਸੀ. ਸੀ.) ਬੁੱਕ ਕੀਤਾ ਸੀ। ਭਰੋਸੇ ਅਤੇ ਕਈ ਬੇਨਤੀਆਂ ਦੇ ਬਾਵਜੂਦ ਡੀਲਰਸ਼ਿਪ ਦਿੱਤੇ ਗਏ ਸਮੇਂ 'ਤੇ ਮੋਟਰਸਾਈਕਲ ਦੇਣ ਵਿਚ ਅਸਫਲ ਰਿਹਾ। ਉਸ ਨੂੰ ਕੁੱਝ ਸਮੇਂ ਬਾਅਦ ਇਕ ਖ਼ਰਾਬ ਮੋਟਰਸਾਈਕਲ ਦੇ ਦਿੱਤਾ। ਉਸ ਨੇ ਦੱਸਿਆ ਕਿ ਖਰੀਦਣ ਤੋਂ ਇਕ ਹਫ਼ਤੇ ਦੇ ਅੰਦਰ ਹੀ ਉਸ ਵਿਚ ਖ਼ਰਾਬੀ ਆ ਗਈ। ਇਸ ਨਾਲ ਉਸ ਨੂੰ ਮਾਨਸਿਕ ਅਤੇ ਵਿੱਤੀ ਪ੍ਰੇਸ਼ਾਨੀ ਹੋਈ। ਵਾਰ-ਵਾਰ ਸ਼ਿਕਾਇਤ ਕਰਨ 'ਤੇ ਉਸ ਦੀ ਪ੍ਰੇਸ਼ਾਨੀ ਦਾ ਹੱਲ ਨਹੀਂ ਨਿਕਲਿਆ। ਪ੍ਰੇਸ਼ਾਨ ਹੋ




ਕੇ ਉਸ ਨੇ ਫੋਰਮ ਦਾ ਦਰਵਾਜ਼ਾ ਖੜਕਾਇਆ। ਖਪਤਕਾਰ ਵਿਵਾਦ ਹੱਲ ਫੋਰਮ ਦੇ ਮੁਖੀ ਡੀ. ਬੀ. ਬਿਨੁ ਅਤੇ ਮੈਂਬਰ ਅਤੇ ਰਾਮਚੰਦਰਨ ਵੀ. ਅਤੇ ਸ਼?ਰੀ ਵਿੱਦਿਆ ਟੀ. ਐੱਨ. ਨੇ ਕਿਹਾ ਕਿ ਸ਼ਿਕਾਇਤਕਰਤਾ ਨੂੰ ਵਾਰ-ਵਾਰ ਮੋਟਰਸਾਈਕਲ ਵਿਚ ਖ਼ਰਾਬੀ ਦਾ ਸਾਹਮਣਾ ਕਰਨਾ ਪਿਆ ਅਤੇ ਮੁਰੰਮਤ ਦੀ ਲਾਗਤ ਦਾ ਖਾਮੀਆਜ਼ਾ ਭੁਗਤਣਾ ਪਿਆ। ਕੰਪਨੀ ਨੂੰ ਨੋਟਿਸ ਮਿਲਣ ਦੇ ਬਾਵਜੂਦ ਰਾਇਲ ਐਨਫੀਲਡ ਮੋਟਰਜ਼ ਲਿਮਟਿਡ ਅਤੇ ਸੇਂਟ ਮੈਰੀਜ਼ ਮੋਟਰਜ਼ ਸਮੇਤ ਵਿਰੋਧੀ ਧਰ ਨਿਰਧਾਰਿਤ ਸਮਾਂ ਹੱਦ ਦੇ ਅੰਦਰ ਦੋਸ਼ਾਂ ਦਾ ਵਿਰੋਧ ਕਰਨ 'ਚ ਅਸਫਲ ਰਹੇ। ਫੋਰਮ ਨੇ ਵਿਰੋਧੀ ਪੱਖਾਂ ਨੂੰ ਇਕ ਮਹੀਨੇ ਦੇ ਅੰਦਰ ਵਾਹਨ ਦੀ ਕੀਮਤ, ਰਜਿਸਟ?ਰੇਸ਼ਨ, ਟੈਕਸ ਅਤੇ ਬੀਮਾ ਫ਼ੀਸ ਸਮੇਤ 1,60,467 ਰੁਪਏ ਵਾਪਸ ਕਰਨ ਦਾ ਹੁਕਮ ਦਿੱਤਾ। ਇਸ ਤੋਂ ਇਲਾਵਾ ਦੋਵੇਂ ਵਿਰੋਧੀ ਪਾਰਟੀਆਂ ਨੂੰ ਅਣਉਚਿੱਤ ਵਪਾਰ ਪ੍ਰਥਾਵਾਂ ਅਤੇ ਸੇਵਾ ਵਿਚ ਕਮੀ ਕਾਰਨ ਹੋਈ ਮਾਨਸਿਕ ਪ੍ਰੇਸ਼ਾਨੀ ਅਤੇ ਔਖਿਆਈ ਲਈ ਮੁਆਵਜ਼ੇ ਵਜੋਂ 10,000 ਰੁਪਏ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ।

## ਹਜ਼ਾਰਾਂ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਮਿੱਥ ਕੇ ਕਤਲ ਕਰਨਾ ਲੋਕਤੰਤਰ ਦੇ ਨਾਂ 'ਤੇ ਕਾਲਾ ਧੱਬਾ

ਅੰਮ੍ਰਿਤਸਰ 18 ਫਰਵਰੀ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਬੀਤੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਥੇਦਾਰ ਕਾਉਂਕੇ ਦੀ ਪਤਨੀ ਬੀਬੀ ਗੁਰਮੇਲ ਕੌਰ ਸਮੇਤ ਵੱਡੀ ਗਿਣਤੀ ਵਿਚ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਹੋਈਆਂ। ਇਸ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਕਰੀਬ 31 ਸਾਲ ਪਹਿਲਾਂ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਸ਼ਹਾਦਤ ਤਤਕਾਲੀ ਸਰਕਾਰ ਦੇ ਅਣਮਨੁੱਖੀ ਕਾਰੇ ਦੀ ਸਿਖ਼ਰ ਸੀ। ਇਸ ਦੌਰ ਵਿਚ ਹਜ਼ਾਰਾਂ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਮਿਥ ਕੇ ਕਤਲ ਕਰਨਾ ਲੋਕਤੰਤਰ ਦੇ ਨਾਂ 'ਤੇ ਕਾਲਾ ਧੱਬਾ ਹੈ, ਜਿਸ ਨੂੰ ਕਦੇ ਧੋਤਾ ਨਹੀਂ ਜਾ ਸਕਦਾ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਕੌਮੀ ਸ਼ਹੀਦ ਦਾ ਸਨਮਾਨ ਦੇਣ ਵਾਸਤੇ ਵਿਚਾਰ ਕਰਨ।

# 80 ਸਾਲਾ ਬਜ਼ੁਰਗ ਨਾਲ ਹੋ ਗਈ ਜੱਗੋਂ ਤੇਰ੍ਹਵੀਂ, ਅਨੋਖੇ ਢੰਗ ਨਾਲ ਬਣਿਆ ਠੱਗੀ ਦਾ ਸ਼ਿਕਾਰ

ਟਾਂਡਾ ਉੜਮੁੜ 18 ਫਰਵਰੀ। ਇਕ ਸ਼ਾਤਰ ਦਿਮਾਗ ਠੱਗ ਜੋੜੇ ਨੇ ਸੋਨੇ ਦੇ ਸਿੱਕੇ ਸਸਤੇ ਭਾਅ 'ਤੇ ਵੇਚਣ ਦਾ ਝਾਂਸਾ ਦੇ ਕੇ ਦਾਰਾਪੁਰ ਰੋਡ ਟਾਂਡਾ ਨਿਵਾਸੀ ਬਜ਼ੁਰਗ ਤੋਂ 4 ਲੱਖ 20 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਠੱਗੀ ਦਾ ਸ਼ਿਕਾਰ ਹੋਏ ਬਜ਼ੁਰਗ ਰਣਜੀਤ ਸਿੰਘ ਪੁੱਤਰ ਗੁਰਦਾਸ ਸਿੰਘ ਵਾਸੀ ਦਾਰਾਪੁਰ ਰੋਡ ਟਾਂਡਾ ਨੇ ਟਾਂਡਾ ਪੁਲਸ ਨੂੰ ਆਪਣੀ ਸ਼ਿਕਾਇਤ ਦੇ ਕੇ ਮਦਦ ਦੀ ਗੁਹਾਰ ਲਗਾਈ ਹੈ। ਰਣਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਦਾਰਾਪੁਰ ਰੋਡ 'ਤੇ ਬਾਬਾ ਬੂਟਾ ਭਗਤ ਮਾਰਕੀਟ ਨੇੜੇ ਲੱਕੜ ਦਾ ਆਰਾ ਹੈ। ਕਰੀਬ ਇਕ ਮਹੀਨਾ ਪਹਿਲਾਂ ਉਸ ਕੋਲ ਇਕ ਵਿਅਕਤੀ ਅਤੇ ਇਕ ਔਰਤ ਆਪਣੇ-ਆਪ ਨੂੰ ਨੇੜਲੇ ਦਾਨਾਮੰਡੀ ਦੇ ਵਸਨੀਕ ਦੱਸ ਕੇ ਆਉਣ ਲੱਗੇ ਅਤੇ ਉਹ ਕਈ ਦਿਨਾਂ ਤੋਂ ਉਸ ਕੋਲੋਂ ਲੱਕੜਾਂ ਖਰੀਦਣ ਲਈ ਆਉਂਦੇ ਰਹੇ। ਇਸ ਦੌਰਾਨ ਉਸ ਨੇ ਉਸ ਨੂੰ ਸੋਨੇ ਦਾ ਇਕ ਛੋਟਾ ਸਿੱਕਾ ਦਿਖਾਉਂਦੇ ਹੋਏ ਕਿਹਾ ਕਿ ਉਸ ਕੋਲ ਅਜਿਹੇ ਕਈ ਸਿੱਕੇ ਹਨ, ਜਿਨ੍ਹਾਂ ਨੂੰ



ਉਹ ਸਸਤੇ ਮੁੱਲ 'ਤੇ ਵੇਚਣਾ ਚਾਹੁੰਦਾ ਹੈ। ਰਣਜੀਤ ਸਿੰਘ ਉਨ੍ਹਾਂ ਦੀਆਂ ਗੱਲਾਂ ਵਿੱਚ ਉਲਝ ਗਿਆ ਤੇ ਝਾਂਸੇ 'ਚ ਆ ਗਿਆ। ਇਸ ਦੌਰਾਨ ਜੋੜੇ ਨੇ ਉਸ ਨੂੰ 9 ਦਿਨ ਪਹਿਲਾਂ ਟੈਸਟ ਕਰਵਾਉਣ ਲਈ ਸਿੱਕਾ ਦਿੱਤਾ। ਜਦੋਂ ਉਸ ਨੇ ਸੁਨਿਆਰੇ ਕੋਲੋਂ ਸਿੱਕਾ ਚੈੱਕ ਕਰਵਾਇਆ ਤਾਂ ਇਹ ਸੋਨੇ ਦਾ ਨਿਕਲਿਆ ਅਤੇ ਇਸ ਦੀ ਕੀਮਤ 8 ਹਜ਼ਾਰ ਦੇ ਕਰੀਬ ਪਾਈ ਗਈ। ਜਦੋਂ ਇਸ ਜੋੜੇ ਨੇ ਉਸ ਨੂੰ ਉਹੀ ਸਿੱਕੇ ਸਿਰਫ 500 ਰੁਪਏ ਵਿਚ ਖਰੀਦਣ ਦੀ ਪੇਸ਼ਕਸ਼ ਕੀਤੀ ਤਾਂ ਰਣਜੀਤ ਸਿੰਘ ਉਨ੍ਹਾਂ ਦੇ ਜਾਲ ਵਿਚ ਫ਼ਸ ਗਿਆ ਅਤੇ ਉਨ੍ਹਾਂ ਵੱਲੋਂ ਦੱਸੀ ਜਗ?ਹਾ ਦੇ ਨੇੜੇ ਭੋਗਪੁਰ ਸ਼ੂਗਰ ਮਿੱਲ ਕੋਲ ਸਿੱਕੇ ਖਰੀਦਣ ਲਈ ਪਹੁੰਚ ਗਿਆ। ਉਥੇ ਮੌਜੂਦ ਜੋੜੇ ਨੇ ਉਸ ਨੂੰ ਕਰੀਬ ਇਕ ਕਿੱਲੋ ਸਿੱਕੇ ਦਿੱਤੇ ਅਤੇ 4 ਲੱਖ 20 ਹਜ਼ਾਰ ਰੁਪਏ ਲੈ ਕੇ ਬਾਕੀ ਰਕਮ ਵੇਚਣ ਤੋਂ ਬਾਅਦ ਦੇਣ ਲਈ ਕਿਹਾ। ਦੋਵੇਂ ਰਣਜੀਤ ਸਿੰਘ ਤੋਂ ਪੈਸੇ ਲੈ ਕੇ ਰਫੂਚੱਕਰ ਹੋ ਗਏ। ਰਣਜੀਤ ਸਿੰਘ ਨੇ ਦੱਸਿਆ ਕਿ ਠੱਗੀ ਮਾਰਨ ਵਾਲੇ ਨੇ ਆਪਣਾ ਨਾਂ ਮੋਹਨ ਦੱਸਿਆ ਸੀ। ਜਦੋਂ ਉਸ ਨੇ ਟਾਂਡਾ ਆ ਕੇ ਸੁਨਿਆਰੇ ਨੂੰ ਸਿੱਕੇ ਦਿਖਾਏ ਤਾਂ ਉਹ ਨਕਲੀ ਨਿਕਲੇ। ਧੋਖਾਧੜੀ ਹੋਣ ਤੋਂ ਬਾਅਦ ਜਦੋਂ ਉਸ ਨੇ ਧੋਖਾਧੜੀ ਕਰਨ ਵਾਲੇ ਲੋਕਾਂ ਨੂੰ ਫੋਨ ਕੀਤਾ ਤਾਂ ਉਨ੍ਹਾਂ ਦੇ ਫੋਨ ਬੰਦ ਨਿਕਲੇ।

## ਦੁਨੀਆ ਦੀ ਫੈਕਟਰੀ ਕਹੇ ਜਾਣ ਵਾਲੇ ਚੀਨ ਦੀ ਅਰਥਵਿਵਸਥਾ ਡਾਵਾਂਡੋਲ

ਬੈਂਕਾਕ 18 ਫਰਵਰੀ। ਜਦੋਂ ਤੋਂ ਕੋਰੋਨਾ ਮਹਾਮਾਰੀ ਦੀ ਸ਼ੁਰੂਆਤ ਹੋਈ, ਉਦੋਂ ਤੋਂ ਹੀ ਚੀਨ ਦੀ ਅਰਥਵਿਵਸਥਾ ਲਈ ਲਗਾਤਾਰ ਬੁਰੀਆਂ ਖਬਰਾਂ ਆਈਆਂ ਹਨ। ਤਾਜਾ ਅੰਕੜਾ ਮੈਨੂਫੈਕਚਰਿੰਗ ਪੀ. ਐੱਮ. ਆਈ. ਦਾ ਹੈ। ਦੁਨੀਆ ਦੀ ਫੈਕਟਰੀ ਕਹੇ ਜਾਣ ਵਾਲੇ ਚੀਨ 'ਚ ਹੁਣ ਕੰਮਕਾਜ ਦੀ ਰਫਤਾਰ ਤੇ ਨਹੀਂ ਰਹੀ ਹੈ। ਦਸੰਬਰ ਮਹੀਨੇ ਵਿਚ ਚੀਨ ਦੀਆਂ ਨਿਰਮਾਣ ਗਤੀਵਿਧੀਆਂ 'ਚ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦੇ ਨਾਲ ਹੀ ਦੁਨੀਆ ਦੀ ਇਹ ਨੰਬਰ-2 ਅਰਥਵਿਵਸਥਾ ਹੁਣ ਵੀ ਸੁਸਤ ਬਣੀ ਹੋਈ ਹੈ। ਚੀਨੀ ਫੈਕਟਰੀ ਮੈਨੇਜਰਸ ਦੇ ਇਕ ਸਰਵੇ ਤੋਂ ਇਹ ਜਾਣਕਾਰੀ ਸਾਹਮਣੇ ਆਈ ਹੈ। ਚੀਨ ਦੇ ਨੈਸ਼ਨਲ ਸਟੈਟਿਕਸ ਬਿਆਨ ਵਲੋਂ ਜਾਰੀ ਅੰਕੜਿਆਂ ਮੁਤਾਬਕ ਅਧਿਕਾਰਕ ਨਿਰਮਾਣ ਖਰੀਦ ਪ੍ਰਬੰਧਕ ਸੂਚਕ ਅੰਕ ਜਾਂ ਮੈਨੂਫੈਕਚਰਿੰਗ ਪੀ. ਐੱਮ. ਆਈ. ਦਸੰਬਰ 'ਚ ਡਿਗ ਕੇ 49 'ਤੇ ਆ ਗਈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਸੁਸਤ ਮੰਗ ਦਾ ਸੰਕੇਤ ਹੈ। ਸੂਚਕ ਅੰਕ ਵਿਚ 100 'ਚੋਂ 50 ਤੋਂ ਹੇਠਾਂ ਦਾ ਅੰਕੜਾ ਮੈਨੂਫੈਕਚਰਿੰਗ ਐਕਟੀਵਿਟੀਜ 'ਚ ਕਾਂਟ੍ਰੈਕਸ਼ਨ ਨੂੰ ਦਿਖਾਉਂਦਾ ਹੈ ਜਦ ਕਿ 50 ਤੋਂ ਉੱਪਰ ਦਾ ਅੰਕੜਾ ਵਿਸਤਾਰ ਨੂੰ ਦਿਖਾਉਂਦਾ ਹੈ। ਇਹ ਸੂਚਕ ਅੰਕ ਪਿਛਲੇ 9 ਮਹੀਨਿਆਂ 'ਚੋਂ 8 ਵਾਰ ਡਿਗਿਆ ਹੈ। ਸਿਰਫ ਸਤੰਬਰ ਮਹੀਨੇ ਵਿਚ ਇਸ 'ਚ ਵਾਧਾ ਹੋਇਆ ਸੀ। ਨਵੰਬਰ 'ਚ ਇਹ 49.4 ਅਤੇ ਅਕਤੂਬਰ ਵਿਚ 49.5 ਸੀ। ਸੰਸਾਰਿਕ ਮਹਾਮਾਰੀ ਤੋਂ ਬਾਅਦ ਲੰਬੇ ਸਮੇਂ ਤੱਕ ਕਮਜੋਰ ਪਈ ਚੀਨ ਦੀ ਅਰਥਵਿਵਸਤਾ ਦੇ ਕਰੀਬ 5.2 ਫੀਸਦੀ ਸਾਲਾਨਾ ਗ੍ਰੋਥ ਨਾਲ ਵਧਣ ਦੀ ਉਮੀਦ ਹੈ। ਅਧਿਕਾਰਕ ਸਮਾਚਾਰ ਏਜੰਸੀ ਸ਼ਿਨਹੁਆ ਮੁਤਾਬਕ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੇ ਨਵੇਂ ਸਾਲ ਦੇ ਭਾਸ਼ਣ 'ਚ ਕਿਹਾ ਕਿ ਦੇਸ਼ ਦੀ ਅਰਥਵਿਵਸਥਾ ਪਹਿਲਾਂ ਨਾਲੋਂ ਵੱਧ ਲਚਕੀਲੀ ਅਤੇ ਗਤੀਸ਼ੀਲ ਬਣ ਗਈ ਹੈ। ਦੁਨੀਆ ਭਰ ਦੇ ਕੇਂਦਰੀ ਬੈਂਕਾਂ ਵਲੋਂ ਮਹਿੰਗਾਈ ਨਾਲ ਨਜਿੱਠਣ ਲਈ ਵਿਆਜ ਦਰਾਂ ਵਧਾਉਣ ਨਾਲ ਤਿਆਰ ਵਸਤਾਂ ਦੀ ਗਲੋਬਲ ਮੰਗ ਪ੍ਰਭਾਵਿਤ ਹੋਈ ਹੈ। ਨੈਸ਼ਨਲ ਸਟੈਟਿਕਸ ਬਿਊਰੋ ਮੁਤਾਬਕ ਦਸੰਬਰ ਵਿਚ ਚੀਨ ਦਾ ਗੈਰ-ਨਿਰਮਾਣ ਪੀ. ਐੱਮ. ਆਈ. ਵਧ ਕੇ 50.4 ਹੋ ਗਿਆ। ਉੱਥੇ ਹੀ ਸਰਵਿਸ ਸੈਕਟਰ ਦਾ ਪੀ. ਐੱਮ. ਆਈ. ਉੱਪ-ਸੂਚਕ ਅੰਕ 49.3 ਰਿਹਾ।

# ਛੱਪੜ 'ਚੋਂ ਮਿਲੇ ਭਰੂਣ ਦੇ ਮਾਮਲੇ 'ਚ ਵੱਡਾ ਖੁਲਾਸਾ, ਕੁੜੀ ਨਾਲ ਜਬਰ-ਜਿਨਾਹ ਮਗਰੋਂ ਕੀਤਾ ਇਹ ਸ਼ਰਮਨਾਕ ਕਾਰਾ

ਕਪੂਰਥਲਾ 18 ਫਰਵਰੀ। ਬੀਤੇ ਦਿਨੀਂ ਸੁਲਤਾਨਪੁਰ ਲੋਧੀ ਦੇ ਪਿੰਡ ਸਰਾਏ ਜੱਟਾਂ 'ਚ ਛੱਪੜ ਵਿਚੋਂ ਮਿਲੇ ਭਰੂਣ ਦੇ ਮਾਮਲੇ 'ਚ ਵੱਡਾ ਖੁਲਾਸਾ ਹੋਇਆ ਹੈ। ਦਰਅਸਲ ਇਸ ਮਾਮਲੇ ਵਿਚ ਪਤਾ ਲੱਗਾ ਹੈ ਕਿ ਇਕ ਕੁੜੀ ਨਾਲ ਜਬਰ-ਜ?ਿਨਾਹ ਕਰਕੇ ਉਸ ਨੂੰ ਗਰਭਵਤੀ ਕੀਤਾ ਗਿਆ ਅਤੇ ਫਿਰ ਉਸ ਦਾ ਗਰਭਪਾਤ ਕਰਵਾਇਆ ਗਿਆ। ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਨੇ ਕੁੜੀ ਨੂੰ ਜਬਰ-ਜ?ਿਨਾਹ ਦਾ ਸ਼ਿਕਾਰ ਬਣਾ ਕੇ ਉਸ ਨੂੰ ਗਰਭਵਤੀ ਕਰਨ ਮਗਰੋਂ ਪੀੜਤਾ ਦਾ ਗਰਭਪਾਤ ਕਰਵਾ ਕੇ ਉਸ ਦੇ ਭਰੂਣ ਨੂੰ ਖੁਰਦ-ਬੁਰਦ ਕਰਨ ਦੇ ਮਾਮਲੇ 'ਚ ਇਕ ਮੁਲਜਮ ਖ?ਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਮੁਲਜਮ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧ 'ਚ ਜਾਣਕਾਰੀ ਦਿੰਦੇ ਹੋਏ ਐੱਸ. ਐੱਸ. ਪੀ. ਕਪੂਰਥਲਾ ਵਤਸਲਾ ਗੁਪਤਾ ਨੇ ਦੱਸਿਆ ਕਿ 2 ਫਰਵਰੀ 2024 ਨੂੰ ਸੁਰਿੰਦਰ ਸਿੰਘ ਪੁੱਤਰ ਸੂਬਾ ਸਿੰਘ ਵਾਸੀ ਸਰਾਏ ਜੱਟਾਂ ਥਾਣਾ ਸੁਲਤਾਨਪੁਰ ਲੋਧੀ ਨੇ ਪੁਲਸ ਨੂੰ ਸੂਚਨਾ ਦਿੱਤੀ ਸੀ ਕਿ ਪਿੰਡ ਦੇ ਛੱਪੜ 'ਚ ਇਕ ਮਾਦਾ ਭਰੂਣ ਪਿਆ ਹੈ, ਜੋ ਕੋਈ ਅਣਪਛਾਤਾ ਵਿਅਕਤੀ ਸੁੱਟ ਗਿਆ ਹੈ, ਜਿਸ 'ਤੇ ਸੁਲਤਾਨਪੁਰ ਲੋਧੀ ਪੁਲਸ ਨੇ ਮਾਦਾ ਭਰੂਣ ਬਰਾਮਦ ਕਰਕੇ ਅਣਪਛਾਤੇ ਵਿਅਕਤੀਆਂ ਖ?ਿਲਾਫ ਮਾਮਲਾ ਦਰਜ ਕਰ ਲਿਆ ਸੀ। ਇਸ ਦੌਰਾਨ ਸੁਲਤਾਨਪੁਰ ਲੋਧੀ ਪੁਲਸ ਨੂੰ ਸੂਚਨਾ ਮਿਲੀ ਕਿ ਇਸ ਘਟਨਾ ਨੂੰ ਅੰਜਾਮ ਦੇਣ 'ਚ ਇਕ ਕੁੜੀ ਅਤੇ ਉਸ ਦੀ ਡਿਲਿਵਰੀ ਕਰਨ ਵਾਲੀ ਕੁੜੀ ਦੀ ਮਾਤਾ ਅਤੇ ਮਾਸੀ ਸ਼ਾਮਲ ਹਨ, ਜਿਸ ਦੇ ਆਧਾਰ 'ਤੇ 9 ਫਰਵਰੀ ਨੂੰ ਤਿੰਨਾਂ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਨ੍ਹਾਂ ਨੂੰ ਜਦੋਂ ਅਦਾਲਤ 'ਚ ਪੇਸ਼ ਕੀਤਾ ਗਿਆ ਤਾਂ ਪੀੜਤ ਕੁੜੀ ਨੇ ਅਦਾਲਤ 'ਚ ਧਾਰਾ 164 ਤਹਿਤ ਬਿਆਨ ਦਰਜ ਕਰਵਾ ਕੇ ਦੱਸਿਆ ਕਿ ਇਹ ਬੱਚਾ ਉਸ ਦਾ ਹੀ ਹੈ ਅਤੇ ਇਹ ਨਾਜਾਇਜ ਬੱਚਾ ਸੀ, ਜਿਸ ਨੂੰ ਉਸ ਨੇ ਕੁਆਰੀ ਹੋਣ ਕਰਕੇ ਆਪਣੀ ਮਾਂ ਨਾਲ ਮਿਲ ਕੇ ਪਿੰਡ ਦੇ ਛੱਪੜ 'ਚ ਸੁੱਟ ਦਿੱਤਾ ਸੀ। ਉਕਤ ਕੁੜੀ ਨੇ ਅਦਾਲਤ 'ਚ ਦਿੱਤੇ ਆਪਣੇ ਬਿਆਨਾਂ 'ਚ ਦੱਸਿਆ ਕਿ ਕਰੀਬ 3-4 ਸਾਲ ਉਹ ਅਤੇ ਉਸ ਦੀ ਮਾਂ ਪਿੰਡ ਸਰਾਏ ਜੱਟਾਂ ਦੇ ਚਰਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਘਰ ਕੰਮ ਕਰਨ ਜਾਂਦੀਆਂ ਸਨ। ਇਸ ਦੌਰਾਨ ਚਰਨਜੀਤ ਸਿੰਘ ਵੀ ਉਸ ਦੇ ਘਰ ਆ ਜਾਂਦਾ ਸੀ ਅਤੇ ਉਸ ਨਾਲ ਛੇੜਛਾੜ ਕਰਦਾ ਰਹਿੰਦਾ ਸੀ। ਚਰਨਜੀਤ ਸਿੰਘ ਉਸ ਦੇ ਘਰਦਿਆਂ ਦੀ ਗੈਰ-ਹਾਜਰੀ 'ਚ ਜਬਰ-ਜ?ਿਨਾਹ ਕਰਦਾ ਰਿਹਾ। ਇਸ ਦੌਰਾਨ ਉਸ ਨੂੰ ਪਤਾ ਲੱਗਾ ਕਿ ਉਹ ਗਰਭਵਤੀ ਹੋ ਗਈ ਹੈ ਤਾਂ ਚਰਨਜੀਤ ਸਿੰਘ ਨੇ ਉਸ ਨੂੰ ਇਕ ਗੋਲੀ ਲਿਆ ਕੇ ਦਿੱਤੀ, ਜਿਸ ਨਾਲ ਉਸ ਦਾ ਗਰਭਪਾਤ ਹੋ ਗਿਆ, ਜਿਸ ਤੋਂ ਬਾਅਦ ਚਰਨਜੀਤ ਸਿੰਘ ਕਰੀਬ 7-8 ਮਹੀਨਿਆਂ ਤੋਂ ਫਿਰ ਉਸ ਨਾਲ ਜਬਰ-ਜ?ਿਨਾਹ ਕਰਦਾ ਰਿਹਾ, ਜਿਸ ਕਾਰਨ ਉਹ ਦੋਬਾਰਾ ਗਰਭਵਤੀ ਹੋ ਗਈ। ਇਸ ਤੋਂ ਇਲਾਵਾ ਪਿਛਲੇ ਸਤੰਬਰ 2023 'ਚ ਵੀ ਉਸ ਨਾਲ ਇਕ ਹੋਰ ਨਾਬਾਲਗ ਵੀ ਜਬਰ-ਜ?ਿਨਾਹ ਕਰਦਾ ਰਿਹਾ। ਮੁਲਜਮ ਚਰਨਜੀਤ ਸਿੰਘ ਨੇ ਉਸ ਨੂੰ ਅਤੇ ਅਦਾਲਤ 'ਚ ਦਿੱਤੇ ਆਪਣੇ ਬਿਆਨਾਂ 'ਚ ਦੱਸਿਆ ਕਿ ਕਰੀਬ 3-4 ਸਾਲ ਉਹ ਅਤੇ ਉਸ ਦੀ ਮਾਂ ਪਿੰਡ ਸਰਾਏ ਜੱਟਾਂ ਦੇ ਚਰਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਘਰ ਕੰਮ ਕਰਨ ਜਾਂਦੀਆਂ ਸਨ। ਇਸ ਦੌਰਾਨ ਚਰਨਜੀਤ ਸਿੰਘ ਵੀ ਉਸ ਦੇ ਘਰ ਆ ਜਾਂਦਾ ਸੀ ਅਤੇ ਉਸ ਨਾਲ ਛੇੜਛਾੜ ਕਰਦਾ ਰਹਿੰਦਾ ਸੀ। ਚਰਨਜੀਤ ਸਿੰਘ ਉਸ ਦੇ ਘਰਦਿਆਂ ਦੀ ਗੈਰ-ਹਾਜਰੀ 'ਚ ਜਬਰ-ਜ?ਿਨਾਹ ਕਰਦਾ ਰਿਹਾ। ਇਸ ਦੌਰਾਨ ਉਸ ਨੂੰ ਪਤਾ ਲੱਗਾ ਕਿ ਉਹ ਗਰਭਵਤੀ ਹੋ ਗਈ ਹੈ ਤਾਂ ਚਰਨਜੀਤ ਸਿੰਘ ਨੇ ਉਸ ਨੂੰ ਇਕ ਗੋਲੀ ਲਿਆ ਕੇ ਦਿੱਤੀ, ਜਿਸ ਉਸ ਦੀ ਮਾਂ ਨੂੰ ਧਮਕੀਆਂ ਦਿੱਤੀਆਂ ਕਿ ਜੇਕਰ ਤੁਸੀਂ ਇਸ ਬੱਚੇ ਬਾਰੇ ਕਿਸੇ ਵਿਅਕਤੀ ਨਾਲ ਗੱਲਬਾਤ ਕੀਤੀ ਤਾਂ ਉਹ ਉਨ੍ਹਾਂ ਨੂੰ ਜਾਨੋਂ ਮਰਵਾ ਦੇਵੇਗਾ। ਇਸ ਦੌਰਾਨ ਚਰਨਜੀਤ ਸਿੰਘ ਉਨ੍ਹਾਂ ਨੂੰ ਅਬਾਰਸ਼ਨ ਲਈ 10 ਹਜਾਰ ਰੁਪਏ ਦੀ ਰਕਮ ਦੇ ਕੇ ਗਿਆ ਤਾਂ ਜੋ ਡਾਕਟਰ ਕੋਲੋਂ ਸਫਾਈ ਕਰਵਾ ਲਈ ਜਾਵੇ। ਜਿਸ ਦੌਰਾਨ ਜਨਵਰੀ 2024 ਦੇ ਆਖਰੀ ਹਫਤੇ ਪੀੜਤਾ ਦੇ ਪੇਟ 'ਚ ਬਹੁਤ ਦਰਦ ਹੋਇਆ, ਜਿਸ 'ਤੇ ਉਸ ਦੀ ਚਾਚੀ ਅਤੇ ਮਾਂ ਨੇ ਇਕ ਡਾਕਟਰ ਨੂੰ ਘਰ ਬੁਲਾਇਆ, ਜਿਸ ਨੇ ਆ ਕੇ ਟੀਕਾ ਲਾਇਆ, ਜਿਸ ਤੋਂ ਬਾਅਦ ਉਹ ਬਾਥਰੂਮ ਗਈ ਤਾਂ ਉਸ ਦਾ ਭਰੂਣ ਬਾਹਰ ਡਿੱਗ ਪਿਆ। ਪੀੜਤ ਦੀ ਮਾਤਾ ਨੇ ਉਸ ਭਰੂਣ ਨੂੰ ਛੱਪੜ 'ਚ ਸੁੱਟ ਦਿੱਤਾ। ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਨੇ ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਮੁਲਜਮ ਚਰਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਸਰਾਏ ਜੱਟਾਂ ਖ?ਿਲਾਫ ਮਾਮਲਾ ਦਰਜ ਕਰਕੇ ਛਾਪੇਮਾਰੀ ਦੌਰਾਨ ਚਰਨਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਮਾਮਲੇ ਦੀ ਜਾਂਚ ਜਾਰੀ ਹੈ। ਜਾਂਚ ਦੌਰਾਨ ਕਈ ਸਨਸਨੀਖੇਜ ਖੁਲਾਸੇ ਹੋਣ ਦੀ ਸੰਭਾਵਨਾ ਹੈ, ਉੱਥੇ ਹੀ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਨੇ ਮੁਲਜਮ ਚਰਨਜੀਤ ਸਿੰਘ ਤੇ ਬਰਾਮਦ ਭਰੂਣ ਦਾ ਡੀ. ਐੱਨ. ਏ. ਟੈਸਟ ਲੈ ਲਿਆ ਹੈ

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੁੱਤਰ ਨੂੰ ਗੁਰਦੁਆਰੇ ਛੱਡ ਮਾਂ ਹੋਈ ਆਸ਼ਕ ਨਾਲ ਫਰਾਰ

ਤਰਨਤਾਰਨ 18 ਫਰਵਰੀ। ਪਤਨੀ ਦੇ ਕਿਸੇ ਹੋਰ ਨਾਲ ਸੰਬੰਧਾਂ ਨੂੰ ਬਰਦਾਸ਼ਤ ਨਾ ਕਰਦੇ ਹੋਏ ਪਤੀ ਵੱਲੋਂ ਜ਼ਹਿਰੀਲੀ ਚੀਜ਼ ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਏ ਜਾਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਮਾਮਲੇ ਵਿਚ ਥਾਣਾ ਵਲਟੋਹਾ ਦੀ ਪੁਲਸ ਨੇ ਪਤਨੀ ਤੇ ਉਸਦੇ ਦੋਸਤ ਖਿਲਾਫ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਲਵਿੰਦਰ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਮਹਿਮੂਦਪੁਰਾ ਨੇ ਥਾਣਾ ਵਲਟੋਹਾ ਦੀ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਸ ਦੇ ਛੋਟੇ ਭਰਾ ਰਾਜਪਾਲ ਸਿੰਘ (31) ਦਾ ਵਿਆਹ ਅਮਨਦੀਪ ਕੌਰ ਪੁੱਤਰੀ ਗੁਰਸਾਹਿਬ ਸਿੰਘ ਵਾਸੀ ਖਾਹਰਾ ਨਾਲ ਸਾਲ 2013 'ਚ ਹੋਇਆ ਸੀ। ਇਸ ਤੋਂ ਬਾਅਦ ਉਸ ਦੇ ਘਰ ਇਕ ਮੁੰਡੇ ਅਤੇ ਇਕ ਕੁੜੀ ਨੇ ਜਨਮ ਲਿਆ। ਵਿਆਹ ਤੋਂ ਬਾਅਦ ਰਾਜਪਾਲ ਸਿੰਘ ਦੀ ਪਤਨੀ ਅਮਨਦੀਪ ਕੌਰ, ਜੋ ਮਹਿਮੂਦਪੁਰਾ ਵਿਖੇ ਬੁਟੀਕ ਦੀ ਦੁਕਾਨ ਚਲਾਉਂਦੀ ਸੀ, ਦੇ ਗੁਰਸੇਵਕ ਸਿੰਘ ਉਰਫ ਸੇਵਕ ਪੁੱਤਰ ਬਲਦੇਵ ਸਿੰਘ ਵਾਸੀ ਵਾੜਾ ਸ਼ੇਰ ਸਿੰਘ ਨਾਲ ਮੇਲ-ਮਿਲਾਪ ਹੋ ਗਿਆ। ਇਸ ਦਾ ਪਤਾ ਲੱਗਣ 'ਤੇ ਦੋਵਾਂ ਪਤੀ-ਪਤਨੀ ਵਿਚ ਕਲੇਸ਼ ਰਹਿਣ ਲੱਗ ਪਿਆ। ਇਸ ਦੌਰਾਨ ਲੋਕਾਂ ਨੇ ਸਮਝਾਉਣ ਤੋਂ ਬਾਅਦ ਅਮਨਦੀਪ ਕੌਰ ਨੇ ਬੁਟੀਕ 'ਤੇ ਜਾਣਾ ਬੰਦ ਕਰ ਦਿੱਤਾ ਤੇ ਘਰ ਵਿਚ ਹੀ ਸਿਲਾਈ ਦਾ ਕੰਮ ਸ਼ੁਰੂ ਕਰ ਦਿੱਤਾ। ਕਰੀਬ ਤਿੰਨ ਮਹੀਨੇ ਪਹਿਲਾਂ ਅਮਨਦੀਪ ਕੌਰ ਨੇ ਅਮਰਕੋਟ ਵਿਖੇ ਬੂਟੀਕ ਦੀ ਦੁਕਾਨ ਪਾ ਕੇ ਕੰਮ ਸ਼ੁਰੂ ਕਰ ਲਿਆ, ਜਿਸ ਦੌਰਾਨ ਪਰਿਵਾਰਕ ਮੈਂਬਰਾਂ ਅਤੇ ਪਤੀ ਰਾਜਪਾਲ ਵੱਲੋਂ ਕਾਫੀ ਵਾਰ ਸਮਝਾਇਆ ਗਿਆ ਕਿ ਉਹ ਗੁਰਸੇਵਕ ਸਿੰਘ ਨਾਲ ਕੋਈ ਵੀ ਸਬੰਧ ਨਾ ਰੱਖੇ ਪ੍ਰੰਤੂ ਅਮਨਦੀਪ ਕੌਰ ਨੇ ਉਸ ਨਾਲ ਆਪਣਾ ਮਿਲਣਾ ਜਾਰੀ ਰੱਖਿਆ। ਬੀਤੀ 10 ਫਰਵਰੀ ਨੂੰ ਅਮਨਦੀਪ ਕੌਰ ਆਪਣੇ ਪੁੱਤਰ ਗੁਰਮਿਲਾਪ ਸਿੰਘ ਨੂੰ ਲੈ ਕੇ ਅੰਮ੍ਰਿਤਸਰ ਵਿਖੇ ਧਾਰਮਿਕ ਸਥਾਨ 'ਤੇ ਜਾ ਪੁੱਜੀ, ਜਿੱਥੇ ਬੇਟੇ ਨੂੰ ਬਿਠਾ ਕੇ ਖੁਦ ਸੇਵਾ ਕਰਨ ਦੇ ਬਹਾਨੇ ਗੁਰਸੇਵਕ ਸਿੰਘ ਨਾਲ ਕਿਤੇ ਚਲੀ ਗਈ। ਇਸ ਦੌਰਾਨ ਬੇਟਾ ਗੁਰਮਿਲਾਪ ਸਿੰਘ ਰੋਣ ਲੱਗ ਪਿਆ, ਜਿਸ ਦੀ ਸੇਵਾਦਾਰਾਂ ਵੱਲੋਂ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਗਈ।

# 70 ਲੱਖ ਦੀ ਲਾਗਤ ਨਾਲ ਬਣੀ ਫੂਡ ਸਟਰੀਟ ਦਾ ਮੰਤਰੀ ਜਿੰਪਾ ਵੱਲੋਂ ਉਦਘਾਟਨ

ਹੁਸ਼ਿਆਰਪੁਰ 18 ਫਰਵਰੀ। ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਸ਼ਨੀਵਾਰ ਕਰੀਬ 70 ਲੱਖ ਰੁਪਏ ਦੀ ਲਾਗਤ ਨਾਲ ਡਿਜਾਈਨ ਕੀਤੀ ਗਈ ਹੁਸ਼ਿਆਰਪੁਰ ਫੂਡ ਸਟਰੀਟ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਇਹ ਹੁਸ਼ਿਆਰਪੁਰ ਵਾਸੀਆਂ ਲਈ ਇਕ ਨਵਾਂ ਤੋਹਫਾ ਹੈ। ਜਿਸ ਵਿਚ ਜਿੱਥੇ ਸ਼ਹਿਰ ਦੀ ਸੁੰਦਰਤਾ ਨੂੰ ਚਾਰ-ਚੰਨ ਲੱਗ ਗਏ ਹਨ, ਉਥੇ ਲੋਕਾਂ ਨੂੰ ਖਾਣ-ਪੀਣ ਲਈ ਸੁੰਦਰ ਅਤੇ ਸਾਫ-ਸੁਥਰਾ ਮਾਹੌਲ ਵੀ ਮਿਲਿਆ ਹੈ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਕਮਿਸ਼ਨਰ ਨਗਰ ਨਿਗਮ ਜਯੋਤੀ ਬਾਲਾ ਮੱਟੂ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਮੈਂਬਰ ਜਸਪਾਲ ਚੇਚੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਪੁਰਾਣੇ ਸਿਵਲ ਸਰਜਨ ਦਫਤਰ ਦੇ ਸਾਹਮਣੇ ਬਣਾਈ ਗਈ ਇਸ ਫੂਡ ਸਟਰੀਟ ਦੇ ਸਾਹਮਣੇ ਪਹਿਲਾਂ ਕੂੜੇ ਦੇ ਡੰਪ ਹੋਇਆ ਕਰਦੇ ਸਨ, ਜਿਸ ਨੂੰ ਪਹਿਲ ਦੇ ਆਧਾਰ 'ਤੇ ਉਠਾਇਆ ਗਿਆ। ਉਨ੍ਹਾਂ ਕਿਹਾ ਕਿ ਇਥੇ ਬਣੀ ਫੂਡ ਸਟਰੀਟ ਨੂੰ ਆਕਰਸ਼ਿਤ ਅਤੇ ਸੁੰਦਰ ਬਣਾਉਣ ਲਈ ਨਗਰ ਨਿਗਮ ਵੱਲੋਂ ਕੋਈ ਕਮੀ ਨਹੀਂ ਛੱਡੀ ਗਈ ਹੈ, ਜਿਸ ਤਹਿਤ ਇਥੇ ਸੁੰਦਰ ਲਾਈਟਿੰਗ, ਟਾਈਲ ਵਰਕ ਅਤੇ ਹੋਰ ਕੰਮ ਕਰਵਾਏ ਗਏ ਹਨ, ਤਾਂ ਜੋ ਇਥੇ ਆਉਣ ਵਾਲੇ ਲੋਕਾਂ ਨੂੰ ਇਕ ਵਧੀਆ ਮਾਹੌਲ ਮਿਲ ਸਕੇ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਡੰਪ ਮੁਕਤ ਬਣਾਉਣ ਦਾ ਉਨ੍ਹਾਂ ਦਾ ਵਾਅਦਾ ਪੂਰਾ ਹੋ ਰਿਹਾ ਹੈ, ਜਿਸ ਤਹਿਤ ਫੂਡ ਸਟਰੀਟ ਨੂੰ ਪਹਿਲਾਂ ਹੀ ਡੰਪ ਮੁਕਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਸ਼ਹਿਰ ਵਿਚ ਬਾਕੀ ਡੰਪ ਵੀ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਹਟਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਲਦ ਹੀ ਹੁਸ਼ਿਆਰਪੁਰ ਨੂੰ ਡੰਪ ਫ੍ਰੀ ਕਰ ਦਿੱਤਾ ਜਾਵੇਗਾ। ਹੁਸ਼ਿਆਰਪੁਰ ਦੀ ਛੋਟੀ-ਵੱਡੀ ਜ਼ਰੂਰਤ ਨੂੰ ਪੰਜਾਬ ਸਰਕਾਰ ਪੂਰਾ ਕਰ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹੁਸ਼ਿਆਰਪੁਰ ਸ਼ਹਿਰ ਦਾ ਨਜ਼ਾਰਾ ਪੂਰੀ ਤਰ੍ਹਾਂ ਨਾਲ ਬਦਲਿਆ ਹੋਇਆ ਨਜ਼ਰ ਆਵੇਗਾ। ਬ੍ਰਹਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਵਿਕਸਿਤ ਕੀਤੀ ਗਈ ਇਸ ਫੂਡ ਸਟਰੀਟ ਦਾ ਖੇਤਰਫਲ ਲਗਭਗ 700 ਫੁੱਟ ਹੈ। ਉਨ੍ਹਾਂ ਦੱਸਿਆ ਕਿ ਫੂਡ ਸਟਰੀਟ ਵਿਚ ਸਟਾਲਾਂ ਦੀ ਕੁੱਲ ਸੰਖਿਆ 50 ਹੈ ਅਤੇ ਇਥੇ ਸ਼ਾਮ 4 ਵਜੇ ਤੋਂ ਰਾਤ 10 ਵਜੇ ਤੱਕ ਵੈਜ ਅਤੇ ਨਾਨ-ਵੈਜ ਕੈਟੇਗਰੀ ਲਈ ਵੱਖ-ਵੱਖ ਰੇਹੜੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਫੂਡ ਸਟਰੀਟ 'ਤੇ ਰੋਜ਼ਾਨਾ ਲਗਭਗ 400 ਤੋਂ 500 ਲੋਕ ਆ ਕੇ ਵੱਖ-ਵੱਖ ਪ੍ਰਕਾਰ ਦੇ ਪਕਵਾਨਾਂ ਦਾ ਸਵਾਦ ਚਖਦੇ ਹਨ। ਕੈਬਨਿਟ ਮੰਤਰੀ ਜਿੰਪਾ ਨੇ ਕਿਹਾ ਕਿ ਫੂਡ ਸਟਰੀਟ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਲੱਗਣ ਵਾਲੀਆਂ ਰੇਹੜੀਆਂ ਨੂੰ ਇਕ ਜਗ੍ਹਾ ਇਕੱਤਰ ਕਰ ਦਿੱਤਾ ਗਿਆ ਹੈ, ਜਿਸ ਨਾਲ ਸ਼ਹਿਰ ਵਿਚ ਆਵਾਜਾਈ ਦੀ ਸਮੱਸਿਆ ਕਾਫੀ ਘੱਟ ਹੋ ਗਈ ਹੈ। ਉਨ੍ਹਾਂ ਇਸ ਦੌਰਾਨ ਫੂਡ ਸਟਾਲ ਵਾਲਿਆਂ ਨੂੰ ਸਾਫ-ਸਫਾਈ ਰੱਖਣ ਅਤੇ ਉਤਮ ਪ੍ਰਕਾਰ ਦਾ ਖਾਣਾ ਪਰੋਸਨ ਦੀ ਹਦਾਇਤ ਵੀ ਕੀਤੀ। ਇਸ ਮੌਕੇ ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ, ਕੌਂਸਲਰ ਪ੍ਰਦੀਪ ਬਿੱਟੂ, ਵਿਜੇ ਅਗਰਵਾਲ, ਮੋਨਿਕਾ ਕਤਨਾ, ਆਮ ਆਦਮੀ ਪਾਰਟੀ ਦੇ ਸੂਬਾ ਸੰਯੁਕਤ ਸਕੱਤਰ ਸਤਵੰਤ ਸਿੰਘ ਸਿਆਣ, ਐਡਵੋਕੇਟ ਅਮਰਜੋਤ ਸੈਣੀ, ਖਰੈਤੀ ਲਾਲ ਕਤਨਾ, ਸੰਦੀਪ ਚੇਚੀ, ਧੀਰਜ ਸ਼ਰਮਾ, ਸੰਤੋਸ਼ ਸੈਣੀ, ਸੁਮੇਸ਼ ਸੋਨੀ, ਅਮਰਜੀਤ ਸ਼ਰਮਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



# ਸਵਿੱਫਟ ਕਾਰ 'ਚ ਸਵਾਰ 3 ਵਿਅਕਤੀ ਰਿਵਾਲਵਰ 15 ਜ਼ਿੰਦਾ ਕਾਰਤੂਸ ਸ਼ਰਾਬ ਸਣੇ ਗ੍ਰਿਫਤਾਰ

ਗੜ੍ਹਦੀਵਾਲਾ 18 ਫਰਵਰੀ। ਐੱਸ. ਐੱਸ. ਪੀ. ਹੁਸ਼ਿਆਰਪੁਰ ਸੁਰਿੰਦਰ ਲਾਂਬਾ ਦੇ ਦਿਸਾ-ਨਿਰਦੇਸਾਂ 'ਤੇ ਡੀ. ਐੱਸ. ਪੀ. ਟਾਂਡਾ ਅਤੇ ਐੱਸ. ਐੱਚ. ਓ. ਹਰਦੇਵ ਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਇਲਾਕੇ ਵਿੱਚ ਲੁੱਟ-ਖੋਹ ਅਤੇ ਨਸ਼ਿਆਂ ਖ਼ਿਲਾਫ ਮੁਹਿੰਮ ਸੁਰੂ ਕੀਤੀ ਗਈ ਹੈ। ਮੁਹਿੰਮ ਤਹਿਤ ਗੜ੍ਹਦੀਵਾਲਾ ਪੁਲਸ ਨੇ ਗਸਤ ਅਤੇ ਚੈਕਿੰਗ ਦੌਰਾਨ ਇਕ ਸਵਿੱਫਟ ਕਾਰ 'ਚ ਸਵਾਰ 3 ਵਿਅਕਤੀਆਂ ਨੂੰ ਇਕ ਰਿਵਾਲਵਰ, 8 ਜ਼ਿੰਦਾ ਕਾਰਤੂਸ ਅਤੇ 108 ਬੋਤਲਾਂ ਨਾਜਾਇਜ ਸਰਾਬ ਸਮੇਤ ਕਾਬੂ ਕੀਤਾ ਹੈ। ਇਨ੍ਹਾਂ ਦੀ ਪਛਾਣ ਅਮਨਪਾਲ ਸਿੰਘ ਉਰਫ ਅਮਨ ਪੁੱਤਰ ਜਸਵਿੰਦਰ ਸਿੰਘ, ਹਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਜੱਟਾਂ ਮੁਹੱਲਾ ਗੜ੍ਹਦੀਵਾਲਾ ਅਤੇ ਪਰਮਜੀਤ ਸਿੰਘ ਉਰਫ ਸੋਢੀ ਪੁੱਤਰ ਗੁਣਜੀਤ ਸਿੰਘ ਵਾਸੀ ਪਿੰਡ ਬਾਹਲਾ ਥਾਣਾ ਗੜ੍ਹਦੀਵਾਲਾ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਐੱਚ. ਓ. ਹਰਦੇਵ ਪ੍ਰੀਤ ਸਿੰਘ ਨੇ ਦੱਸਿਆ ਕਿ ਏ. ਐੱਸ. ਆਈ. ਸਰਵਜੀਤ ਸਿੰਘ ਪੁਲਸ ਪਾਰਟੀ ਸਮੇਤ ਟਾਂਡਾ ਰੋੜ 'ਤੇ ਪਿੰਡ ਕੁਲੀਆਂ, ਜੀਆ ਸਹੋਤਾ ਕਲਾਂ, ਚਿਪੜਾ ਅਤੇ ਟਾਹਲੀ ਮੋੜ 'ਤੇ ਗਸਤ ਅਤੇ ਚੈਕਿੰਗ ਦੌਰਾਨ ਡਿਊਟੀ 'ਤੇ ਤਾਇਨਾਤ ਸਨ। ਇਸ ਦੌਰਾਨ ਉਨ੍ਹਾਂ ਨੂੰ ਇਕ ਗੁਪਤ ਸੂਚਨਾ ਮਿਲੀ ਕਿ ਉਕਤ ਵਿਅਕਤੀ ਨਾਜਾਇਜ ਸਰਾਬ ਵੇਚਣ ਦਾ ਧੰਦਾ ਕਰਦੇ ਹਨ ਅਤੇ ਇਨ੍ਹਾਂ ਕੋਲ ਨਾਜਾਇਜ ਅਸਲਾ ਵੀ ਹੈ ਅਤੇ ਇਸ ਵੇਲੇ ਉਕਤ ਵਿਅਕਤੀ ਇਕ ਸਫੇਦ ਰੰਗ ਦੀ ਸਵਿੱਫਟ ਕਾਰ ਵਿੱਚ ਸਵਾਰ ਹੋ ਕੇ ਨਾਜਾਇਜ ਸਰਾਬ ਟਾਹਲੀ ਮੋੜ ਸਾਈਡ ਤੋਂ ਗੜ੍ਹਦੀਵਾਲਾ ਵੱਲ ਲੈ ਕੇ ਆ ਰਹੇ ਹਨ। ਜੇਕਰ ਨਾਕਾਬੰਦੀ ਕਰਕੇ ਇਨ੍ਹਾਂ ਦੀ ਗੱਡੀ ਦੀ ਤਲਾਸੀ ਲਈ ਜਾਵੇ ਤਾਂ ਉਹ ਨਾਜਾਇਜ ਸਰਾਬ ਅਤੇ ਨਾਜਾਇਜ ਅਸਲੇ ਸਮੇਤ ਕਾਬੂ ਆ ਸਕਦੇ ਹਨ। ਉਨ੍ਹਾਂ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਸ ਪਾਰਟੀ ਵੱਲੋਂ ਪਿੰਡ ਕੁੱਲੀਆਂ ਮੋੜ 'ਤੇ ਨਾਕਾਬੰਦੀ ਕਰਕੇ ਜੀਆਂ ਸਹੋਤਾ ਕਲਾਂ ਸਾਈਡ ਤੋਂ ਆ ਰਹੀ ਸਵਿੱਫਟ ਕਾਰ ਨੰਬਰ ਪੀ. ਬੀ. 07-ਡਬਲਿਊ 8588 ਨੂੰ ਰੋਕ ਕੇ ਜਦੋਂ ਉਸ ਦੀ ਤਲਾਸੀ ਲਈ ਗਈ ਤਾਂ ਉਸ ਵਿੱਚੋਂ 108 ਨਾਜਾਇਜ ਸਰਾਬ ਦੀਆਂ ਬੋਤਲਾਂ ਬਰਾਮਦ ਹੋਈਆਂ। ਜਦਕਿ ਕਾਰ ਚਾਲਕ ਅਮਨਪਾਲ ਸਿੰਘ ਉਰਫ ਅਮਨ ਦੀ ਤਲਾਸੀ ਲਈ ਗਈ ਤਾਂ ਉਸ ਦੀ ਡਬ ਵਿਚੋਂ ਇਕ ਰਿਵਾਲਵਰ ਅਤੇ 3 ਜ਼ਿੰਦਾ ਕਾਰਤੂਸ ਬਰਾਮਦ ਹੋਏ। ਇਸੇ ਤਰ੍ਹਾਂ ਗੱਡੀ ਵਿੱਚ ਸਵਾਰ ਹਰਜੀਤ ਸਿੰਘ ਕੋਲੋਂ 3 ਅਤੇ ਪਰਮਜੀਤ ਸਿੰਘ ਉਰਫ ਸੋਢੀ ਕੋਲੋਂ 2 ਕਾਰਤੂਸ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਅਮਨਪਾਲ ਸਿੰਘ ਉਰਫ ਅਮਨ ਤੋਂ ਕੀਤੀ ਗਈ ਪੁੱਛਗਿੱਛ ਦੌਰਾਨ 7 ਹੋਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਪੁਲਸ ਨੇ ਉਕਤ ਤਿੰਨਾਂ ਵਿਅਕਤੀਆਂ ਨੂੰ ਰਿਵਾਲਵਰ, 8 ਜ਼ਿੰਦਾ ਕਾਰਤੂਸ ਸਵਿੱਫਟ ਕਾਰ ਅਤੇ ਨਾਜਾਇਜ ਸਰਾਬ ਦੀਆਂ 108 ਬੋਤਲਾਂ ਸਮੇਤ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਨੂੰ ਆਰੰਭ ਕਰ ਦਿੱਤੀ ਹੈ।




# ਸਰਪੰਚ ਦੀ ਮੋਟਰ 'ਤੇ ਸਰਾਰਤੀ ਅਨਸਰ ਨੇ ਰੱਖੀਆਂ ਨਾਜਾਇਜ ਸਰਾਬ ਦੀਆਂ ਬੋਤਲਾਂ

ਦੀਨਾਨਗਰ 18 ਫਰਵਰੀ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਲਸ ਸਟੇਸਨ ਦੇ ਪਿੰਡ ਭੋਲਾ ਵਿਖੇ ਅੱਜ ਕਿਸੇ ਪਿੰਡ ਦੇ ਹੀ ਸਰਾਰਤੀ ਅਨਸਰ ਵੱਲੋਂ ਪਿੰਡ ਦੀ ਸਰਪੰਚ ਦੀ ਮੋਟਰ 'ਤੇ 16 ਬੋਤਲਾਂ ਨਾਜਾਇਜ ਸਰਾਬ ਦੀਆਂ ਰੱਖੀਆਂ ਹੋਈਆਂ ਮਿਲਣ ਦੀ ਖਬਰ ਮਿਲੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਮੌਕੇ ਪਿੰਡ ਦੀ ਸਰਪੰਚ ਅਨੀਤਾ ਰਾਣੀ, ਰਮੇਸ ਸਿੰਘ, ਬਜਰੰਗ ਸਿੰਘ, ਕਰਨ ਸਿੰਘ, ਰਛਪਾਲ ਸਿੰਘ, ਜਸਬੀਰ ਸਿੰਘ, ਅਭਿਸੇਕ ਸਿੰਘ, ਅਜੇ ਸਿੰਘ, ਲਖਮੀ ਦਾਸ, ਬਿਕਰਮਜੀਤ ਸਿੰਘ ਆਦਿ ਨੇ ਦੱਸਿਆ ਕਿ ਪਿੰਡ ਭੋਲਾ ਤੋਂ ਥੋੜੀ ਬਾਹਰਵਾਰ ਡਾਲਾ ਰੋਡ 'ਤੇ ਖੇਤਾਂ ਵਿੱਚ ਮੋਟਰ ਲੱਗੀ ਹੋਈ ਹੈ, ਉਹਨਾਂ ਦੱਸਿਆ ਕਿ ਅੱਜ ਜਦੋਂ ਸਵੇਰੇ ਅਚਾਨਕ ਅਸੀਂ ਆਪਣੀ ਮੋਟਰ ਵੱਲ ਗੇੜਾ ਮਾਰਨ ਲਈ ਗਏ ਤਾਂ ਸਾਡੀ ਮੋਟਰ ਦੀ ਛੱਤ ਤੇ ਨਜਾਇਜ ਸਰਾਬ ਦੀਆਂ 16 ਦੇ ਕਰੀਬ ਬੋਤਲਾਂ ਪਈਆਂ ਹੋਈਆਂ ਸਨ। ਇਸ ਸਬੰਧੀ ਤੁਰੰਤ ਬਹਿਰਾਮਪੁਰ ਪੁਲਸ ਨੂੰ ਸੂਚਿਤ ਕੀਤਾ ਗਿਆ, ਉਨ੍ਹਾਂ ਦੱਸਿਆ ਕਿ ਇਹ ਕਿਸੇ ਸਰਾਰਤੀ ਅਨਸਰ ਵੱਲੋਂ ਸਰਾਰਤ ਕੀਤੀ ਗਈ ਤਾਂ ਕਿ ਪਿੰਡ ਦੇ ਮਹਿਲਾ ਸਰਪੰਚ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਬਦਨਾਮ ਕੀਤਾ ਜਾ ਸਕੇ ਜਾਂ ਫਿਰ ਝੂਠੇ ਕੇਸ ਵਿੱਚ ਫਸਾਉਣ ਦੀ ਸਾਜ਼ਿਸ ਤਹਿਤ ਇਹ ਕੰਮ ਕੀਤਾ ਗਿਆ ਹੈ। ਸਰਪੰਚ ਇਸ ਸਬੰਧੀ ਜਾਣਕਾਰੀ ਦਿੰਦੇ ਮੌਕੇ ਪਿੰਡ ਦੀ ਸਰਪੰਚ ਅਨੀਤਾ ਰਾਣੀ, ਰਮੇਸ ਸਿੰਘ, ਬਜਰੰਗ ਸਿੰਘ, ਕਰਨ ਸਿੰਘ, ਰਛਪਾਲ ਸਿੰਘ, ਜਸਬੀਰ ਸਿੰਘ, ਅਭਿਸੇਕ ਸਿੰਘ, ਅਜੇ ਸਿੰਘ, ਲਖਮੀ ਦਾਸ, ਬਿਕਰਮਜੀਤ ਸਿੰਘ ਆਦਿਅਨੀਤਾ ਨੇ ਦੱਸਿਆ ਕਿ ਮੇਰੇ ਪਤੀ ਬਾਹਰ ਨੌਕਰੀ ਕਰਦੇ ਹਨ, ਜਿਸ ਕਾਰਨ ਕਿਸੇ ਵੱਲੋਂ ਸਾਨੂੰ ਝੂਠਾ ਫਸਾਉਣ ਦੇ ਚੱਕਰ ਵਿੱਚ ਇਹ ਸਰਾਰਤ ਕੀਤੀ ਗਈ ਹੈ। ਇਸ ਸਬੰਧੀ ਤੁਰੰਤ ਬਹਿਰਾਮਪੁਰ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਬਹਿਰਾਮਪੁਰ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਇਹ ਨਜਾਇਜ ਸਰਾਬ ਨੂੰ ਆਪਣੇ ਕਬਜੇ 'ਚ ਲੈ ਲਿਆ ਹੈ, ਉੱਥੇ ਦੂਜੇ ਪਾਸੇ ਥਾਣਾ ਮੁਖੀ ਬਹਿਰਾਮਪੁਰ ਮੈਡਮ ਰੰਜਨੀ ਬਾਲਾ ਨੇ ਦੱਸਿਆ ਕਿ ਇਸ ਮਾਮਲੇ ਬਾਰੇ ਜਾਂਚ ਕਰ ਰਹੀ ਹੈ।



## ਲਾਲ ਸਾਗਰ ਸੰਕਟ: ਵਿੱਤ ਮੰਤਰਾਲਾ ਨੇ ਸਰਕਾਰੀ ਬੈਂਕਾਂ ਨੂੰ ਬਰਾਮਦਕਾਰਾਂ ਪ੍ਰਤੀ ਸੰਵੇਦਨਸ਼ੀਲਤਾ ਦਿਖਾਉਣ ਲਈ ਕਿਹਾ

ਨਵੀਂ ਦਿੱਲੀ 18 ਫਰਵਰੀ। ਲਾਲ ਸਾਗਰ ਸੰਕਟ ਕਾਰਨ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਬਰਾਮਦਕਾਰਾਂ ਦੇ ਵਿੱਤ ਅਤੇ ਬੀਮਾ ਸਬੰਧੀ ਮਾਮਲਿਆਂ ਨੂੰ ਸੰਵੇਦਨਸ਼ੀਲਤਾ ਨਾਲ ਨਿਪਟਾਉਣ ਦੀ ਲੋੜ ਹੈ। ਵਿੱਤੀ ਸੇਵਾ ਸਕੱਤਰ ਵਿਵੇਕ ਜੋਸ਼ੀ ਨੇ ਜਨਤਕ ਖੇਤਰ ਦੇ ਬੈਂਕਾਂ ਅਤੇ ਬੀਮਾ ਕੰਪਨੀਆਂ ਨੂੰ ਇਹ ਅਪੀਲ ਕੀਤੀ ਹੈ। ਉਨ੍ਹਾਂ ਨੇ ਇਕ ਇੰਟਰਵਿਊ 'ਚ ਕਿਹਾ,"ਲਾਲ ਸਾਗਰ ਸੰਕਟ ਦੇ ਮੱਦੇਨਜਰ ਅਸੀਂ ਜਨਤਕ ਖੇਤਰ ਦੇ ਬੈਂਕਾਂ ਅਤੇ ਬੀਮਾ ਕੰਪਨੀਆਂ ਨੂੰ ਇਸ ਸਮੱਸਿਆ 'ਤੇ ਵਿਚਾਰ ਕਰਨ ਲਈ ਕਿਹਾ ਹੈ, ਕਿਉਂਕਿ ਜਹਾਜ ਲੰਬਾ ਰਸਤਾ ਆਪਣਾ ਰਹੇ ਹਨ, ਜਿਸ ਕਾਰਨ




ਵਪਾਰ ਵਿੱਤ ਦੀ ਮੰਗ ਵੱਧ ਰਹੀ ਹੈ ਅਤੇ ਬੀਮਾ ਲਾਗਤ 'ਚ ਵਾਧਾ ਹੋ ਰਿਹਾ ਹੈ।" ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਅਜਿਹੀ ਸਥਿਤੀ 'ਚ ਬੈਂਕਾਂ ਨੂੰ ਇਨ੍ਹਾਂ ਮਾਮਲਿਆਂ ਨੂੰ ਸੰਵੇਦਨਸ਼ੀਲਤਾ ਨਾਲ ਨਿਪਟਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਸੇਵਾਵਾਂ ਤੋਂ ਵਾਂਝਾ ਨਹੀਂ ਕਰਨਾ ਚਾਹੀਦਾ। ਇਸ ਮਾਮਲੇ ਦੇ ਸਬੰਧ ਵਿਚ ਜੋਸ਼ੀ ਨੇ ਕਿਹਾ ਕਿ ਵਪਾਰ ਫਾਈਨਾਸਿੰਗ ਅਤੇ ਬੀਮਾ ਦੀ ਲੋੜ ਨੂੰ ਸੰਵੇਦਨਸ਼ੀਲਤਾ ਨਾਲ ਨਿਪਟਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਸਬੰਧੀ ਸਥਿਤੀ ਦਾ ਜਾਇਜਾ ਲੈਣ ਲਈ ਵਣਜ ਸਕੱਤਰ ਦੀ ਪ੍ਰਧਾਨਗੀ 'ਚ ਇਕ ਉੱਚ ਪੱਧਰੀ ਅੰਤਰ-ਮੰਤਰਾਲਾ ਕਮੇਟੀ ਦੀ ਬੈਠਕ ਹੋ ਰਹੀ ਹੈ।

## ਸਰਹੱਦੀ ਇਲਾਕਿਆਂ ਵਿਚ ਪੁਲਸ ਅਤੇ ਬੀ.ਐੱਸ.ਐੱਫ ਨੇ ਚਲਾਇਆ ਤਲਾਸ਼ੀ ਅਭਿਆਨ

ਤਰਨਤਾਰਨ 18 ਫਰਵਰੀ। ਜ਼ਿਲ੍ਹਾ ਤਰਨਤਾਰਨ ਅਧੀਨ ਆਉਂਦੀ ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ ਲੱਗਦੇ ਇਲਾਕਿਆਂ ਜਿੱਥੇ ਪਾਕਿਸਤਾਨੀ ਡਰੋਨਾਂ ਦੀ ਦਸਤਕ ਜ਼ਿਆਦਾ ਰਹਿੰਦੀ ਹੈ ਵਿਖੇ ਸ਼ੁੱਕਰਵਾਰ ਤੜਕਸਾਰ ਸਬ ਡਵੀਜ਼ਨ ਭਿੱਖੀਵਿੰਡ ਦੇ ਡੀ.ਐੱਸ.ਪੀ ਪ੍ਰੀਤਇੰਦਰ ਸਿੰਘ ਦੀ ਅਗਵਾਈ ਹੇਠ ਪੁਲਸ ਅਤੇ ਬੀ.ਐੱਸ.ਐੱਫ ਵਲੋਂ ਸਾਂਝੇ ਤੌਰ ਉੱਪਰ ਤਲਾਸ਼ੀ ਅਭਿਆਨ ਚਲਾਇਆ ਗਿਆ। ਜ਼ਿਕਰਯੋਗ ਹੈ ਕਿ ਇਸ ਤਲਾਸ਼ੀ ਅਭਿਆਨ ਦੌਰਾਨ ਪੁਲਸ ਨੇ ਹੈਰੋਇਨ ਵੀ ਬਰਾਮਦ ਕੀਤੀ ਹੈ, ਜਿਸ ਦੀ ਜਾਣਕਾਰੀ ਪੁਲਸ ਅੱਜ ਪ੍ਰੈੱਸ ਕਾਨਫਰੰਸ ਦੌਰਾਨ ਦੇਵੇਗੀ। ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ ਭਿੱਖੀਵਿੰਡ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਐੱਸ.ਐੱਸ.ਪੀ ਅਸ਼ਵਨੀ ਕਪੂਰ ਵਲੋਂ ਮਿਲੇ ਹੁਕਮਾਂ ਤਹਿਤ ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਵੱਖ-ਵੱਖ ਪਿੰਡਾਂ ਵਿਚ ਅਪ੍ਰੇਸ਼ਨ ਕੈਸੋ ਤਹਿਤ ਸ਼ੁੱਕਰਵਾਰ ਤੜਕਸਾਰ ਆਪ੍ਰੇਸ਼ਨ ਚਲਾਇਆ ਗਿਆ। ਉਨ੍ਹਾਂ ਦੱਸਿਆ ਕਿ ਸਰਹੱਦੀ ਇਲਾਕੇ ਵਿਚ ਪੁਲਸ ਵਲੋਂ ਜ਼ਿਆਦਾਤਰ ਉਨ੍ਹਾਂ ਸ਼ੱਕੀ ਘਰਾਂ ਦੀ ਤਲਾਸ਼ੀ ਲਈ ਗਈ ਜਿਨ੍ਹਾਂ ਦੇ ਸਬੰਧ ਕਿਸੇ ਮਾੜੇ ਅਨਸਰ ਜਾਂ ਫਿਰ ਪਾਕਿਸਤਾਨੀ ਤਸਕਰਾਂ ਨਾਲ ਹੋ ਸਕਦੇ ਹਨ। ਇਸ ਲੜੀ ਦੇ ਤਹਿਤ ਸਬ ਡਵੀਜ਼ਨ ਭਿੱਖੀਵਿੰਡ ਅਧੀਨ ਆਉਂਦੇ ਥਾਣਾ ਖਾਲੜਾ, ਭਿਖੀਵਿੰਡ ਦੀ ਪੁਲਸ ਵਲੋਂ ਸ਼ਕੀ ਇਲਾਕਿਆਂ ਵਿਚ ਆਪ੍ਰੇਸ਼ਨ ਕੈਸੋ ਤਹਿਤ ਤਲਾਸ਼ੀ ਅਭਿਆਨ ਚਲਾਇਆ ਗਿਆ ਸੀ ਜੋ ਦੁਪਹਿਰ ਤੱਕ ਜਾਰੀ ਰਿਹਾ ਹੈ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪੁਲਸ ਨੇ ਇਸ ਤਲਾਸ਼ੀ ਅਭਿਆਨ ਦੌਰਾਨ ਕੁਝ ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਵੀ ਲਿਆ ਗਿਆ ਹੈ ਅਤੇ ਪਾਕਿਸਤਾਨ ਵਲੋਂ ਡਰੋਨ ਦੀ ਮਦਦ ਨਾਲ ਭਾਰਤ ਪੁੱਜੀ ਹੈਰੋਇਨ ਨੂੰ ਵੀ ਬਰਾਮਦ ਕੀਤਾ ਗਿਆ ਹੈ।



## ਨੈਸ਼ਨਲ ਹਾਈਵੇ 'ਤੇ ਡਿਵਾਈਡਰ ਨੂੰ ਤੋੜ ਬਣਾਏ ਗਏ ਰਸਤੇ ਬਣ ਰਹੇ ਹਾਦਸਿਆਂ ਦੀ ਵਜ੍ਹਾ

ਗੁਰਦਾਸਪੁਰ 18 ਫਰਵਰੀ। ਪਠਾਨਕੋਟ-ਅੰਮ੍ਰਿਤਸਰ ਨੈਸ਼ਨਲ ਹਾਈਵੇ 'ਚ ਨੈਸ਼ਨਲ ਹਾਈਵੇ ਅਥਾਰਿਟੀ ਵੱਲੋਂ ਬਣਾਏ ਗਏ ਡਿਵਾਈਡਰ ਨੂੰ ਤੋੜ ਕੇ ਜਿਸ ਤਰ੍ਹਾਂ ਨਾਲ ਲੋਕਾਂ ਵੱਲੋਂ ਆਪਣੀ ਮਰਜ਼ੀ ਦੇ ਨਾਲ ਸ਼ਾਰਟਕੱਟ ਰਸਤੇ ਬਣਾਏ ਹੋਏ ਹਨ, ਉਹੀ ਲੋਕਾਂ ਦੀ ਮੌਤ ਦਾ ਕਾਰਨ ਬਣ ਰਹੇ ਹਨ। ਇਸ ਹਾਈਵੇ ਤੋਂ ਹਰ ਰੋਜ਼ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ, ਨੈਸ਼ਨਲ ਹਾਈਵੇ ਅਥਾਰਿਟੀ ਦੇ ਅਧਿਕਾਰੀ ਲੰਘਦੇ ਹਨ, ਕਿਸੇ ਵੀ ਅਧਿਕਾਰੀ ਵੱਲੋਂ ਇਨ੍ਹਾਂ ਰਸਤਿਆਂ ਨੂੰ ਬੰਦ ਕਰਨ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾਂਦਾ, ਜਿਸ ਕਾਰਨ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਨ੍ਹਾਂ ਸ਼ਾਰਟਕੱਟ ਰਸਤਿਆਂ ਰਾਹੀਂ ਲੰਘਦੇ ਸਮੇਂ ਸੜਕ ਹਾਦਸਿਆਂ ਦਾ ਕਾਰਨ ਬਣਦੇ ਹਨ ਅਤੇ ਆਪਣੀ ਕੀਮਤੀ ਜਾਨਾਂ ਤੋਂ ਹੱਥ ਧੋ ਬੈਠਦੇ ਹਨ। ਜ਼ਿਲਾ ਗੁਰਦਾਸਪੁਰ ਦੀ ਗੱਲ ਕੀਤੀ ਜਾਵੇ ਤਾਂ ਦੀਨਾਨਗਰ ਬਾਈਪਾਸ ਤੋਂ ਲੈ ਕੇ ਬਟਾਲਾ ਤੱਕ ਹੀ ਕਈ ਅਜਿਹੇ ਵੱਡੇ ਵੱਡੇ ਕੱਟ ਡਿਵਾਈਡਰਾਂ ਨੂੰ ਤੋੜ ਕੇ ਬਣਾਏ ਗਏ ਹਨ, ਜੋ ਕਿ ਹਰ ਰੋਜ਼ ਕਈ ਸੜਕ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਵੈਸੇ ਤਾਂ ਪਠਾਨਕੋਟ ਤੋਂ ਲੈ ਕੇ ਅੰਮ੍ਰਿਤਸਰ ਤੱਕ ਸੜਕ 'ਚੋਂ ਹਰ 200-300 ਤੋਂ ਵੱਧ ਸ਼ਾਰਟਕੱਟ ਰਸਤੇ ਆਮ ਵੇਖਣ ਨੂੰ ਮਿਲ ਜਾਣਗੇ ਪਰ ਜੇਕਰ ਜ਼ਿਲਾ ਗੁਰਦਾਸਪੁਰ ਦੇ ਕਸਬਾ ਦੀਨਾਨਗਰ ਤੋਂ ਬਟਾਲਾ ਤੱਕ ਹੀ ਨਜ਼ਰ ਮਾਰੀ ਜਾਵੇ ਤਾਂ ਇਸ ਵਿਚ ਹੀ 150 ਤੋਂ ਵੀ ਕੱਟ ਲੋਕਾਂ ਵੱਲੋਂ ਲਗਾ ਕੇ ਆਪਣੀ ਮਰਜੀ ਦੇ ਨਾਲ ਰਸਤੇ ਬਣਾਏ ਹੋਏ ਹਨ। ਜੇਕਰ ਡਿਵਾਈਡਰ ਤੋੜ ਕੇ ਬਣਾਏ ਗਏ ਰਸਤਿਆਂ ਦੀ ਗੱਲ ਕੀਤੀ ਜਾਵੇ ਤਾਂ ਪਿੰਡ ਔਜਲਾ ਬਾਈਪਾਸ, ਸਿਵਲ ਹਸਪਤਾਲ ਬੱਬਰੀ ਦੇ ਸਾਹਮਣੇ, ਪਿੰਡ ਸੋਹਲ, ਪਿੰਡ ਬੱਬਰੀ ਤੋਂ ਅੱਗੇ ਪੈਂਦੇ ਪੈਟਰੋਲ ਤੋਂ ਥੋੜੀ ਅੱਗੇ ਸਕੂਲ ਦੇ ਸਾਹਮਣੇ ਸਮੇਤ ਕਈ ਜਗ੍ਹਾ 'ਤੇ ਛੋਟੇ-ਛੋਟੇ ਰਸਤੇ ਲੋਕਾਂ ਵੱਲੋਂ ਬਣਾਏ ਗਏ ਹਨ। ਸੜਕ 'ਚ ਬਣਾਏ ਗਏ ਨੈਸ਼ਨਲ ਹਾਈਵੇ ਵੱਲੋਂ ਡਿਵਾਈਡਰ ਨੂੰ ਲੋਕਾਂ ਨੂੰ ਰਾਤ ਸਮੇਂ ਤੋੜ ਕੇ ਹਰ ਰੋਜ ਇਕ ਨਵਾਂ ਰਸਤਾ ਆਪਣੀ ਮਰਜ਼ੀ ਦੇ ਨਾਲ ਕੱਢਿਆ ਜਾਂਦਾ ਹੈ, ਜੋ ਕਿ ਹਜ਼ਾਰਾਂ ਮੌਤਾਂ ਦਾ ਕਾਰਨ ਬਣਦਾ ਹੈ। ਜੇਕਰ ਵੇਖਿਆ ਜਾਵੇ ਤਾਂ ਇਸ ਨੈਸ਼ਨਲ ਹਾਈਵੇ 'ਤੇ ਕਈ ਸਕੂਲ, ਹੋਟਲ, ਹਸਪਤਾਲ, ਸ਼ੋਅ ਰੂਮ ਅਜਿਹੇ ਹਨ, ਜਿੱਥੇ ਲੋਕ ਆਉਣ ਜਾਣ ਲਈ ਇਨ੍ਹਾਂ ਸ਼ਾਰਟਕੱਟ ਰਸਤਿਆਂ ਨੂੰ ਪਹਿਲ ਦਿੰਦੇ ਹਨ, ਕਿਉਂਕਿ ਜੇਕਰ ਕਿਸੇ ਹਸਪਤਾਲ, ਸਕੂਲ, ਜਾਂ ਹੋਟਲ ਕਿਸੇ ਨੂੰ ਜਾਣਾ ਹੋਵੇ ਤਾਂ ਉਸ ਨੂੰ 2-3 ਕਿੱਲੋਂ ਮੀਟਰ ਅੰਡਰਬ੍ਰਿਜ਼ ਤੋਂ ਘੁੰਮ ਕੇ ਸਿੱਧ ਰਾਹ ਜਾਣਾ ਪੈਂਦਾ ਹੈ, ਜਿਸ ਕਾਰਨ ਲੋਕ ਇਨ੍ਹਾਂ ਸਫਰ ਤੈਅ ਕਰਨ ਦੀ ਬਿਜਾਏ ਸ਼ਾਰਟਕੱਟ ਰਸਤੇ ਨੂੰ ਪਹਿਲ ਦੇ ਰਹੇ ਹਨ, ਜੋ ਕਿ ਕਈ ਵਾਰ ਉਨ੍ਹਾਂ ਦੀ ਮੌਤ ਦਾ ਕਾਰਨ ਬਣਦਾ ਹੈ। ਇਸ ਸਬੰਧੀ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਦਾਯਮਾ ਹਰੀਸ਼ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਇਸ ਸਬੰਧੀ ਰਾਸ਼ਟਰੀ ਰਾਜਮਾਰਗ ਅਥਾਰਿਟੀ ਨੂੰ ਪੱਤਰ ਲਿਖ ਕੇ ਇਹ ਨਾਜਾਇਜ਼ ਰਸਤਿਆਂ ਨੂੰ ਬੰਦ ਕਰਨ ਨੂੰ ਕਿਹਾ ਜਾਵੇਗਾ।

### ਪਠਾਨਕੋਟ ਦੇ ਇਕ ਕਾਲਜ ਦੀ ਮਹਿਲਾ ਕਰਮਚਾਰੀ ਨੇ ਕੀਤਾ 2 ਕਰੋੜ ਰੁਪਏ ਦਾ ਘਪਲਾ, ਹੋਈ ਫਰਾਰ

ਪਠਾਨਕੋਟ 18 ਫਰਵਰੀ। ਜਿੱਥੇ ਇਕ ਪਾਸੇ 'ਦਾ ਵ੍ਹਾਈਟ ਮੈਡੀਕਲ ਕਾਲਜ ਐਂਡ ਹਸਪਤਾਲ' ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਬਹੁਤ ਹੀ ਘੱਟ ਰੇਟਾਂ 'ਤੇ ਮੁਹੱਈਆ ਕਰਵਾ ਰਿਹਾ ਹੈ, ਉੱਥੇ ਕਾਲਜ ਅਤੇ ਹਸਪਤਾਲ 'ਚ ਮੌਜੂਦ ਇਕ ਮਹਿਲਾ ਕਰਮਚਾਰੀ ਵੱਲੋਂ ਇਸ ਕਾਲਜ ਅਤੇ ਹਸਪਤਾਲ 'ਚ ਕਰੀਬ 2 ਕਰੋੜ ਰੁਪਏ ਦਾ ਵੱਡਾ ਘਪਲਾ ਕੀਤਾ ਗਿਆ ਹੈ। ਘਪਲੇ ਦੀ ਜਾਣਕਾਰੀ ਜਿਵੇਂ ਹੀ ਕਾਲਜ ਮੈਨੇਜਮੈਂਟ ਨੂੰ ਮਿਲੀ ਤਾਂ ਉਨ੍ਹਾਂ ਨੇ ਇਸ 'ਤੇ ਕਾਰਵਾਈ ਕਰਨ ਲਈ ਪੁਲਸ ਨੂੰ ਸ਼ਿਕਾਇਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ 'ਦਾ ਵ੍ਹਾਈਟ ਮੈਡੀਕਲ ਕਾੱਲਜ ਅਤੇ ਹਸਪਤਾਲ' ਦੇ ਵਕੀਲ ਰਾਜਿੰਦਰ ਮਨਹਾਸ ਨੇ ਦੱਸਿਆ ਕਿ ਕਾਲਜ ਤੇ ਹਸਪਤਾਲ ਵਿਚ ਕੰਮ ਕਰਨ ਵਾਲੀ ਮਹਿਲਾ ਮੁਲਾਜਮ ਨੇ ਆਪਣੇ ਪਤੀ ਨਾਲ ਮਿਲ ਕੇ ਇਸ ਪੂਰੀ ਘਟਨਾ ਨੂੰ ਅੰਜਾਮ ਦਿੱਤਾ ਹੈ। ਜਦੋਂ ਤੋਂ ਘਪਲੇ ਦੀ ਜਾਣਕਾਰੀ ਕਾਲਜ ਦੇ ਚੇਅਰਮੈਨ ਸਵਰਨ ਸਲਾਰੀਆ ਨੂੰ ਲੱਗੀ ਉਦੋਂ ਤੋਂ ਹੀ ਮਹਿਲਾ ਕਰਮਚਾਰੀ ਕਾਲਜ ਛੱਡ ਕੇ ਫਰਾਰ ਹੋ ਚੁੱਕੀ ਹੈ। ਫਿਲਹਾਲ ਪੁਲਸ ਨੇ ਢਿੱਲੇ ਰਵੱਈਏ ਕਾਰਨ ਹੁਣ ਤੱਕ ਮੁਲਜਮ ਫਰਾਰ ਚਲ ਰਹੇ ਹਨ। ਕਾਲਜ ਦੇ ਵਕੀਲ ਨੇ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਇਸ ਪੂਰੇ ਮਾਮਲੇ ਦੀ ਤੁਰੰਤ ਜਾਂਚ ਕਰ ਦੋਸ਼ੀਆਂ ਨੂੰ ਜਲਦ ਤੋਂ ਜਲਦ ਕਾਬੂ ਕੀਤਾ ਜਾਵੇ।



# ਸਾਹਿਤਕ ਪੰਨਾ

## ਕਾਵਿ ਕਿਆਰੀ

### ਨੀ ,ਕਣਕਾ ਨੂੰ ਪਈਆ ਬੱਲੀਆਂ

ਨੀ ਕਣਕਾ ਨੂੰ ਪਈਆ ਬੱਲੀਆਂ,
ਚੱਲ ,ਵੇਖਣ ਖੇਤਾ ਨੂੰ ਚਲੀਏ
ਬੈਠ ਜਾ ਟਰੈਕਟਰ ਤੇ ,
ਚੱਲ , ਵੇਖਣ ਖੇਤਾ ਨੂੰ ਚਲੀਏ ।
ਜੁੱਤੀ ਪਾਕੇ ਪੰਜਾਬੀ ਮੁਕਤਸਰੀ ,
ਬੰਨ ਪੱਗ ਮੋਰਨੀ ਪੇਚਾ ਵਾਲੀ ,
ਟੰਗ ਕੇ ਮੋਢੇ ਤੇ ਪਰਨਾ ।
ਨੀ , ਕਣਕਾ ਨੂੰ ਪਈਆ ਬੱਲੀਆਂ,
ਚੱਲ ,ਵੇਖਣ ਖੇਤਾ ਨੂੰ ਚਲੀਏ,
ਬੈਠ ਜਾ ਟਰੈਕਟਰ ਤੇ ,,,,,,,,,
ਆ ਜਾ ਬੈਠ ਸਰਦਾਰਨੀਏ ,
ਖੱਬੇ ਬੈਠ ਭਾਵੇ ਸੱਜੇ ਬੈਠ ਜਾ ,
ਸਿਰ ਤੇ ਚੁੰਨੀ ਲੈ ਕੇ ,
ਨੀ , ਕਣਕਾ ਨੂੰ ਪਈਆ ਬੱਲੀਆਂ,
ਚੱਲ , ਵੇਖਣ ਖੇਤਾ ਨੂੰ ਚੱਲੀਏ ,
ਬੈਠ ਜਾ ਟਰੈਂਕਟਰ ਤੇ ,,,,,,,,,,,
ਆ ਜਾਓ -ਜਵਾਕੋ ,
ਨਾਲ ਤੁਸੀ ਵੀ ਬੈਠ ਜਾਓ .
ਬੈਠ ਜਾਓ ਖੱਬੇ ਭਾਵੇ ਸੱਜੇ ,
ਮੈ ਵੀ ਬੈਠਾ ਵਿੱਚ ਟਰੈਂਕਟਰ ,
ਚਲਾਵਾ ਹੌਲੇ- ਹੌਲੇ ,
ਨੀ , ਕਣਕਾ ਨੂੰ ਪਈਆ ਬੱਲੀਆਂ,
ਚੱਲ , ਵੇਖਣ ਖੇਤਾ ਨੂੰ ਚੱਲੀਏ ,
ਬੈਠ ਜਾ ਟਰੈਂਕਟਰ ਤੇ ,,,,,,,,,
ਫ਼ਤਿਹਾਬਾਦ ਵਿੱਚ ਹਰਿਆਣਾ ਦੇ,
ਸ਼ੌਕ ਰੇਸ਼ਮ ਸੰਧੂ ਦੇ ਅੱਵਲੇ ,
ਨੀ , ਕਣਕਾ ਨੂੰ ਪਈਆ ਬੱਲੀਆਂ,
ਚੱਲ , ਵੇਖਣ ਖੇਤਾ ਨੂੰ ਚੱਲੀਏ ,
ਬੈਠ ਜਾ ਟਰੈਂਕਟਰ ਤੇ ,
ਚੱਲ ਵੇਖਣ ਖੇਤਾ ਨੂੰ ਚੱਲੀਏ ,
ਨੀ ,ਕਣਕਾ ਨੂੰ ਪਈਆ ਬੱਲੀਆਂ,
ਚੱਲ , ਵੇਖਣ ਖੇਤਾ ਨੂੰ ਚੱਲੀਏ ,
ਚੱਲ ,ਵੇਖਣ ਖੇਤਾ ਨੂੰ ਚਲੀਏ ।

ਰੇਸ਼ਮ ਸਿੰਘ ਸੰਧੂ
ਫ਼ਤਿਹਾਬਾਦ ਹਰਿਆਣਾ
ਫੋਨ ਨੰਬਰ 9082690000

### ਬੱਚਿਆਂ ਤੋਂ ਮੁਆਫ਼ੀ

- ਸਵਾਮੀ ਸਰਬਜੀਤ
Swami_Sarabjeet



ਮੇਰੇ ਬੱਚਿਓ ਮੈਨੂੰ ਮੁਆਫ਼ ਕਰਨਾ
ਇਹ ਮੇਰੀ ਹੀ ਬੁਜ਼ਦਿਲੀ ਏ
ਜੋ ਤੁਹਾਡੇ ਖਿਡੌਣਿਆਂ ਦੇ ਵੱਟੇ
ਤੁਹਾਡੇ ਪਾਲਣਿਆਂ 'ਚ ਬੰਬ ਟਿਕਾਉਣ ਵਾਲ਼ਿਆਂ ਨੂੰ
ਮੈਂ ਰੋਕ ਨਾ ਸਕਿਆ।
ਮੈਂ ਰੋਕ ਨਾ ਸਕਿਆ
ਤੁਹਾਡੀਆਂ ਲੋਰੀਆਂ ਦੀ ਥਾਏਂ
ਤੁਹਾਡੇ ਕੰਨਾ 'ਚ
ਧਮਾਕਿਆਂ ਦਾ ਸ਼ੋਰ ਭਰਨ ਵਾਲ਼ਿਆਂ ਨੂੰ।
ਤੁਹਾਡੇ ਰੰਗਾਂ ਦੀ ਹੋਲੀ 'ਚ
ਤੁਹਾਡੇ ਖ਼ੂਨ ਦੇ ਰੰਗ ਦੀ ਮਿਲਾਵਟ ਕਰਨ ਵਾਲ਼ਿਆਂ ਨੂੰ
ਮੈਂ ਵਰਜ ਨਾ ਸਕਿਆ।
ਮੈਂ ਵਰਜ ਨਾ ਸਕਿਆ
ਤੁਹਾਡੇ ਤੋਤਲੇ ਬੋਲਾਂ ਨੂੰ
ਸਿਸਕੀਆਂ, ਚੀਕਾਂ, ਰੋਣਿਆਂ 'ਚ
ਬਦਲਣ ਵਾਲ਼ਿਆਂ ਨੂੰ।
ਤੁਹਾਡੇ ਜ਼ਿਹਨ 'ਚ ਉਡੀਆਂ ਫਿਰਦੀਆਂ ਪਰੀਆਂ ਦੇ ਕਾਤਲ
ਦਾਨਵਾਂ, ਦਿਓਆਂ, ਰਾਕਸ਼ਸ਼ਾਂ, ਚੰਡਾਲਾਂ ਨੂੰ
ਮੈਂ ਬਰੂਹਾਂ ਤੋਂ ਬਾਹਰ ਨਾ ਡੱਕ ਸਕਿਆ।
ਮੈਂ ਨਾ ਡੱਕ ਸਕਿਆ
ਤੁਹਾਡੀਆਂ ਲਾਸ਼ਾਂ ਦੇ ਅੰਬਾਰਾਂ ਦੀਆਂ ਪੌੜੀਆਂ ਬਣਾ ਕੇ
ਆਪਣੇ ਕੁ-ਹਿੱਤਾਂ ਦੀਆਂ ਮੰਜ਼ਿਲਾਂ ਛੂਹਣ ਵਾਲ਼ਿਆਂ ਨੂੰ।
ਮੈਂ ਬੱਸ ਸ਼ਰਮਿੰਦਾ ਹਾਂ,
ਆਪਣੀਆਂ ਸਾਰੀਆਂ ਗਿਆਨ ਇੰਦਰੀਆਂ ਸਮੇਤ ਚੇਤਨ
ਆਪਣੇ ਮਰੇ ਜ਼ਮੀਰ ਸੰਗ ਜਿਊਂਦਾ-ਜਾਗਦਾ
ਮੈਂ ਦਿਮਾਗ਼ੋਂ ਅਪਾਹਜ ਹੋ ਗਿਆ....
ਚੰਦ ਠੀਕਰੀਆਂ ਦੇ ਏਵਜ਼ 'ਚ
ਖ਼ੁਦ ਨੂੰ ਟਕਸਾਲ ਕੋਲ਼ ਵੇਚ ਆਇਆ ਹਾਂ
ਤੇ ਬੁੱਕਲ ਦੇ ਨਿੱਘ ਨੂੰ ਤਪਸ਼ 'ਚ ਢਾਲ਼ ਲਿਆਇਆ ਹਾਂ।
(ਦੁਨੀਆ ਦੀ ਹਰੇਕ ਜੰਗ ਦੇ ਖ਼ਿਲਾਫ਼)

### ਗ਼ਜ਼ਲ

ਕਦ ਤਕ ਖੁਦ ਹੀ ਬੁੱਧੂ ਬਣ ਕੇ ਰਹਿਣਾ ਲੋਕੋ ਉਠੋ ।
ਅਪਣੀ ਲੋਅ ਵਿਚ ਜਗਦਾ ਆਪ ਟਟਹਿਣਾ ਲੋਕੋ ਉਠੋ ।
ਨੇੜ੍ਹੇ ਵਿਚ ਹੀ ਦੀਵੇ ਚੰਨ ਸਿਤਾਰੇ ਜੁਗਨੂੰ ਜਗਦੇ,
ਸੂਰਜ ਅਪਣੀ ਮਰਜ਼ੀ ਨਾਲ ਹੀ ਲਹਿਣਾ ਲੋਕੋ ਉੱਠੋ ।
ਹੇਮਕੁੰਡ ਦੇ ਉੱਤੇ ਜਾ ਕੇ ਭਗਤੀ ਕਰਨੀ ਸੌਖੀ ਨਈ
ਤੜਕ ਸਵੇਰੇ ਸੂਰਜ ਨੇ ਨਈ ਕਹਿਣਾ ਲੋਕੋ ਉੱਠੋ ।
ਨਦੀਆਂ ਨਾਲੇ ਵਹਿ-ਵਹਿ ਕੇ ਹੀ ਖ਼ੁਸ਼ਹਾਲੀ ਦਿੰਦੇ ਨੇ,
ਰਸਤੇ ਦੇ ਵਿਚ ਕਦ ਤਕ ਬੈਠੇ ਰਹਿਣਾ ਲੋਕੋ ਉੱਠੋ ।
ਮਿਹਨਤ ਤੇ ਅਨੁਸ਼ਾਸਨ ਵਿਚ ਹੀ ਅਕਸਰ ਮੰਜ਼ਿਲ ਮਿਲਦੀ
ਸੋਨਾ ਅੱਗ ਵਿਚ ਤਪ ਕੇ ਬਣਦਾ ਗਹਿਣਾ ਲੋਕੋ ਉੱਠੋ ।
ਤੂਫ਼ਾਨਾਂ ਤੇ ਹੜ ਵਿਚ ਵੀ ਉਹ ਝੁਕ ਝੁਕ ਕੇ ਲਹਿਰਾਂਦੇ,
ਬਾਂਸਾਂ ਤੋਂ ਸਿੱਖ ਲਵੋ ਪੀੜਾ ਸਹਿਣਾ ਲੋਕੋ ਉੱਠੋ ।
ਹੁਣ ਮੌਕਾ ਹੈ ਸਾਰੇ ਰਲਕੇ ਫਿਰ ਕੱਠੇ ਹੋ ਜਾਉ,
ਗੇਂਦਾਂ ਮਾਰਨ ਨਾਲ ਹੀ ਪਿੱਠੂ ਢਹਿਣਾ ਲੋਕੋ ਉੱਠੋ ।
ਕਦ ਤਕ ਸਿਉਂਕ ਵਿਚਾਰੀ ਅਪਣੇ ਹੱਕ ਬਰਬਾਦ ਕਰੇ,
ਕਦ ਤਕ ਵਰਮੀਂ ਦੇ ਵਿਚ ਸੱਪਾ ਰਹਿਣਾ ਲੋਕੋ ਉੱਠੋ ।
ਬਿਜਲੀ ਵਿਚ ਹੀ ਇੱਕ ਕਰਾਂਤੀ ਹੁੰਦੀ ਹੈ ਬਾਰਿਸ਼ ਦੀ,
ਬੱਦਲਾਂ ਦੇ ਨਾਲ ਬੱਦਲ ਬਣਕੇ ਖਹਿਣਾ ਲੋਕੋ ਉਠੋ,
ਮੰਜ਼ਿਲ ਜੇਕਰ ਪਾਉਣੀ ਹੈ ਤਾਂ ਕਠੇ ਹੋ ਕੇ ਆਉ
ਰਸਤੇ ਦੇ ਵਿਚ ਭਾਰੀ ਟੁੱਟਿਆ ਟਹਿਣਾ ਲੋਕੋ ਉੱਠੋ ।
'ਬਾਲਮ' ਦੀ ਗੱਲ ਮੰਨ ਲਉ ਰਿਸ਼ਵਤ ਵਾਲਾ ਪਰਬਤ,
ਕੱਲੇ-ਕੱਲੇ ਕੋਲੋਂ ਇਹ ਨਈ ਢਹਿਣਾ ਲੋਕੋ ਉੱਠੋ ।

ਬਲਵਿੰਦਰ ਬਾਲਮ ਗੁਰਦਾਸਪੁਰ
ਓਕਾਂਰ ਨਗਰ ਗੁਰਦਾਸਪੁਰ (ਪੰਜਾਬ)
ਮੋ. 9815625409

### ਔਰਤ ਦੀ ਆਵਾਜ

ਸੁਖਚੈਨ ਸਿੰਘ ਕੁਰੜ



ਐ 'ਮਰਦ-ਪਰਧਾਨ'
ਸਮਾਜ ਦੇ ਬਸ਼ਿੰਦਿਓ...
ਮੈਂ ਸੁਣਿਆਂ,
ਅੱਜ 'ਔਰਤ ਦਿਵਸ' ਮਨਾ ਰਹੇਂ ਹੋਂ...
ਵਿੱਦਿਅਕ ਸੰਸਥਾਵਾਂ,ਵੱਡੇ-ਵੱਡੇ ਸ਼ਹਿਰਾਂ
ਚ 'ਨਾਰੀ-ਚੇਤਨਾ' ਸਮਾਗਮ ਕਰਾ ਰਹੇ ਹੋ।
ਇਹਦੇ ਲਈ,
ਤੁਹਾਡਾ ਸ਼ੁਕਰਾਨਾ ਕਰਨਾ ਤਾਂ ਬਣਦਾ...
ਪਰ,
ਇਸਤੋਂ ਪਹਿਲਾਂ ਕੁੱਝ ਸਵਾਲ ਨੇ ਮੇਰੇ ਮਨ 'ਚ
ਕੀ ਕਦੇ ਸੁਰੱਖਿਅਤ ਹੋਵੇਗਾ,
ਮੇਰਾ 'ਕੁੱਖ ਤੋਂ ਕਬਰ' ਤੱਕ ਦਾ ਸਫ਼ਰ.....?
ਕੀ ਮੈਂ ਅਜ਼ਾਦ ਹੋ ਕੇ,
ਸੁਰੱਖਿਅਤ ਘੁੰਮ ਸਕਾਗੀਂ
'ਘਰ ਤੋਂ ਲੈਕੇ ਸਮਾਜ ਵਿੱਚ'..?
ਕੀ ਕਦੇ ਸੰਗਲੀ ਪਵੇਗੀ,
ਸਿਆਸਤ ਦੇ ਪਾਲਤੂ ਕੁੱਤਿਆਂ
ਨੂੰ.?
ਜੋ ਸਿਰਫ ਜਿਸਮਾਂ ਦੇ ਭੁੱਖੇ ਨੇ,
ਤੇ ਆਪਣੀ ਇਸ ਭੁੱਖ ਲਈ,ਮੇਰੀ ਹੋਂਦ
ਤੇ ਮੇਰੀ ਕੁੱਖ ਨੂੰ ਖਤਰੇ 'ਚ ਪਾ ਰਹੇ ਨੇ..
ਕੀ ਮੈਨੂੰ,ਕਵਿਤਾਵਾਂ,ਭਾਸ਼ਣਾ ਤੇ
ਤੁਹਾਡੇ ਸੈਮੀਨਰਾਂ ਦੇ ਬਿਆਨੀਏ ਲਹਿਜੇ ਤੋਂ ਬਿਨਾਂ, ਤੁਹਾਡੇ ਖਿਆਲਾਂ,ਤੁਹਾਡੀ ਜ਼ਿੰਦਗੀ
ਤੇ ਤੁਹਾਡੀ ਸੋਚ 'ਚ
'ਬਰਾਬਰਤਾ' ਦਾ ਅਧਿਕਾਰ ਮਿਲ਼ੇਗਾ....?
ਮਾਫ ਕਰਨਾ ਦੋਸਤੋ,
ਮੈਂ ਉਸੇ ਦਿਨ ਹੀ ਕਬੂਲਾਗੀ 'ਔਰਤ ਦਿਵਸ'
ਦੀ ਮੁਬਾਰਕਬਾਦ...

### ਕੌਮਾਂਤਰੀ ਨਾਰੀ ਦਿਵਸ



ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾਂ ਤਹਿਸੀਲ
ਸਮਾਣਾ ਜ਼ਿਲ੍ਹਾ ਪਟਿਆਲਾ
98784-69639

1. ਕੌਮਾਂਤਰੀ ਨਾਰੀ- ਦਿਵਸ ਮਨਾਵੇ ਜੱਗ ,
ਮਹਿਲਾਵਾਂ ਨੂੰ ਬਣਾਉਣ ਲਈ ਸ਼ਕਤੀਵਾਨ ।
ਔਰਤ ਆਪਣੇ ਆਪ ਚ ਹੀ ਸ਼ਕਤੀ ,
ਹਿੰਮਤ ਮਾਰ ਬਣਾਵੇ ਪਹਿਚਾਣ ।
ਸ੍ਰਿਸ਼ਟੀ ਦੀ ਜਣਨੀ ਹੈ ਮਹਿਲਾ ,
ਦੈਵੀ- ਸ਼ਕਤੀ ਦਾ ਮਿਲਿਆ ਵਰਦਾਨ ।
ਸਵਰਗ ਬਣਾਵੇ ਹਰ ਘਰ ਨੂੰ ,
ਨਾਰੀ ਹੈ ਦੁਨੀਆਂ ਦੀ ਪਹਿਚਾਣ ।
ਮਾਂ, ਭੈਣ, ਧੀ ਅਤੇ ਪਤਨੀ ਬਣਕੇ ,
ਘਰ ਘਰ ਦੀ ਬਣੇ ਸ਼ਾਨ ।
ਕੌਮਾਂਤਰੀ- ਨਾਰੀ ਦਿਵਸ ਮਨਾਵੇ ਜੱਗ,
ਮਹਿਲਾਵਾਂ ਨੂੰ .........................।
2. ਸਮਾਜਵਾਦੀ ਪਾਰਟੀ ਨੇ 1909 ਵਿੱਚ,
ਨਿਊਯਾਰਕ ਦੇ ਕੋਪਨਹੈਗਨ ਦੀਆਂ ,
ਕਿਰਤੀ ਔਰਤਾਂ ਦਾ ਕੀਤਾ ਸੀ ਸਨਮਾਨ ।
ਕੱਪੜਾ ਉਦਯੋਗ ਚ ਕੰਮ ਕਰਨ ਵਾਲੀਆਂ ,
ਗ਼ਰੀਬ ਔਰਤਾਂ ਦੀਆਂ ਹਾਲਤਾਂ ਦਾ ਨਹੀਂ ਸੀ ਧਿਆਨ ।
ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਵੀ ,
ਬਾਬਾ ਅੰਬੇਦਕਰ ਸਾਹਿਬ ਨੇ ,
ਨਾਰੀ ਦਾ ਜ਼ਿਕਰ ਕੀਤਾ ਵਿਚ ਸੰਵਿਧਾਨ । ਯੂਐਨਓ ਵੱਲੋਂ ਜਾਗਰੂਕ
ਕਰਨ ਲਈ ਔਰਤਾਂ ਨੂੰ ,
1975 ਵਿੱਚ ਲੱਗੇ ਨਾਰੀ ਦਿਵਸ ਮਨਾਉਣ ,
ਮਹਿਲਾਵਾਂ ਨੂੰ ................................।
3 . ਬਾਬੇ ਨਾਨਕ ਵੀ ਲਿਖਿਆ ,
ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ।
ਜਿੱਥੇ ਮਿਲਜੁਲ ਹੋਵੇ ਕਿਰਤ ਕਮਾਈ ,
ਸਾਂਝੀਵਾਲਤਾ ਚ ਮਿਲੇ ਭਗਵਾਨ ।
ਨਾਰੀ ਨੂੰ ਸਮਝਣ ਦੂਜੇ ਦਰਜੇ ਦਾ ਸ਼ਹਿਰੀ ,
ਸਦੀਆਂ ਤੋਂ ਚਲਿਆ ਆ ਰਿਹਾ ਮਰਦ ਪ੍ਰਧਾਨ
ਕਬੀਲਦਾਰੀ ਤਾਂ ਰਲਮਿਲ ਚੱਲਣੀ ,
ਜੇ ਅਰਧਾਂਗਣੀ ਨੂੰ ਮਿਲੇਗਾ ਸਨਮਾਨ ।
ਕੌਮਾਂਤਰੀ ਦਿਵਸ ਮਨਾਵੇ ਜੱਗ ,
ਮਹਿਲਾਵਾਂ ਨੂੰ ..............................।
4. ਮੈਂ ਵੀ ਲਿਖਣ ਲੱਗਿਆ ਨਾਰੀ ਦਿਵਸ ਤੇ ,
ਘਰਵਾਲੀ ਮੇਰੀ ਟੋਕਣ ਲੱਗੀ ,
ਸਾਰਾ ਦਿਨ ਕੀ ਕੀੜੀਆਂ ਮਾਰੀ ਜਾਨੇ ਓਂ ,
ਕਦੀ ਸਾਡਾ ਵੀ ਕਰੋ ਧਿਆਨ ।
ਰੱਬ ਨੂੰ ਮੈਂ ਸ਼ਾਂਤੀ ਦੀ ਕਰਾਂ ਬੇਨਤੀ ,
ਕਵਿਤਾ ਹੋ ਜਾਵੇ ਪ੍ਰਵਾਨ ।
ਨਾਰੀ ਹੁੰਦੀ ਗੁਣਾਂ ਦੀ ਗੁਥਲੀ ,
ਖ਼ਜ਼ਾਨਾ ਪਿਆਰ ਦਾ ,ਬੱਚਿਆਂ ਲਈ ਸ਼ੀਸ਼ਾ ,
ਘਰੇਲੂ ਕੰਮ ਸਭ ਤੋਂ ਔਖਾ ਫਿਰ ਵੀ ,
ਬੇੜੀ ਬੰਨੇ ਲਾਉਣ ਵਾਲੀ ਪ੍ਰਤਿਭਾਵਾਨ ।
ਕੌਮਾਂਤਰੀ ਦਿਵਸ ਮਨਾਵੇ ਜੱਗ ,
ਮਹਿਲਾਵਾਂ ਨੂੰ ਬਣਾਉਣ ਲਈ ਸ਼ਕਤੀਵਾਨ ।

### ਸੈਣੀ ਮਾਰ ਪਰੈਣੀ






ਗੁਰਮਾਨ ਸੈਣੀ
9256346906
8360487488

ਬਦਲ ਰਿਹਾ ਇਤਿਹਾਸ ਜਮਾਨਾ ਦੇਖ ਰਿਹਾ।
ਝਾੜੂ ਹੋ ਗਿਆ ਪਾਸ ਜਮਾਨਾ ਦੇਖ ਰਿਹਾ।

ਤੱਕੜੀ ਵਾਲੇ ਬਹਿ ਗਏ ਸਰਨੀ ਨਾਨਕ ਦੇ
ਹੋਇਆ ਵੋਟ ਕਰਾਸ ਜਮਾਨਾ ਦੇਖ ਰਿਹਾ।

ਅਗਲਾ ਕਦਮ ਵਧਾਇਆ ਦਿੱਲੀ ਵਾਲੇ ਨੇ
ਧਰਿਆ ਲਿਆ ਪੰਜਾਬ ਜਮਾਨਾ ਦੇਖ ਰਿਹਾ।

ਖੇਤਾਂ ਵਾਲੇ ਬਹਿ ਗਏ ਰਾਖੀ ਕਣਕਾਂ ਦੀ
ਬਣਿਆ ਖ਼ਾਸ ਪੰਜਾਬ ਜਮਾਨਾ ਦੇਖ ਰਿਹਾ।

ਨੰਨ੍ਹੀ ਛਾਂ ਤਾਂ ਬਹਿ ਗਈ ਲੈ ਕੇ ਭਾਈ ਨੂੰ
ਸੁੱਖਾ ਪਿਆ ਉਦਾਸ ਜਮਾਨਾ ਦੇਖ ਰਿਹਾ।

ਵਿੱਚ ਭਦੌੜੀਂ ਪੈ ਗਏ ਭੰਗੜੇ ਝੂੰਮਰ ਨਾਲ
ਹੋਇਆ ਮਾਲਵਾ ਪਾਸ ਜਮਾਨਾ ਦੇਖ ਰਿਹਾ।

ਚੰਗੇ ਰਹੇ ਪੰਜਾਬੀ ਕਰਤੀ ਇੱਕ ਪਾਸੇ
ਖੂੰਜੇ ਲਾ ਤੇ ਖਾਸ ਜਮਾਨਾ ਦੇਖ ਰਿਹਾ।

ਮਾਵਾਂ ਵੈਣੀਂ ਪਈਆਂ ਵਿੱਚ ਸ਼ਮਸ਼ਾਨਾਂ ਦੇ
ਹੋ ਜੇ ਚਿੱਟੇ ਦਾ ਨਾਸ਼ ਜਮਾਨਾ ਦੇਖ ਰਿਹਾ।

ਜਿਹੜਾ ਮਰਜ਼ੀ ਪਹੁਚੇ ਚੰਡੀਗੜ੍ਹ ਅੰਦਰ
ਵੋਟਰ ਸਦਾ ਉਦਾਸ ਜਮਾਨਾ ਦੇਖ ਰਿਹਾ।

ਮੈਂ ਮਰਜਾਣਾ 'ਮਾਨ' ਉਮੀਦਾਂ ਰੱਖ ਰਿਹਾਂ
ਆਮ ਹੋ ਗਿਆ ਖ਼ਾਸ ਜਮਾਨਾ ਦੇਖ ਰਿਹਾ।

### ਕੋਈ ਬੋਲਦਾ ਨਹੀਂ



ਅੱਜ ਦਾ ਬੰਦਾ ਹੀ ਬੰਦੇ ਨੂੰ ਖਾ ਰਿਹਾ ਏ,
ਕੋਈ ਬੋਲਦਾ ਨਹੀਂ।
ਅੱਖਾਂ ਹੁੰਦਿਆ ਖ਼ੂਹ ਵਲ ਜਾ ਰਿਹਾ ਏ,
ਕੋਈ ਬੋਲਦਾ ਨਹੀਂ।
ਰਿਸ਼ਤੇ ਨਾਤਿਆਂ ਦੀ,
ਲੜੀ ਖ਼ਤਮ ਹੋਈ।
ਭਾਈ-ਭਾਈ ਤੇ ਜ਼ੁਲਮ ਕਮਾ ਰਿਹਾ ਏ,
ਕੋਈ ਬੋਲਦਾ ਨਹੀਂ।
ਜ਼ੁਲਮ ਵੱਧ ਗਏ ਧੀਆਂ ਧਿਆਣੀਆਂ ਤੇ,
ਕੋਈ ਜਬਰੀ ਚੁੱਕ ਲਿਜਾ ਰਿਹਾ ਏ,
ਕੋਈ ਬੋਲਦਾ ਨਹੀਂ।
ਮਾਂ-ਬਾਪ ਨੂੰ ਉੱਕਾ ਹੀ ਭੁੱਲ ਬੈਠੇ,
ਅੱਖਾਂ ਬਾਪ ਨੂੰ ਪੁੱਤ ਵਿਖਾ ਰਿਹਾ ਏ,
ਕੋਈ ਬੋਲਦਾ ਨਹੀਂ।
ਪੈਸੇ ਵਾਲੇ ਨੂੰ ਏਥੇ ਸਲਾਮ ਹੁੰਦੀ,
ਤਕੜਾ ਮਾੜੇ ਤੇ ਜ਼ੁਲਮ ਕਮਾ ਰਿਹਾ ਏ,
ਕੋਈ ਬੋਲਦਾ ਨਹੀਂ।
ਵਿਰਸਾ ਭੁੱਲ ਗਏ ਗੀਤਾਂ ਨੂੰ ਗਾਉਣ ਵਾਲੇ,
ਹਰ ਗਾਇਕ ਅੱਜ ਗੰਦ ਹੀ ਗਾ ਰਿਹਾ ਏ,
ਕੋਈ ਬੋਲਦਾ ਨਹੀਂ।
ਕੀ ਆਖਾਂ ਮੈਂ ਕਲਮ ਦੇ ਧਨੀਆ ਤਾਈਂ,
ਸ਼ਾਇਰ ਗੰਦੀ ਹੀ ਕਲਮ ਚਲਾ ਰਿਹਾ ਏ,
ਕੋਈ ਬੋਲਦਾ ਨਹੀਂ।
ਚੰਗੇ ਮਾੜੇ ਦੀ ਹੁੰਦੀ ਨਾ ਪਰਖ ਏਥੇ,
ਐਸ਼ ਲੁੱਚਾ ਲਫੰਗਾ ਉਡਾ ਰਿਹਾ ਏ,
ਕੋਈ ਬੋਲਦਾ ਨਹੀਂ।
ਭੱਠਾ ਬੈਠਾ ਸਮਾਜ ਦੇ ਰਾਖਿਆ ਦਾ,
ਹਰ ਕੋਈ ਆਪਣਾ ਕਾਨੂੰਨ ਚਲਾ ਰਿਹਾ ਏ,
ਕੋਈ ਬੋਲਦਾ ਨਹੀਂ।
ਝੱਮਟ ਨੂੰ ਔਕੜਾਂ ਆਉਣ ਪਈਆ,
ਸੋਚਾਂ ਫਿਕਰਾਂ ਦੇ ਵਿਚ ਕੁਰਲਾ ਰਿਹਾ ਏ,
ਕੋਈ ਬੋਲਦਾ ਨਹੀਂ।



ਮਹਿੰਦਰ ਸਿੰਘ ਝੱਮਟ
ਪਿੰਡ ਅੱਤਵਾਲ ਜ਼ਿਲ੍ਹਾ
ਹੁਸ਼ਿਆਰਪੁਰ
ਮੋ 9915898210

### ਉਹ ਦਿਨ

ਧੰਨਾ ਧਾਲੀਵਾਲ:-
9878235714



ਘਰ ਨੂੰ ਲਿਪਣ ਵਾਲ਼ੀ
ਚਰਖੇ ਦੀ ਹੁੰਦੀ ਬਈ ਰਾਣੀ ਸੀ।
ਘਰ ਘਰ ਦੇ ਵਿੱਚ ਪੈਂਦੀ ਹੁੰਦੀ
ਚਾਟੀ ਵਿੱਚ ਮਧਾਣੀ ਸੀ।
ਖੂਹੀ ਦੇ ਵਿੱਚ ਲੱਜ ਲਮਕਾਕੇ
ਭਰਿਆ ਕਰਦੇ ਪਾਣੀ ਸੀ।
ਝੂਟਾ ਝੂਟਦੀ ਰਲਮਿਲ਼ਕੇ ਉਹ
ਕੁੜ ੀਆਂ ਵਾਲ਼ੀ ਟਾਣੀ ਸੀ।
ਕੱਚੇ ਘਰ ਵਿੱਚ ਰੱਖੇ ਮੋਘੇ ਓਟੇ ਸੀ ਕੁਝ ਆਲ਼ੇ।
ਉਹ ਦਿਨ ਸੀ ਚੰਗੇ ਰੌਣਕ ਲੈਗੇ ਨਾਲ਼ੇ।
ਉਹ ਦਿਨ ਸੀ ਚੰਗੇ।

ਝੜੀ ਲੱਗਣ ਤੇ ਟਪਕਉਆ
ਵਿੱਚ ਲਗਦਾ ਸੀ ਬਰਸਾਤਾਂ ਦੇ।
ਆਟਾ ਗੁੰਨਿਆਂ ਕਰਦੇ ਸੀ ਵਿੱਚ
ਪਿੱਤਲ ਦੀਆਂ ਪ੍ਰਾਤਾਂ ਦੇ।
ਵਿੱਚ ਸਕੂਲ ਦੇ ਘੜੀਆਂ ਕਲਮਾਂ
ਚੇਤੇ ਵਕਤ ਦਵਾਤਾਂ ਦੇ।
ਪੋਤਾ ਮਾਣਦਾ ਹੁੰਦਾ ਸੀ ਓਦੋਂ
ਨਿੱਘ ਬੇਬੇ ਦੀਆਂ ਬਾਤਾਂ ਦੇ।
ਗੁੱਲੀ ਡੰਡਾ ਲੁਕਣ ਮਚਾਈਆਂ ਖੇਡੇ ਘੇਰ-ਘਰਾਲ਼ੇ।
ਉਹ ਦਿਨ ਸੀ ਚੰਗੇ ਰੌਣਕ ਲੈਗੇ ਨਾਲ਼ੇ।
ਉਹ ਦਿਨ ਸੀ ਚੰਗੇ।

ਚੁੱਲ੍ਹੇ ਦੇ ਵਿੱਚ ਸੁਲਘੇ ਪਾਥੀ
ਹਰ ਘਰ ਦੀਵਾ ਜਗਦਾ ਸੀ।
ਉਹ ਵੇਲ਼ਾ ਤਾਂ ਇਸ ਵੇਲ਼ੇ ਤੋਂ
ਬੜਾ ਈ ਸੋਹਣਾ ਲਗਦਾ ਸੀ।
ਕੁੜਤਾ ਚਾਦਰਾ ਧੌੜੀ ਵਾਲ਼ੀ
ਜੁੱਤੀ ਦੇ ਨਾਲ਼ ਫਬਦਾ ਸੀ।

ਝੱਲੀ ਪੱਖੀ ਸਿਖ਼ਰ ਦੁਪਿਹਰੇ
ਜਦ ਵੀ ਸੂਰਜ ਮਘਦਾ ਸੀ।
ਬਲਦਾਂ ਦੇ ਗਲ਼ ਪਾਉਂਦੇ ਹੁੰਦੇ ਜੋਤ ਘੁੰਗਰੂਆਂ ਵਾਲ਼ੇ।
ਉਹ ਦਿਨ ਸੀ ਚੰਗੇ ਰੌਣਕ ਲੈਗੇ ਨਾਲ਼ੇ।
ਉਹ ਦਿਨ ਸੀ ਚੰਗੇ।

ਬਚਪਨ ਤੈਨੂੰ ਚੇਤੇ ਆ ਗਿਆ
ਆ ਗਿਆ ਧਾਲੀਵਾਲ਼ਾ ਵੇ।
ਕੰਨ ਪਾਟੇ ਸੀ ਜੋਗੀਆਂ ਦੇ
ਉਹ ਗਲ਼ ਵਿੱਚ ਪਾਉਂਦੇ ਮਾਲ਼ਾ ਵੇ।
ਸੱਪ ਸਪੇਰਾ ਫੜ੍ਹ ਲੈ ਗਿਆ
ਲੈ ਗਿਆ ਰੰਗ ਦਾ ਕਾਲ਼ਾ ਵੇ।
ਪਹਿਲਾਂ ਨਾਲ਼ੋਂ ਬਦਲ ਗਿਆ ਐ
ਤੇਰਾ ਪਿੰਡ ਹੰਸਾਲ਼ਾ ਵੇ।
ਇੱਕ ਦੂਜੇ ਨਾਲ਼ ਸਕੇ ਭਰਾ ਹੁਣ ਕਰਦੇ ਘਾਲ਼ੇ-ਮਾਲ਼ੇ।
ਉਹ ਦਿਨ ਸੀ ਚੰਗੇ ਰੌਣਕ ਲੈਗੇ ਨਾਲ਼ੇ।
ਉਹ ਦਿਨ ਸੀ ਚੰਗੇ।

### ਸੁਹਾਗ ਦੀ ਨਿਸ਼ਾਨੀ ਹਨ ਚੂੜੀਆਂ

ਸੂਰੀਆ ਕਾਂਤ ਵਰਮਾ



ਰੰਗ ਬਰੰਗੀਆਂ ਮਨਮੋਹਕ ਹੁੰਦੀਆਂ ਨੇ ਚੂੜੀਆਂ,
ਸਭਨਾਂ ਦੇ ਮਨ ਭਾਉਂਦੀਆਂ ਨੇ ਚੂੜੀਆਂ।
ਲਾਲ, ਪੀਲੇ,ਹਰੇ,ਨੀਲੇ ਰੰਗਾਂ ਦੀਆਂ,
ਅਪਣੇ ਰੰਗਾਂ ਨਾਲ ਲੁਭਾਉਂਦੀਆਂ ਨੇ ਚੂੜੀਆਂ।
ਗਲੀ ਗਲੀ ਹੋਕਾ ਦਿੰਦਾ ਫਿਰੇ ਬਣਜਾਰਾ
ਚੂੜੀਆਂ ਲੈ ਲਵੋ ਚੂੜੀਆਂ
ਸੁਣ ਹੋਕਾ ਉਸਦਾ
ਘਰੋਂ ਭੱਜੀਆਂ ਆਉਂਦੀਆਂ ਨੇ ਕੁੜੀਆਂ।
ਸੁਹਾਗਨ ਨਾਰੀ ਦੀ ਨਿਸ਼ਾਨੀ ਹਨ ਇਹ ਚੂੜੀਆਂ,
ਦੁਲਹਿਨ ਪਾਉਂਦੀ ਹੈ ਜਦ ਹੱਥਾਂ ਵਿਚ,
ਅਪਸਰਾ ਬਣਾਉਂਦੀਆਂ ਹਨ ਉਸਨੂੰ ਇਹ ਚੂੜੀਆਂ।
ਸਾਜਨ ਵੀ ਮੋਹਿਤ ਹੋ ਜਾਵੇ,
ਸਜਨੀ ਹੱਥਾਂ ਵਿਚ ਜਦੋਂ ਖਣਕਾਉਂਦੀ ਹੈ ਚੂੜੀਆਂ।
ਜਦੋਂ ਆਦਮੀ ਕਰਦਾ ਹੈ ਬੁਜ਼ਦਿਲਾਂ ਵਾਲੇ ਕੰਮ,
ਉਸਦੇ ਹੱਥਾਂ ਵਿਚ ਪਾਈਆਂ ਜਾਂਦੀਆਂ ਨੇ ਫੇਰ ਚੂੜੀਆਂ।
ਮਾਤਮ ਹੋਵੇ ਘਰ ਵਿੱਚ,
ਤਾਂ ਔਰਤ ਦੇ ਹੱਥਾਂ @ਚੋਂ ਤੋੜੀਆਂ ਜਾਂਦੀਆਂ ਨੇ ਚੂੜੀਆਂ।
ਸਮਝਣ ਵਾਲੇ ਸਮਝ ਜਾਂਦੇ ਨੇ,
ਮੂਕ ਰਹਿਕੇ ਵੀ ਬਹੁਤ ਕੁਝ ਕਹਿ ਜਾਂਦੀਆਂ ਨੇ ਚੂੜੀਆਂ।

### ਬਾਲ ਕਵਿਤਾ





ਬਸੰਤ ਆਈ , ਬਸੰਤ ਆਈ ,
ਫੁੱਲਾਂ - ਬੂਟਿਆਂ 'ਤੇ ਖ਼ੁਸ਼ੀਆਂ ਲਿਆਈ ,
ਮੈਂ ਤੇ ਰਾਜੂ ਪਤੰਗ ਚੜ੍ਹਾਏ ,
ਅਸਮਾਨ ਵਿੱਚ ਉੱਚੀ - ਉੱਚੀ ਉਡਾਏ ,
ਬਸੰਤ ਆਈ , ਬਸੰਤ ਆਈ ,
ਹਰ ਪਾਸੇ ਖ਼ੁਸ਼ੀ ਲਿਆਈ ।

ਅਦਿੱਤਿਯਾਪ੍ਰੀਤ ਸਿੰਘ , ਜਮਾਤ : ਤੀਸਰੀ ,
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ
- ਬਲਾਕ : ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ : ਰੂਪਨਗਰ ( ਪੰਜਾਬ)
ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ।

### ਮੈਂ ਖ਼ੁਦ ਔਰਤ ਹਾਂ





ਗੁਰਬਿੰਦਰ ਕੌਰ
( ਸਪੇਨ )

ਮੈਂ ਖ਼ੁਦ ਹੀ ਇੱਕ ਔਰਤ ਹਾਂ ,
ਕੀ ਕਰਾਂ ਔਰਤ ਦੀ ਵਡਿਆਈ !
ਔਰਤ ਨਿਮਾਣੀ ਅਤੇ ਸੁਚੱਜੀ ,
ਝਾਂਸੀ ਦੀ ਰਾਣੀ, ਹੈ ਭਾਗੋ ਮਾਈ !
ਜਿਸ ਘਰ ਸਤਿਕਾਰ ਮਾਣ ਹੈ ,
ਓਸ ਘਰ ਸੁੱਖ ਬੇ ਅੰਤ ਹੈ ਦੌਲਤ !
ਓਹ ਘਰ ਸੁੱਖ ਚੈਨ ਵੜੇ ਨਾ ,
ਹੋਵੇ ਜਿਸ ਘਰ ਚ ਦੱਬਾਈ ਔਰਤ !
ਓ ਮਰਦਾਂ ਨੂੰ ਕਿੰਝ ਮਾੜੇ ਆਖਾਂ ,
ਜੋ ਔਰਤ ਦੇ ਨਾਲ ਲਾ ਮੋਢਾ ਤੁਰਦੇ !
ਹਾਸੇ ਵੱਖੇਰਨ ਰੱਲਕੇ ਔਰਤ ਨਾ ,
ਨਾ ਦੇਖ ਇੱਕ ਦੂਜੇ ਤੋਂ ਕਦੇ ਕੁੜਦੇ !
ਬੂਰਾ ਮੰਨਾਇਓ ਨਾ ਕੌੜਾ ਸੱਚ ਹੈ ,
ਸੁਣੋ ਸੱਭ ਮੇਰੀ ਸਹੇਲੀਓ ਭੈਣੋਂ ਸੱਚੀ !
ਮਰਦਾਂ ਨਾਲੋਂ ਵੱਧਕੇ ਘਰ ਵੇਖੇ ਨੇ ,
ਜਿੱਥੇਂ ਔਰਤਾਂ ਜੁੱਲਮਾਂ ਦੀ ਅੱਤ ਚੱਕੀ !
ਮਰਦਾਂ ਦੇ ਨਾਲ ਮਹਾਨ ਹੈ ਔਰਤ ,
ਔਰਤਾਂ ਸਿਰ ਤੇ ਮਰਦਾਂ ਤਰੱਕੀ ਪਾਈ !
ਔਗੁਣਾਂ ਨਾਲ ਨਾ ਕੋਈ ਵੀ ਪੂਰਾ ,
ਗੁਣਾਂ ਨਾਲ ਹੀ ਹੈ ਗੁਰਬਿੰਦਰ ਚੱੜਾਈ !

### ਮਿੰਨੀ ਕਹਾਣੀ — ਮੈਂ ਵੀ ਹਾਂ....



ਮਨਜੀਤ ਕੌਰ ਲੁਧਿਆਣਵੀ,
ਸ਼ੇਰਪੁਰ, ਲੁਧਿਆਣਾ
ਮੋਂ:9464633059

ਸਰਬਜੀਤ....!......!
ਸਰਬਜੀਤ.....! ਇੱਧਰ ਆ ਜ਼ਰਾ। ਹਰਜੀਤ ਨੇ ਪਤਨੀ ਨੂੰ ਗੁੱਸੇ ਵਿੱਚ ਆਵਾਜ਼ ਮਾਰੀ।

ਹਾਂਜੀ, ਦਸੋ! ਕੀ ਹੋ ਗਿਆ? ਸਰਬਜੀਤ ਰਸੋਈ ਵਿੱਚੋਂ ਹੱਥ ਸਾਫ਼ ਕਰਦਿਆਂ ਬਾਹਰ ਆਈ।

ਤੈਨੂੰ ਕਿੰਨੀ ਵਾਰ ਕਿਹਾ ਕਿ ਮੈਨੂੰ ਆਲੂ-ਮਟਰ ਦੀ ਸਬਜ਼ੀ ਬਿਲਕੁੱਲ ਪਸੰਦ ਨਹੀਂ ਹੈ। ਹਰਜੀਤ ਉਸੇ ਤਰ੍ਹਾਂ ਗੁੱਸੇ ਵਿੱਚ ਬੋਲਿਆ।

ਹਾਂਜੀ, ਪਤੈ ਮੈਨੂੰ! ਸਰਬਜੀਤ ਨਿਮਰਤਾ ਨਾਲ਼ ਬੋਲੀ।

ਕੀ ਸਵਾਹ ਪਤਾ ਤੈਨੂੰ? ਆਹ ਡੌਂਗੇ ਵਿੱਚ ਆਲੂ- ਮਟਰ ਦੀ ਸਬਜ਼ੀ ਪਾ ਕੇ ਰੱਖੀ ਹੋਈ ਹੈ। ਮੇਜ਼ ਤੇ ਪਏ ਡੌਂਗੇ ਵੱਲ ਇਸ਼ਾਰਾ ਕਰਦਿਆਂ ਹਰਜੀਤ ਅੱਗ ਵਾਂਗ ਭੜਕਿਆ।

ਹਾਂਜੀ, ਮੈਂ ਹੀ ਰੱਖੀ ਹੈ ਆਲੂ-ਮਟਰ ਦੀ ਸਬਜ਼ੀ। ਪਰ ਉਹ ਤੁਹਾਡੇ ਲਈ ਨਹੀਂ ਰੱਖੀ ਹੈ। ਹਰਜੀਤ ਹਜੇ ਵੀ ਨਿਮਰਤਾ ਨਾਲ਼ ਬੋਲੀ।

ਮੇਰੇ ਲਈ ਨਹੀਂ ਰੱਖੀ? ਫ਼ਿਰ ਹੋਰ ਏਥੇ ਕੌਣ ਹੈ! ਜੀਹਦੇ ਲਈ ਰੱਖ ਕੇ ਗਈ ਹੈ? ਹਰਜੀਤ ਨੇ ਹੋਰ ਵੀ ਚਿੜਦਿਆਂ ਕਿਹਾ।

'ਮੈਂ' ....ਮੈਂ ਵੀ ਹਾਂ ਜੀ। ਇਹ ਸਬਜ਼ੀ ਮੇਰੇ ਲਈ ਹੈ। ਕਿਉਂਕਿ ਮੈਨੂੰ ਆਲੂ-ਮਟਰ ਬਹੁਤ ਪਸੰਦ ਹੈ। ਤੇ ਅੱਜ ਮਹਿਲਾ ਦਿਵਸ ਤੇ ਖਾਸ ਆਪਣੇ ਲਈ ਮੈਂ ਇਹ ਸਬਜ਼ੀ ਬਣਾਈ ਹੈ। ਤੁਹਾਡੇ ਲਈ ਦੂਸਰੇ ਡੌਂਗੇ ਵਿੱਚ ਪਨੀਰ ਦੀ ਸਬਜ਼ੀ ਹੈ। ਸ਼ਾਇਦ ਤੁਸੀਂ ਉਹ ਦੇਖੀ ਨਹੀਂ। ਕਹਿ ਕੇ ਸਰਬਜੀਤ ਆਪਣੀ ਚੁੰਨੀ ਸਵਾਰਦਿਆਂ ਰਸੋਈ ਵੱਲ ਤੁਰ ਗਈ ਤੇ ਹਰਜੀਤ ਦੀ ਜ਼ੁਬਾਨ ਜਿਵੇਂ ਤਾਲੂਏ ਨਾਲ਼ ਲੱਗ ਗਈ ਸੀ।

# ਹਰਿਆਵਲ

ਕਿੰਨੂ ਦੇ ਬੂਟੇ ਉੱਪਰ ਸਾਲ ਵਿਚ ਕਈ ਵਾਰ ਫੁਟਾਰਾ ਆਉਣ ਕਾਰਨ ਇਸ 'ਤੇ ਕੀੜਿਆਂ ਦਾ ਹਮਲਾ ਵੀ ਜ਼ਿਆਦਾ ਹੁੰਦਾ ਹੈ। ਛੋਟੀਆਂ-ਛੋਟੀਆਂ ਕੁਝ ਸਾਵਧਾਨੀਆਂ ਨਾਲ ਅਸੀਂ ਕਾਫੀ ਹੱਦ ਤਕ ਇਨ੍ਹਾਂ ਕੀੜਿਆਂ ਦੇ ਹਮਲੇ ਨੂੰ ਘੱਟ ਕਰ ਸਕਦੇ ਹਾਂ...







## ਕਿੰਨੂ ਦੇ ਕੀੜਿਆਂ ਦੀ ਸਰਵਪੱਖੀ ਰੋਕਥਾਮ

• ਮਨਦੀਪ ਪਠਾਨੀਆਂ, ਕੁਲਦੀਪ ਸਿੰਘ ਭੁੱਲਰ

ਪੰਜਾਬ 'ਚ ਫਲਾਂ ਅਧੀਨ ਕੁੱਲ ਰਕਬੇ ਦਾ ਤਕਰੀਬਨ 60 ਫ਼ੀਸਦੀ ਰਕਬਾ ਕਿੰਨੂ ਹੇਠ ਹੈ। ਕਿੰਨੂ ਦੇ ਪੌਦੇ ਉੱਪਰ ਸਾਲ 'ਚ ਕਈ ਵਾਰ ਫੁਟਾਰਾ ਆਉਂਦਾ ਹੈ, ਜੋ ਕਈ ਕਿਸਮਾਂ ਦੇ ਕੀੜਿਆਂ ਨੂੰ ਸੱਦੇ ਦਾ ਕਾਰਨ ਬਣਦਾ ਹੈ। ਇਨ੍ਹਾਂ ਕੀੜਿਆਂ 'ਚ ਮੁੱਖ ਤੌਰ ਤੇ ਸਿੱਲਾ ਜਾਂ ਖੜ੍ਹਵਾਂ ਤੇਲਾ (ਸਿਟਰਸ ਸਿੱਲਾ), ਸੁਰੰਗੀ ਕੀੜਾ (ਲੀਫ ਮਾਈਨਰ), ਚੇਪਾ (ਏਫਿਡ), ਚਿੱਟੀ ਮੱਖੀ (ਵਾਈਟ ਫਲਾਈ), ਕਾਲੀ ਮੱਖੀ (ਬਲੈਕ ਫਲਾਈ), ਨਿੰਬੂ ਜਾਤੀ ਦੀ ਭੂਰੀ ਜੂੰ (ਸਿਟਰਸ ਥਰਿੱਪ), ਫਲ ਚੂਸਣਾ ਪਤੰਗਾ, ਮਿਲੀ ਬੱਗ (ਗੁਦੈਹੜੀ), ਪੱਤਾ ਲਪੇਟ ਸੁੰਡੀ (ਲੀਫ ਫੋਲਡਰ), ਜੂੰ (ਮਾਈਟ), ਪੇਪੜੀ ਵਾਲਾ ਕੀੜਾ (ਸਕੇਲ ਕੀੜਾ), ਫਲ ਦੀ ਮੱਖੀ (ਫਰੂਟ ਫਲਾਈ) ਸ਼ਾਮਲ ਹਨ। ਇਹ ਕੀੜੇ ਬੂਟਿਆਂ ਦੇ ਸਿੱਧੇ ਨੁਕਸਾਨ ਤੋਂ ਇਲਾਵਾ ਕਈ ਤਰ੍ਹਾਂ ਦੇ ਵਿਸ਼ਾਣੂ ਤੇ ਜੀਵਾਣੂ ਰੋਗ ਫੈਲਾਉਂਦੇ ਹਨ।

### ਸਿੱਲਾ ਜਾਂ ਸੰਤਰੀ ਤੇਲਾ

ਸਿੱਲਾ ਸਭ ਤੋਂ ਜ਼ਿਆਦਾ ਨੁਕਸਾਨ ਕਰਨ ਵਾਲਾ ਕੀੜਾ ਹੈ, ਜੋ ਮਾਰਚ-ਨਵੰਬਰ ਤਕ ਸਰਗਰਮ ਰਹਿੰਦਾ ਹੈ। ਜਵਾਨ ਕੀੜੇ ਤੇ ਪੂੰਗ (ਨਿੰਫਸ) ਝੁੰਡਾਂ 'ਚ ਫੁੱਲ-ਡੋਡੀਆਂ, ਨਵੇਂ ਫੁਟਾਰੇ ਤੇ ਨਰਮ ਟਾਹਣੀਆਂ 'ਚੋਂ ਰਸ ਚੂਸਦੇ ਹਨ, ਜਿਸ ਨਾਲ ਪੱਤੇ ਹੇਠਾਂ ਵੱਲ ਮੁੜ ਜਾਂਦੇ ਹਨ। ਪ੍ਰਭਾਵਿਤ ਟਾਹਣੀਆਂ ਥੱਲੇ ਵੱਲ ਨੂੰ ਸੱਕ ਜਾਂਦੀਆਂ ਹਨ। ਇਹ ਕੀੜਾ ਰਸ ਚੂਸਣ ਸਮੇਂ ਪੱਤਿਆਂ 'ਚ ਜ਼ਹਿਰੀਲਾ ਮਾਦਾ (ਟੌਕਸਿਨ) ਛੱਡਦਾ ਹੈ, ਜਿਸ ਕਾਰਨ ਇਸ ਦੇ ਨਾਲ ਵਾਲੀਆਂ ਟਾਹਣੀਆਂ ਵੀ ਸੁੱਕ ਜਾਂਦੀਆਂ ਹਨ। ਇਹ ਆਪਣੇ ਸਰੀਰ 'ਚੋਂ ਮਿੱਠਾ ਮਾਦਾ ਛੱਡਦਾ ਹੈ, ਇਸ ਤਰਲ ਉੱਪਰ ਕਾਲੀ ਉੱਲੀ (ਸੂਟੀ ਮੋਲਡ) ਵਿਕਸਤ ਹੋ ਜਾਂਦੀ ਹੈ ਜਿਸ ਕਰਕੇ ਪ੍ਰਕਾਸ਼ ਸੰਸਲੇਸ਼ਣ ਕਿਰਿਆ ਪੂਰੀ ਨਹੀਂ ਹੁੰਦੀ ਤੇ ਬੂਟੇ ਦਾ ਵਾਧਾ ਨਹੀਂ ਹੁੰਦਾ। ਇਸ ਦੇ ਪੂੰਗ ਗਰੀਨਿੰਗ ਨਾਂ ਦਾ ਰੋਗ ਵੀ ਫ਼ੈਲਾਉਂਦੇ ਹਨ।

### ਚੇਪਾ ਜਾਂ ਏਫਿਡ

ਪੰਜਾਬ 'ਚ 'ਕਾਲਾ ਚੇਪਾ', 'ਆੜੂ ਦਾ ਹਰਾ ਚੇਪਾ' ਤੇ 'ਨਰਮੇ ਦਾ ਚੇਪਾ' ਕਿੰਨੂਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਹ ਹਲਕੇ ਮੌਸਮ ਦੇ ਸ਼ੁਰੂ ਹੋਣ 'ਤੇ ਸਰਗਰਮ ਹੁੰਦਾ ਹੈ। ਹਰਾ ਚੇਪਾ (ਮਾਈਜ਼ਸ) ਤੇ ਕਾਲਾ ਚੇਪਾ (ਟੌਕਸੋਪਟੈਰਾ) ਫਰਵਰੀ-ਮਈ ਤੇ ਨਰਮੇ ਦਾ ਚੇਪਾ, ਹਰਾ ਚੇਪਾ (ਮਾਈਜ਼ਸ) ਤੇ ਕਾਲਾ ਚੇਪਾ (ਟੌਕਸੋਪਟੈਰਾ) ਅਗਸਤ-ਨਵੰਬਰ ਤਕ ਸਰਗਰਮ ਰਹਿੰਦਾ ਹੈ। ਚੇਪੇ ਦੇ ਪੂੰਗ ਤੇ ਬਾਲਗ ਦੋਵੇਂ ਹੀ ਪੱਤੇ, ਫੁੱਲਾਂ ਤੇ ਨਰਮ ਫਲਾਂ 'ਚੋਂ ਰਸ ਚੂਸ ਕੇ ਬੂਟੇ ਦਾ ਨੁਕਸਾਨ ਕਰਦੇ ਹਨ। ਹਮਲੇ ਵਾਲੇ ਪੱਤਿਆਂ 'ਤੇ ਟੋਏ ਜਿਹੇ ਪੈ ਜਾਂਦੇ ਹਨ, ਫੁੱਲ ਤੇ ਡੋਡੀਆਂ ਝੜ ਜਾਂਦੇ ਹਨ। ਨਰਮ ਫਲ ਪੱਕਣ ਤੋਂ ਪਹਿਲਾਂ ਹੀ ਡਿੱਗ ਪੈਂਦੇ ਹਨ। ਬੂਟਾ ਮਧਰਾ ਰਹਿ ਜਾਂਦਾ ਹੈ। ਇਹ ਕੀੜੇ ਟਰਿਸਟੀਜ਼ਾ ਨਾਮੀ ਵਿਸ਼ਾਣੂ ਦਾ ਰੋਗ ਵੀ ਫੈਲਾਉਂਦੇ ਹਨ।

### ਸੁਰੰਗੀ ਕੀੜਾ ਜਾਂ ਲੀਫ ਮਾਈਨਰ

ਸੁਰੰਗੀ ਕੀੜਾ ਕਿੰਨੂ ਦੇ ਛੋਟੇ ਬੂਟਿਆਂ ਲਈ ਬੇਹੱਦ ਖ਼ਤਰਨਾਕ ਹੈ। ਇਹ ਮਾਰਚ ਦੇ ਅਖ਼ੀਰ ਤੋਂ ਨਵੰਬਰ ਤਕ ਸਰਗਰਮ ਰਹਿੰਦਾ ਹੈ ਪਰ ਇਹ ਜ਼ਿਆਦਾ ਨੁਕਸਾਨ ਅਪ੍ਰੈਲ ਦੇ ਅਖ਼ੀਰ ਤੋਂ ਜੂਨ ਮੱਧ ਤਕ ਅਤੇ ਜੁਲਾਈ ਦੇ ਅਖ਼ੀਰਲੇ ਹਫ਼ਤੇ ਤੋਂ ਅਕਤੂਬਰ ਦੇ ਮੱਧ ਤਕ ਕਰਦਾ ਹੈ। ਇਸ ਦੀਆਂ ਸੁੰਡੀਆਂ ਨਰਮ ਪੱਤਿਆਂ ਤੇ ਟਾਹਣੀਆਂ ਵਿਚ ਸੱਪ-ਚਾਲ ਵਰਗੀਆਂ ਸੁਰੰਗਾਂ ਬਣਾ ਕੇ ਪੱਤੇ ਦਾ ਅੰਦਰਲਾ ਹਿੱਸਾ ਖਾਂਦੀਆਂ ਹਨ। ਜਿਸ ਨਾਲ ਪੱਤੇ ਸੁੰਗੜ ਕੇ ਇਕੱਠੇ ਹੋ ਜਾਂਦੇ ਹਨ। ਇਹ ਸੁਰੰਗਾਂ ਟਾਹਣੀਆਂ, ਕੋਮਲ ਸ਼ਾਖਾਵਾਂ ਤੇ ਫਲਾਂ ਉੱਪਰ ਵੀ ਬਣੀਆਂ ਮਿਲਦੀਆਂ ਹਨ।

### ਚਿੱਟੀ ਮੱਖੀ ਤੇ ਕਾਲੀ ਮੱਖੀ

ਇਹ ਕੀੜੇ ਅਪ੍ਰੈਲ ਤੋਂ ਨਵੰਬਰ ਤਕ ਸਰਗਰਮ ਰਹਿੰਦੇ ਹਨ ਪਰ ਜ਼ਿਆਦਾ ਨੁਕਸਾਨ ਅਪ੍ਰੈਲ-ਮਈ ਤੇ ਸਤੰਬਰ-ਅਕਤੂਬਰ 'ਚ ਕਰਦੇ ਹਨ। ਇਸ ਦੇ ਬੱਚੇ ਤੇ ਜਵਾਨ ਕੀੜੇ ਨਵੇਂ ਪੱਤਿਆਂ ਦਾ ਰਸ ਚੂਸਦੇ ਹਨ, ਜਿਸ ਨਾਲ ਬੂਟੇ ਦੀ ਤਾਕਤ ਘਟ ਜਾਂਦੀ ਹੈ। ਗੰਭੀਰ ਹਮਲੇ ਸਮੇਂ ਪੱਤੇ ਪੀਲੇ ਪੈ ਕੇ ਝੜ ਜਾਂਦੇ ਹਨ। ਕੀੜਿਆਂ ਦੇ ਬੱਚੇ, ਪੱਤਿਆਂ ਉੱਪਰ ਮਿੱਠਾ ਮਲ ਤਿਆਗਦੇ ਹਨ, ਜਿਸ ਉੱਪਰ ਕਾਲੀ ਉੱਲੀ ਵਿਕਸਤ ਹੋ ਜਾਂਦੀ ਹੈ। ਗੰਭੀਰ ਹਮਲੇ ਕਾਰਨ ਬੂਟਿਆਂ ਨੂੰ ਫੁੱਲ ਘੱਟ ਪੈਂਦੇ ਹਨ। ਜਿਸ ਕਰਕੇ ਫਲ ਵੀ ਘੱਟ ਬਣਦੇ ਹਨ।

### ਜੂੰ ਜਾਂ ਮਾਈਟ

ਮਈ-ਜੂਨ ਦੇ ਖ਼ੁਸ਼ਕ ਤੇ ਗਰਮ ਮੌਸਮ 'ਚ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ। ਸਿੰਚਾਈ ਦੀ ਕਮੀ ਇਸ ਦੇ ਹਮਲੇ ਨੂੰ ਵਧਾ ਦਿੰਦੀ ਹੈ। ਇਹ ਕੀੜਾ ਪੱਤਿਆਂ, ਨਰਮ ਟਾਹਣੀਆਂ ਤੇ ਫਲਾਂ ਨੂੰ ਖੁਰਚ ਕੇ ਰਸ ਚੂਸਦੇ ਹਨ। ਪੱਤਿਆਂ ਉੱਪਰ ਹਮਲੇ ਵਾਲੀ ਥਾਂ ਦਾ ਰੰਗ ਪੀਲਾ-ਖ਼ਾਕੀ ਹੋ ਜਾਂਦਾ ਹੈ ਤੇ ਪੱਤੇ ਆਮ ਤੌਰ 'ਤੇ ਧੂੜ ਵਰਗੇ ਨਜ਼ਰ ਆਉਂਦੇ ਹਨ। ਜੂੰ ਦਾ ਹਮਲਾ ਪੱਤਿਆਂ ਦੀ ਖ਼ੁਰਾਕ ਬਣਾਉਣ ਦੀ ਤੀਬਰਤਾ ਨੂੰ ਪ੍ਰਭਾਵਿਤ ਕਰਦਾ ਹੈ ਤੇ ਬੂਟਾ ਕਮਜ਼ੋਰ ਰਹਿ ਜਾਂਦਾ ਹੈ।

### ਸਿਟਰਸ ਥਰਿੱਪ ਜਾਂ ਭੂਰੀ ਜੂੰ

ਫਰਵਰੀ-ਮਾਰਚ 'ਚ ਜਦ ਫੁੱਲ ਆਉਣੇ ਸ਼ੁਰੂ ਹੁੰਦੇ ਹਨ ਤਾਂ ਇਹ ਕੀੜਾ ਵੀ ਸਰਗਰਮ ਹੋ ਜਾਂਦਾ ਹੈ। ਇਹ ਅਪ੍ਰੈਲ ਦੇ ਤੀਜੇ ਹਫ਼ਤੇ ਤਕ ਸਰਗਰਮ ਰਹਿੰਦਾ ਹੈ। ਇਸ ਦੇ ਬੱਚੇ ਤੇ ਬਾਲਗ ਫੁੱਲ, ਕਲੀ, ਪੱਤਾ ਕਲੀ ਤੇ ਨਵੇਂ ਪੱਤਿਆਂ ਦਾ ਰਸ ਚੂਸਦੇ ਹਨ। ਫਲ ਉੱਪਰ ਡੰਡੀ ਦੇ ਦੁਆਲੇ ਚਮਕੀਲਾ ਚਾਂਦੀ ਰੰਗਾ ਘੇਰਾ ਇਸ ਦੇ ਹਮਲੇ ਦੀ ਖ਼ਾਸ ਨਿਸ਼ਾਨੀ ਹੈ। ਅਜਿਹੇ ਫਲਾਂ ਦਾ ਮੰਡੀ ਵਿਚ ਭਾਅ ਘਟ ਜਾਂਦਾ ਹੈ।

### ਮਿਲੀ ਬੱਗ

ਮਿਲੀ ਬੱਗ ਕੀੜਾ ਜੁਲਾਈ ਤੋਂ ਅਕਤੂਬਰ ਤਕ ਸਰਗਰਮ ਰਹਿੰਦਾ ਹੈ। ਇਸ ਦੇ ਬੱਚੇ (ਪੂੰਗ) ਤੇ ਬਾਲਗ ਮਾਦਾ ਪੱਤਿਆਂ, ਨਰਮ ਟਾਹਣੀਆਂ ਤੇ ਫਲਾਂ 'ਚੋਂ ਰਸ ਚੂਸਦੇ ਹਨ, ਜਿਸ ਨਾਲ ਬੂਟੇ ਦੇ ਵਾਧੇ 'ਤੇ ਮਾੜਾ ਅਸਰ ਪੈਂਦਾ ਹੈ। ਫਲਾਂ ਦੀਆਂ ਡੰਡੀ ਤੇ ਫਲ ਦੇ ਜੋੜ 'ਤੇ ਹਮਲੇ ਕਾਰਨ ਇਹ ਪੱਕਣ ਤੋਂ ਪਹਿਲਾਂ ਹੀ ਕਿਰ ਜਾਂਦੇ ਹਨ।

### ਫਲ ਦੀ ਮੱਖੀ

ਇਹ ਨੀਮ ਪਹਾੜੀ ਇਲਾਕਿਆਂ 'ਚ ਜ਼ਿਆਦਾ ਨੁਕਸਾਨ ਕਰਦੀ ਹੈ। ਬਰਸਾਤੀ ਮੌਸਮ 'ਚ ਇਸ ਦਾ ਹਮਲਾ ਗੰਭੀਰ ਹੋ ਜਾਂਦਾ ਹੈ। ਇਸ ਦਾ ਹਮਲਾ ਆੜੂ, ਅਮਰੂਦ, ਅੰਬ, ਨਾਸ਼ਪਾਤੀ, ਅਲੂਚਾ, ਲੁਕਾਠ 'ਤੇ ਆਮ ਹੁੰਦਾ ਹਨ। ਮਾਦਾ ਜਵਾਨ ਮੱਖੀ ਆਂਡੇ ਦੇਣ ਵਾਲੀ ਨਲੀ ਫਲ ਅੰਦਰ ਪ੍ਰਵੇਸ਼ ਕਰ ਕੇ ਉਪਰਲੀ ਤਹਿ ਦੇ ਥੱਲੇ ਆਂਡੇ ਦਿੰਦੀ ਹੈ। ਛੇਕ ਕੀਤੇ ਫਲਾਂ 'ਚ ਆਂਡੇ ਦੇਣ ਵਾਲੀ ਨਲੀ ਫਲ 'ਚ ਖੁੱਭ ਜਾਣ ਕਾਰਨ ਫਲਾਂ 'ਚ ਛੇਕ ਹੋ ਜਾਂਦੇ ਹਨ। ਛੇਕਾਂ ਦੇ ਦੁਆਲੇ ਦਾ ਹਿੱਸਾ ਖ਼ਰਾਬ ਹੋ ਜਾਂਦਾ ਹੈ। ਆਂਡਿਆਂ 'ਚੋਂ ਨਿਕਲੀਆਂ ਸੁੰਡੀਆਂ ਕੇ ਫਲ ਦਾ ਪਲਪ ਖਾਂਦੀਆਂ ਹਨ। ਖ਼ਰਾਬ ਹਿੱਸੇ 'ਤੇ ਜੀਵਾਣੂਆਂ ਤੇ ਉੱਲੀਆਂ ਦੇ ਹਮਲੇ ਕਾਰਨ ਫਲ ਗਲ ਜਾਂ ਦੇ ਹਨ।

### ਪੱਤਾ ਲਪੇਟ ਸੁੰਡੀ

ਇਸ ਸੁੰਡੀ ਦਾ ਹਮਲਾ ਕਦੇ ਕਦਾਈਂ ਹੀ ਹੁੰਦਾ ਹੈ ਤੇ ਇਹ ਨਰਸਰੀ ਤੇ ਨਵੇਂ ਬਾਗ਼ਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸੁੰਡੀ ਆਪਣੇ ਮੂੰਹ 'ਚੋਂ ਕੱਢੇ ਜਾਲੇ ਕਾਰਨ ਪੱਤਿਆਂ ਨੂੰ ਆਪਣੇ ਦੁਆਲੇ ਲਪੇਟ ਕੇ ਪੱਤੇ ਦੇ ਹਰੇ ਮਾਦੇ ਨੂੰ ਅੰਦਰੋਂ ਖਾਂਦੀ ਰਹਿੰਦੀ ਹੈ। ਨੁਕਸਾਨੇ ਗਏ ਪੱਤੇ ਸੁੱਕ ਕੇ ਝੜ ਜਾਂਦੇ ਹਨ। ਹਮਲੇ ਵਾਲੇ ਬੂਟੇ ਛੋਟੇ ਰਹਿ ਜਾਂਦੇ ਹਨ। ਹਮਲਾ ਗੰਭੀਰ ਹੋਣ 'ਤੇ ਬੂਟੇ ਦੀਆਂ ਉਪਰਲੀਆਂ ਅੱਖਾਂ ਝੜ ਜਾਂਦੀਆਂ ਹਨ। ਇਹ ਅਪ੍ਰੈਲ ਤੋਂ ਅਕਤੂਬਰ ਤਕ ਸਰਗਰਮ ਰਹਿੰਦਾ ਹੈ ਤੇ ਮਾਨਸੂਨ 'ਚ ਇਸ ਦਾ ਹਮਲਾ ਵਧ ਜਾਂਦਾ ਹੈ।

### ਰੋਕਥਾਮ

- ਲੋੜ ਤੋਂ ਵੱਧ ਸਿੰਚਾਈ, ਨਾਈਟਰੋਜਨ ਵਾਲੀਆਂ ਖਾਦਾਂ ਕਾਰਨ ਇਨ੍ਹਾਂ ਕੀੜਿਆਂ ਦਾ ਹਮਲਾ ਵਧੇਰੇ ਹੁੰਦਾ ਹੈ। ਖੁਸ਼ਕ ਮੌਸਮ 'ਚ ਸਿੰਚਾਈ ਘੱਟ ਕੀਤੀ ਜਾਵੇ ਤਾਂ ਮਾਈਟ ਤੇ ਥਰਿੱਪ ਦਾ ਹਮਲਾ ਵਧੇਰੇ ਹੋ ਸਕਦਾ ਹੈ।
- ਬਾਗ਼ਾਂ 'ਚੋਂ ਨਦੀਨਾਂ ਨੂੰ ਖ਼ਤਮ ਕਰਦੇ ਰਹੋ।
- ਪੌਦਿਆਂ ਦੇ ਸਰਗਰਮ ਵਾਧੇ ਸਮੇਂ ਇਨ੍ਹਾਂ ਦੀ ਕਾਂਟ-ਛਾਂਟ ਨਾ ਕਰੋ, ਕਿਉਂਕਿ ਨਵਾਂ ਫੁਟਾਰਾ ਆ ਕੇ ਕੀੜੇ-ਮਕੌੜਿਆਂ ਦੇ ਵਾਧੇ ਦਾ ਕਾਰਨ ਬਣਦਾ ਹੈ।
- ਡਿੱਗੇ ਫਲਾਂ ਨੂੰ ਇਕੱਠਾ ਕਰ ਕੇ ਨਸ਼ਟ ਕਰਦੇ ਰਹੋ।
- ਪੌਦਿਆਂ ਦੀ ਛਤਰੀ ਦਾ ਪ੍ਰਬੰਧ ਇਸ ਤਰ੍ਹਾਂ ਕਰੋ ਕਿ ਉਨ੍ਹਾਂ ਦੀਆਂ ਟਾਹਣੀਆਂ ਹੇਠਾਂ ਨਾ ਲੱਗਣ।
- ਚਿਪਚਿਪੇ ਜਾਲ ਲਗਾ ਕੇ ਕੀੜਿਆਂ 'ਤੇ ਕੁਝ ਹੱਦ ਤਕ ਉਨ੍ਹਾਂ ਉੱਪਰ ਕਾਬੂ ਪਾਇਆ ਜਾ ਸਕਦਾ ਹੈ। •

ਹਲਦੀ ਦੇ ਵੱਡੇ ਕਾਸ਼ਤਕਾਰ ਇਸ ਨੂੰ ਐਕਸਪੋਰਟ ਕਰ ਕੇ ਵਾਧੂ ਮੁਨਾਫ਼ਾ ਖੱਟਦੇ ਹਨ, ਜਦਕਿ ਛੋਟੇ ਕਾਸ਼ਤਕਾਰ ਇਸ ਦੀ ਸਥਾਨਕ ਮਾਰਕੀਟਿੰਗ ਕਰ ਸਕਦੇ ਹਨ...



## ਛੋਟੇ ਪੱਧਰ 'ਤੇ ਹਲਦੀ ਦੀ ਪ੍ਰੋਸੈਸਿੰਗ

• ਡਾ. ਬਿੰਦੂ ਮਰਵਾਹਾ

ਹਲਦੀ ਦੀ ਕਾਸ਼ਤ ਭਾਰਤ ਵਿਚ ਪੰਜ ਹਜ਼ਾਰ ਸਾਲ ਤੋਂ ਹੋ ਰਹੀ ਹੈ, ਜਦੋਂ ਇਸ ਦੀ ਵਰਤੋਂ ਕੇਵਲ ਰੰਗ ਲਈ ਕੀਤੀ ਜਾਂਦੀ ਸੀ ਪਰ ਸਮੇਂ ਨਾਲ ਇਸ ਦੇ ਗੁਣਾਂ ਤੋਂ ਵਾਕਿਫ਼ ਹੋਣ 'ਤੇ ਇਸ ਦੀ ਵਰਤੋਂ ਖਾਣੇ 'ਚ ਮਸਾਲੇ ਵਜੋਂ ਤੇ ਆਯੁਰਵੈਦਿਕ ਦਵਾਈਆ 'ਚ ਵੀ ਕੀਤੀ ਜਾਣ ਲੱਗੀ। ਭਾਰਤ ਹਲਦੀ ਦੀ ਸਭ ਤੋ ਵੱਧ ਪੈਦਾਵਾਰ ਤੇ ਖਪਤ ਕਰਨ ਵਾਲਾ ਦੇਸ਼ ਹੈ। ਭਾਰਤੀ ਹਲਦੀ ਦੀ ਗੁਣਵੱਤਾ ਚੰਗੀ ਹੋਣ ਕਾਰਨ ਇਸ ਦੀ ਕੁੱਲ ਪੈਦਾਵਾਰ ਦਾ 60 ਫ਼ੀਸਦੀ ਹਿੱਸਾ ਦੁਨੀਆ ਭਰ 'ਚ ਬਦਾਮਦ ਕੀਤਾ ਜਾਂਦਾ ਹੈ।

ਹਲਦੀ ਦੀ ਕਾਸ਼ਤ ਪੰਜਾਬ ਵਿਚ ਆਸਾਨੀ ਨਾਲ ਕੀਤੀ ਜਾਂਦੀ ਹੈ। ਹਲਦੀ ਦੀ ਫ਼ਸਲ 8 ਤੋਂ 9 ਮਹੀਨਿਆਂ 'ਚ ਤਿਆਰ ਹੋ ਜਾਂਦੀ ਹੈ ਤੇ ਇਸ ਦਾ ਔਸਤ ਝਾੜ 100 ਕਇੰਟਲ ਪ੍ਰਤੀ ਏਕੜ ਹੁੰਦਾ ਹੈ। ਹਲਦੀ ਦੇ ਵੱਡੇ ਕਾਸ਼ਤਕਾਰ ਇਸ ਨੂੰ ਐਕਸਪੋਰਟ ਕਰ ਕੇ ਮੁਨਾਫ਼ਾ ਖੱਟਦੇ ਹਨ, ਪਰ ਛੋਟੇ ਕਾਸ਼ਤਕਾਰਾਂ ਨੂੰ ਫ਼ਸਲ ਦੀ ਵੱਧ ਪੈਦਾਵਾਰ ਹੋਣ 'ਤੇ ਵਾਧੂ ਮੁਨਾਫ਼ਾ ਨਹੀਂ ਮਿਲਦਾ। ਕੱਚੀ ਹਲਦੀ ਦੀ ਵੱਧ ਆਮਦ ਹੋਣ ਕਾਰਣ ਮੰਡੀ 'ਚ ਇਸ ਦਾ ਮੁੱਲ ਘੱਟ ਮਿਲਦਾ ਹੈ ਜਦਕਿ ਇਸ ਦੇ ਪਾਊਡਰ ਦੀ ਕੀਮਤ 'ਚ ਕਦੇ ਕਮੀ ਨਹੀਂ ਆਈ। ਛੋਟੇ ਕਾਸ਼ਤਕਾਰ ਜੇ ਇਸ ਦਾ ਪਾਊਡਰ ਬਣਾ ਕੇ ਵੇਚਣ ਤਾਂ ਵਾਧੂ ਮੁਨਾਫ਼ਾ ਖੱਟ ਸਕਦੇ ਹਨ। ਹਲਦੀ ਦੀ ਪ੍ਰੋਸੈਸਿੰਗ ਪੰਜ ਪੜਾਵਾਂ 'ਚ ਹੁੰਦੀ ਹੈ :

### ਸਾਫ਼ ਕਰਨਾ

ਸਭ ਤੋਂ ਪਹਿਲਾਂ ਹਲਦੀ ਦੀਆਂ ਗੰਢੀਆਂ ਨੂੰ ਸਾਫ਼ ਕਰ ਲਿਆ ਜਾਂਦਾ ਹੈ। ਫਿਰ ਛੋਟੀਆਂ ਗੰਢੀਆਂ ਨੂੰ ਮੁੱਖ ਗੰਢੀ ਤੋ ਅਲੱਗ ਕਰ ਲਿਆ ਜਾਂਦਾ ਹੈ।।ਇਸ ਤੋਂ ਇਲਾਵਾ ਜੜ੍ਹਾਂ ਅਤੇ ਖ਼ਰਾਬ ਗੰਢੀਆਂ ਨੂੰ ਅਲੱਗ ਕਰ ਦਿੱਤਾ ਜਾਂਦਾ ਹੈ। ਆਮ ਤੌਰ 'ਤੇ ਮੁੱਖ ਗੰਢੀ ਨੂੰ ਬੀਜ ਵਜੋਂ ਰੱਖ ਲਿਆ ਜਾਂਦਾ ਹੈ।।ਹਲਦੀ ਦੀਆਂ ਗੰਢੀਆਂ ਨੂੰ ਯੂਨੀਵਰਸਿਟੀ ਵੱਲੋਂ ਸਿਫਾਰਸ਼ ਮਸ਼ੀਨ ਦੀ ਮਦਦ ਨਾਲ ਅਸਾਨੀ ਨਾਲ ਧੋਤਾ ਜਾ ਸਕਦਾ ਹੈ ਅਤੇ ਬਾਅਦ ਵਿਚ ਇਸੇ ਮਸ਼ੀਨ ਨਾਲ ਪਾਲਿਸ਼ਿੰਗ ਵੀ ਕੀਤੀ ਜਾ ਸਕਦੀ ਹੈ।

### ਉਬਾਲਣਾ

ਗੰਢੀਆਂ ਨੂੰ ਸਾਫ਼ ਕਰਨ ਤੋ ਬਾਅਦ ਉਬਾਲਿਆ ਜਾਂਦਾ ਹੈ। ਜਦੋ ਗੰਢੀਆਂ ਨਰਮ ਹੋ ਜਾਣ ਅਤੇ ਉੱਪਰਲੀ ਝੱਗ ਅਲੱਗ ਹੋ ਜਾਵੇ ਤਾਂ ਉਬਾਲਣਾ ਬੰਦ ਕਰ ਦਿੱਤਾ ਜਾਂਦਾ ਹੈ। ਇਸ ਨੂੰ ਕਰੀਬ 40-50 ਮਿੰਟ ਲਗਦੇ ਹਨ। ਵਪਾਰਕ ਪੱਧਰ 'ਤੇ ਕੰਮ ਕਰਨ ਸਮੇਂ ਖ਼ਾਸ ਕਿਸਮ ਦੇ ਆਟੋਕਲੇਵ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਵਿਚ 15 ਪੌਂਡ/ਵਰਗ ਇੰਚ ਦੇ ਦਬਾਅ ਹੇਠ ਹਲਦੀ ਨੂੰ ਕੇਵਲ 20 ਮਿੰਟ ਤਕ ਹੀ ਉਬਾਲਣ ਦੀ ਲੋੜ ਪੈਂਦੀ ਹੈ। ਪੁਟਾਈ ਕਰਨ ਤੋਂ 2-3 ਦਿਨ ਦੇ ਅੰਦਰ ਹਲਦੀ ਨੂੰ ਉਬਾਲ ਲੈਣਾ ਚਾਹੀਦਾ ਹੈ। ਦੇਰ ਹੋਣ 'ਤੇ ਹਲਦੀ ਨੂੰ ਛਾਵੇਂ ਰੱਖ ਦੇਣਾ ਚਾਹੀਦਾ ਹੈ।

### ਪਾਲਿਸ਼ ਕਰਨਾ

ਸੁਕਾਈ ਹੋਈ ਹਲਦੀ ਖੁਰਦਰੀ ਅਤੇ ਭੱਦੀ ਨਜ਼ਰ ਆਉਂਦੀ ਹੈ। ਇਸ ਦੀ ਦਿੱਖ ਚੰਗੀ ਕਰਨ ਅਤੇ ਗੰਢੀ ਦੇ ਬਾਹਰੀ ਹਿੱਸੇ ਨੂੰ ਸਮਤਲ ਕਰਨ ਲਈ ਇਸ ਨੂੰ ਪਾਲਿਸ਼ ਜ਼ਰੂਰ ਕਰੋ। ਚੰਗੀ ਦਿੱਖ ਨਾਲ ਇਸ ਦੀ ਕੀਮਤ 'ਚ ਵੀ ਵਾਧਾ ਹੋਵੇਗਾ। ਆਮ ਤੌਰ ਤੇ ਇਸ ਨੂੰ ਬੋਰਿਆਂ 'ਚ ਪਾ ਕੇ ਪੈਰਾਂ ਨਾਲ ਰਗੜਿਆ ਜਾਂਦਾ ਹੈ।।ਵਪਾਰਕ ਪੱਧਰ 'ਤੇ ਇਹ ਕੰਮ ਕਰਨ ਸਮੇ ਪਾਲਿਸ਼ਿੰਗ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। ਪੀਏਯੂ ਵੱਲੋਂ ਸਿਫਾਰਸ਼ ਪਾਲਿਸ਼ਰ ਇਸ ਕੰਮ ਨੂੰ ਸੌਖਿਆਂ ਤੇ ਛੇਤੀ ਕੀਤਾ ਜਾ ਸਕਦਾ ਹੈ।।ਪਾਲਿਸ਼ ਕੀਤੀਆਂ ਗੰਢੀਆਂ ਦਾ ਰੰਗ ਚੰਗਾ ਬਣਾਉਣ ਲਈ 100 ਕਿੱਲੋ ਗੰਢੀਆਂ ਪਿੱਛੇ 200 ਗ੍ਰਾਮ ਹਲਦੀ ਪਾਊਡਰ ਪਾ ਕੇ ਚੰਗੀ ਤਰ੍ਹਾਂ ਹਿਲਾਇਆ ਜਾਂਦਾ ਹੈ।

### ਸੁਕਾਉਣਾ

ਉੱਬਲੀ ਹੋਈ ਹਲਦੀ ਦੀਆਂ ਗੰਢੀਆਂ ਦੀ ਢੇਰੀ ਬਣਾ ਕੇ ਰਾਤ ਭਰ ਰੱਖ ਦਿੱਤਾ ਜਾਂਦਾ ਹੈ, ਤਾਂ ਜੋ ਵਾਧੂ ਪਾਣੀ ਨੁੱਚੜ ਜਾਵੇ। ਇਸ ਤੋਂ ਬਾਅਦ ਇਸ ਨੂੰ ਸਾਫ਼ ਥਾਂ 'ਤੇ ਖਿਲਾਰ ਦਿੱਤਾ ਜਾਂਦਾ ਹੈ। ਇਸ ਨੂੰ ਤਦ ਤਕ ਸੁਕਾਓ, ਜਦ ਤਕ ਇਸ ਵਿਚ ਨਮੀ 8-10 ਫ਼ੀਸਦੀ ਰਹਿ ਜਾਵੇ। ਇਸ ਨੂੰ ਸੁੱਕਣ 'ਚ 10 ਤੋਂ 15 ਦਿਨ ਲਗਦੇ ਹਨ।।ਸੁਕਾਣ ਸਮੇ ਇਸ ਨੂੰ ਸਮੇਂ-ਸਮੇਂ ਤੇ ਹਿਲਾਉਂਦੇ ਰਹੋ ਤਾਂ ਜੋ ਹਲਦੀ ਇਕਸਾਰ ਸੁੱਕੇ।।ਵੱਡੇ ਪੱਧਰ 'ਤੇ ਹਲਦੀ ਨੂੰ ਸੁਕਾਉਣ ਲਈ ਸੂਰਜੀ ਜਾ ਮਕੈਨੀਕਲ ਡਰਾਇਰ ਦੀ ਵਰਤੋਂ ਕਰੋ।

### ਪੀਸਣਾ

ਪਾਲਿਸ਼ ਕੀਤੀਆਂ ਗੰਢੀਆਂ ਦਾ ਪਾਊਡਰ ਬਣਾਉਣ ਲਈ ਇਸ ਨੂੰ ਮਸਾਲਾ ਗਰਾਇੰਡਰ 'ਚ ਪੀਸਿਆ ਜਾਂਦਾ ਹੈ। ਤਿਆਰ ਪਾਊਡਰ ਨੂੰ ਪਾਲੀਥੀਨ, ਐਲਮੀਨੀਅਮ ਜਾਂ ਟਿਨ ਦੇ ਡੱਬਿਆਂ ਵਿਚ ਪੈਕ ਕਰ ਲਵੋ ਅਤੇ।ਬਾਅਦ ਵਿਚ ਇਸ ਨੂੰ ਗੱਤੇ ਦੇ ਡੱਬੇ 'ਚ ਬੰਦ ਕਰ ਕੇ ਆਪਣਾ ਮਾਰਕਾ ਲਗਾਇਆ ਜਾ ਸਕਦਾ ਹੈ। ਪਾਊਡਰ ਤੋ ਹਲਦੀ ਦਾ ਤੇਲ ਵੀ ਕੱਢਿਆ ਜਾ ਸਕਦਾ ਹੈ, ਜਿਸ ਦੀ ਇੰਟਰਨੈਸ਼ਨਲ ਮੰਡੀ ਵਿਚ ਬਹੁਤ ਮੰਗ ਹੈ ਪਰ ਇਸ ਲਈ ਵੱਡੇ ਸਰਮਾਏ ਦੀ ਲੋੜ ਪੈਂਦੀ ਹੈ, ਜਦਕਿ ਛੋਟੇ ਪੱਧਰ 'ਤੇ ਪਾਊਡਰ ਬਣਾਉਣ ਲਈ ਨਾ ਤਾਂ ਜਿਆਦਾ ਸਰਮਾਏ ਦੀ ਲੋੜ ਪੈਂਦੀ ਹੈ ਤੇ ਨਾ ਹੀ ਬਹੁਤੀ ਹੁਨਰਮੰਦ ਲੇਬਰ ਦੀ।ਜ਼ਰੂਰਤ ਪੈਂਦੀ ਹੈ। ਘਰੇਲੂ ਪੱਧਰ 'ਤੇ ਇਸ ਕੰਮ ਨੂੰ ਆਪ ਹੀ ਕੀਤਾ ਜਾ ਸਕਦਾ ਹੈ। •



## ਖੇਤੀ ਵਿਗਿਆਨੀ ਡਾ. ਰਣਜੀਤ ਸਿੰਘ ਨੂੰ ਮਿਲਿਆ ਕੌਮੀ ਸਨਮਾਨ

ਭਾਰਤ ਸਰਕਾਰ ਦੇ ਸਾਇੰਸ ਅਤੇ ਤਕਨਾਲੋਜੀ ਵਿਭਾਗ ਵੱਲੋਂ ਡਾ. ਰਣਜੀਤ ਸਿੰਘ ਨੂੰ ਇਸ ਵਰ੍ਹੇ ਦੇ ਕੌਮੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਸਨਮਾਨ ਉਨ੍ਹਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਵਿਗਿਆਨਕ ਖੇਤੀ ਦੇ ਢੰਗ-ਤਰੀਕਿਆਂ ਨੂੰ ਕਿਸਾਨਾਂ ਤਕ ਪਹੁੰਚਾਉਣ ਅਤੇ ਕਿਸਾਨਾਂ ਵਿਚ ਵਿਗਿਆਨਕ ਸੋਚ ਨੂੰ ਪ੍ਰਫੁਲਿਤ ਕਰਨ ਲਈ ਦਿੱਤਾ ਗਿਆ ਹੈ। ਇਹ ਸਨਮਾਨ ਕੌਮੀ ਵਿਗਿਆਨ ਦਿਵਸ ਦੇ ਮੌਕੇ ਨਵੀਂ ਦਿੱਲੀ ਵਿਖੇ ਹੋਏ ਵਿਸ਼ੇਸ਼ ਸਮਾਗਮ ਦੌਰਾਨ ਕੇਂਦਰੀ ਸਾਇੰਸ ਤੇ ਤਕਨਾਲੋਜੀ ਮੰਤਰੀ ਡਾ. ਹਰਸ਼ ਵਰਧਨ ਵੱਲੋਂ ਪ੍ਰਦਾਨ ਕੀਤਾ ਗਿਆ। ਇਸ ਇਨਾਮ ਵਿਚ ਮੈਮੈਂਟੋ, ਸ਼ੋਭਾ ਪੱਤਰ ਤੇ ਇਕ ਲੱਖ ਰੁਪਏ ਦੀ ਰਾਸ਼ੀ ਸ਼ਾਮਲ ਹੈ। ਪਿਛਲੇ ਪੰਜ ਦਹਾਕਿਆਂ ਤੋਂ ਡਾ. ਰਣਜੀਤ ਸਿੰਘ ਕਿਸਾਨਾਂ ਤਕ ਵੱਖ-ਵੱਖ ਅਕਬਾਰਾਂ, ਰਸਾਲਿਆਂ ਤੇ ਆਪਣੀਆਂ ਪੁਸਤਕਾਂ ਨਾਲ ਵਿਗਿਆਨਕ ਖੇਤੀ ਗਿਆਨ ਪਹੁੰਚਾਉਣ ਲਈ ਕਾਰਜਸ਼ੀਲ ਹਨ। ਉਨ੍ਹਾਂ ਨੂੰ ਖੇਤੀਬਾੜੀ ਵਿਚ ਪੰਜਾਬੀ ਭਾਸ਼ਾ 'ਚ ਸਾਹਿਤ ਤਿਆਰ ਕਰਨ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਪਿਛਲੇ ਪੰਜ ਸਾਲਾਂ ਦੌਰਾਨ ਉਹ 300 ਤੋਂ ਵੱਧ ਲੇਖ ਲਿਖ ਚੁੱਕੇ ਹਨ। ਉਨ੍ਹਾਂ ਨੂੰ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਪ੍ਰਮਾਣ ਪੱਤਰ ਅਤੇ ਸ਼੍ਰੋਮਣੀ ਲੇਖਕ ਦਾ ਵੀ ਮਾਣ ਪ੍ਰਾਪਤ ਹੋ ਚੁੱਕਾ ਹੈ। ਉਨ੍ਹਾਂ ਨੂੰ ਪੰਜਾਬ ਪ੍ਰਦੇਸ਼ ਵਿਗਿਆਨ ਪ੍ਰੀਸ਼ਦ ਵੱਲੋਂ ਵੀ ਸਨਮਾਨਤ ਕੀਤਾ ਜਾ ਚੁੱਕਾ ਹੈ।

ਡਾ. ਰਣਜੀਤ ਸਿੰਘ ਪਿਛਲੇ ਤਿੰਨ ਦਹਾਕਿਆਂ ਦੌਰਾਨ ਯੂਨੀਵਰਸਿਟੀ ਦੇ ਸੰਚਾਰ ਅਤੇ ਪਸਾਰ ਸਿੱਖਿਆ ਦੇ ਮੁਖੀ, ਡੀਨ, ਪ੍ਰੋਫੈਸਰ ਪਸਾਰ ਸਿੱਖਿਆ ਆਦਿ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾ ਚੁੱਕੇ ਹਨ। ਉਨ੍ਹਾਂ ਦੀਆਂ 8 ਕਿਤਾਬਾਂ ਨੂੰ ਕੌਮਾਂਤਰੀ ਪੱਧਰ ਦੇ ਸਨਮਾਨ ਪ੍ਰਾਪਤ ਹੋ ਚੁੱਕੇ ਹਨ। ਆਪਣੀਆਂ ਲਿਖਤਾਂ ਤੋਂ ਇਲਾਵਾ ਉਨ੍ਹਾਂ ਵੱਲੋਂ ਕਿਸਾਨ ਮੇਲੇ, ਕਿਸਾਨ ਚਰਚਾ ਮੰਡਲ, ਕੈਸੇਟਾਂ ਤੇ ਫਸਲੀ ਕੈਲੰਡਰ ਆਦਿ ਰਾਹੀਂ ਵੀ ਖੇਤੀ ਗਿਆਨ ਕਿਸਾਨਾਂ ਨੂੰ ਵੰਡਿਆ ਹੈ। ਉਨ੍ਹਾਂ ਨੂੰ ਵਿਸ਼ਵ ਬੈਂਕ, ਕੌਮਾਂਤਰੀ ਅਟੌਮਿਕ ਏਜੰਸੀ, ਯੂਰਪੀਨ ਯੂਨੀਅਨ, ਅੰਤਰਰਾਸ਼ਟਰੀ ਝੋਨਾ ਖੋਜ ਕੇਂਦਰ, ਫਿਲੀਪੀਨ, ਇਰਾਕ ਸਰਕਾਰ ਵਿਚ ਸਲਾਹਕਾਰ ਦੇ ਤੌਰ 'ਤੇ ਵੀ ਕੰਮ ਕਰਨ ਦਾ ਵੀ ਮੌਕਾ ਮਿਲਿਆ ਹੈ। ਅੰਤਰਰਾਸ਼ਟਰੀ ਪ੍ਰਸਿੱਧੀ ਦੇ ਪਸਾਰ ਮਾਹਿਰ ਡਾ. ਰਣਜੀਤ ਸਿੰਘ ਦੀਆਂ ਹੁਣ ਤਕ 30 ਤੋਂ ਵੱਧ ਕਿਤਾਬਾਂ ਛਪ ਚੁੱਕੀਆਂ ਹਨ। •

## ਬਾਸਮਤੀ, ਗੰਨੇ, ਮੂੰਗੀ ਤੇ ਬੀਟੀ ਕਾਟਨ ਦੀਆਂ ਨਵੀਆਂ ਕਿਸਮਾਂ

ਪੰਜਾਬ ਐਗਰੀਕਲਚਲਰ ਯੂਨੀਵਰਸਿਟੀ ਵਿਖੇ ਕਿਸਮਾਂ ਪ੍ਰਮਾਣਿਤ ਕਰਨ ਵਾਲੀ ਕਮੇਟੀ ਦੀ ਮੀਟਿੰਗ ਦੌਰਾਨ ਯੂਨੀਵਰਸਿਟੀ ਵੱਲੋਂ ਤਿਆਰ ਕੀਤੀਆਂ ਗਈਆਂ ਵੱਖ-ਵੱਖ ਫ਼ਸਲਾਂ ਦੀਆਂ ਕਿਸਮਾਂ ਨੂੰ ਸੂਬੇ ਵਿੱਚ ਕਾਸ਼ਤ ਕਰਨ ਲਈ ਮਾਣਤਾ ਦਿੱਤੀ ਗਈ। ਖੇਤੀਬਾੜੀ ਵਿਭਾਗ ਦੇ ਨਿਰਦੇਸ਼ਕ ਡਾ. ਬੀਐੱਸ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਇਨ੍ਹਾਂ ਨਵੀਆਂ ਕਿਸਮਾਂ ਨੂੰ ਪੰਜਾਬ ਵਿਚ ਕਾਸ਼ਤ ਕਰਨ ਲਈ ਪ੍ਰਮਾਣਿਤ ਕੀਤਾ ਗਿਆ :

### ਬੀਟੀ ਨਰਮੇ ਦੀਆਂ ਨਵੀਆਂ ਕਿਸਮਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਨਰਮੇ ਦੀਆਂ ਬੀਟੀ ਕਿਸਮਾਂ ਵਿਕਸਤ ਕਰ ਕੇ ਖੇਤੀ ਖੋਜ ਵਿਚ ਨਵਾਂ ਇਤਿਹਾਸ ਸਿਰਜਿਆ ਗਿਆ ਹੈ। ਭਾਰਤੀ ਖੇਤੀ ਖੋਜ ਸੰਸਥਾ (ਆਈਸੀਏਆਰ) ਵੱਲੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਬੀਟੀ ਨਰਮੇ ਦੀਆਂ ਤਿੰਨ ਨਵੀਆਂ ਕਿਸਮਾਂ ਪੀਏਯੂ ਬੀਟੀ-1, ਐੱਫ-1861 ਅਤੇ ਆਰਐੱਸ-2013 ਵਿਕਾਸਿਤ ਕੀਤੀ ਹੈ। ਇਨ੍ਹਾਂ ਵਿੱਚੋਂ ਆਰਐੱਸ-2013 ਬੀਕਾਨੇਰੀ ਕਿਸਮ ਰਾਜਸਥਾਨ ਖੇਤੀ ਵਰਸਿਟੀ ਦੀ ਹੈ। ਪੀਏਯੂ ਬੀਟੀ-1 ਕਿਸਮ ਪੂਰੀ ਤਰ੍ਹਾਂ ਪੀਏਯੂ ਵੱਲੋਂ ਵਿਕਸਿਤ ਕੀਤੀ ਗਈ ਹੈ, ਜਦਕਿ ਐੱਫ-1861 ਤੇ ਆਰਐਸ-2013 ਨੂੰ ਸੀਆਈਸੀਆਰ ਨਾਗਪੁਰ ਵੱਲੋਂ ਰੂਪਾਂਤਰਣ ਕੀਤਾ ਗਿਆ ਹੈ। ਇਨ੍ਹਾਂ ਕਿਸਮਾਂ ਦੀ ਕਾਸ਼ਤ ਕਰਨ ਨਾਲ ਕਿਸਾਨਾਂ ਨੂੰ ਹਰ ਵਰ੍ਹੇ ਬੀਟੀ ਨਰਮੇ ਦੇ ਮਹਿੰਗੇ ਦੋਗਲੇ ਬੀਜ ਖ਼ਰੀਦਣ ਤੋਂ ਨਿਜਾਤ ਮਿਲੇਗੀ ਤੇ ਕਿਸਾਨ ਜਿਣਸ ਵਿੱਚੋਂ ਵਧੀਆ ਵੜੇਵਿਆਂ ਨੂੰ ਅਗਲੇ ਸਾਲ ਲਈ ਬੀਜ ਦੇ ਤੌਰ ਤੇ ਵਰਤ ਸਕਣਗੇ, ਕਿਉਂਕਿ ਜਿਣਸ ਦੇ ਬੀਜ ਵਿਚ ਵੀ ਬੀਟੀ ਦੀ ਤਾਕਤ ਬਰਕਰਾਰ ਰਹੇਗੀ।

### ਪੀਆਰ-126

ਝੋਨੇ ਦੀ ਇਸ ਪਰਮਲ ਕਿਸਮ ਦੀ ਔਸਤ ਉਚਾਈ 102 ਸੈਂਟੀਮੀਟਰ ਹੈ। ਇਹ ਕਿਸਮ ਪੱਕਣ ਲਈ 123 ਦਿਨ ਲੈਂਦੀ ਹੈ। ਇਸ ਦੇ ਚੌਲ ਲੰਮੇ ਤੇ ਪਤਲੇ ਹੁੰਦੇ ਹਨ। ਇਹ ਕਿਸਮ ਝੁਲਸ ਰੋਗ ਦੇ ਜੀਵਾਣੂ ਦੀਆਂ ਦਸ ਵਿੱਚੋਂ ਸੱਤ ਕਿਸਮਾਂ ਦੇ ਹਮਲੇ ਦਾ ਟਾਕਰਾ ਕਰਨ ਦੇ ਸਮਰੱਥ ਹੈ। ਇਸ ਦਾ ਔਸਤਨ ਝਾੜ 30 ਕੁਇੰਟਲ ਪ੍ਰਤੀ ਏਕੜ ਹੈ।

### ਪੰਜਾਬ ਬਾਸਮਤੀ-4

ਇਹ ਬਾਸਮਤੀ ਦੀ ਜ਼ਿਆਦਾ ਝਾੜ ਦੇਣ ਵਾਲੀ ਅਰਧ-ਬੌਣੀ ਕਿਸਮ ਹੈ। ਇਸ ਦਾ ਔਸਤ ਕੱਦ 96 ਸੈਂਟੀਮੀਟਰ ਹੈ। ਇਸ ਕਿਸਮ ਦੇ ਚੌਲ ਜ਼ਿਆਦਾ ਲੰਮੇ, ਪਤਲੇ, ਖਾਣ 'ਚ ਸੁਆਦੀ ਹੁੰਦੇ ਹਨ। ਪੱਕਣ 'ਤੇ ਚੌਲਾਂ ਦੀ ਲੰਬਾਈ ਦੁੱਗਣੀ ਹੋ ਜਾਂਦੀ ਹੈ। ਇਹ ਕਿਸਮ ਝੁਲਸ ਰੋਗ ਦੇ ਜੀਵਾਣੂ ਦੀਆਂ ਪੰਜਾਬ 'ਚ ਪਾਈਆਂ ਜਾਂਦੀਆਂ ਸਾਰੀਆਂ ਦਸ ਕਿਸਮਾਂ ਦੇ ਹਮਲੇ ਦਾ ਟਾਕਰਾ ਕਰਨ ਦੇ ਸਮਰੱਥ ਹੈ। ਇਹ ਕਿਸਮ 146 ਦਿਨਾਂ 'ਚ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਦਾ ਔਸਤ ਝਾੜ 17 ਕੁਇੰਟਲ ਪ੍ਰਤੀ ਏਕੜ ਹੈ।

### ਪੰਜਾਬ ਬਾਸਮਤੀ-5

ਇਹ ਬਾਸਮਤੀ ਦੀ ਅਰਧ-ਬੌਣੀ ਕਿਸਮ ਹੈ। ਇਸ ਦਾ ਔਸਤ ਕੱਦ 112 ਸੈਂਟੀਮੀਟਰ ਹੁੰਦਾ ਹੈ। ਇਸ ਕਿਸਮ ਦੇ ਚੌਲ ਖਾਣ 'ਚ ਸੁਆਦਲੇ, ਜ਼ਿਆਦਾ ਲੰਮੇ, ਪਤਲੇ ਅਤੇ ਪੱਕਣ 'ਤੇ ਬਹੁਤ ਜ਼ਿਆਦਾ ਖੁਸ਼ਬੂ ਛੱਡਦੇ ਹਨ। ਚੌਲਾ ਦੀ ਲੰਬਾਈ ਪਕਾਉਣ ਉਪਰੰਤ ਦੁੱਗਣੀ ਹੋ ਜਾਂਦੀ ਹੈ। ਇਹ ਕਿਸਮ ਵੀ ਝੁਲਸ ਰੋਗ ਦੇ ਜੀਵਾਣੂ ਦੀਆਂ ਸਾਰੀਆਂ ਦਸ ਕਿਸਮਾਂ ਦੇ ਹਮਲੇ ਦਾ ਟਾਕਰਾ ਕਰਨ ਦੇ ਸਮਰੱਥ ਹੈ। ਇਹ ਕਿਸਮ 137 ਦਿਨਾਂ 'ਚ ਪੱਕ ਜਾਂਦੀ ਹੈ। ਔਸਤ ਝਾੜ 15 ਕੁਇੰਟਲ ਪ੍ਰਤੀ ਏਕੜ ਹੈ।


### ਸੀਐੱਸਆਰ-30

ਬਾਸਮਤੀ ਦੀ ਇਸ ਕਿਸਮ ਦਾ ਔਸਤ ਕੱਦ 139 ਸੈਂਟੀਮੀਟਰ ਹੈ। ਇਸ ਕਿਸਮ ਦੇ ਚੌਲ ਜ਼ਿਆਦਾ ਲੰਮੇ, ਪਤਲੇ, ਆਪਸ 'ਚ ਨਾ ਜੁੜਨ ਵਾਲੇ, ਸੁਆਦੀ ਤੇ ਬੇਹੱਦ ਖ਼ੁਸ਼ਬੂਦਾਰ ਹੁੰਦੇ ਹਨ। ਇਹ ਕਿਸਮ ਝੁਲਸ ਰੋਗ ਦਾ ਟਾਕਰਾ ਕਰਨ ਦੇ ਸਮਰੱਥ ਨਹੀਂ। ਇਹ ਕਿਸਮ ਪੱਕਣ ਲਈ 142 ਦਿਨ ਦਾ ਸਮਾਂ ਲੈਂਦੀ ਹੈ। ਇਸ ਦਾ ਔਸਤ ਝਾੜ 13.5 ਕੁਇੰਟਲ ਪ੍ਰਤੀ ਏਕੜ ਹੈ।

### ਸੀਓਪੀਬੀ-92

ਇਸ ਕਿਸਮ ਦੇ ਗੰਨੇ ਲੰਮੇ, ਦਰਮਿਆਨੇ-ਮੋਟੇ ਤੇ ਜਾਮਣੀ-ਹਰੇ ਰੰਗ ਦੇ ਹੁੰਦੇ ਹਨ। ਇਸ ਦੇ ਰਸ 'ਚ ਨਵੰਬਰ ਮਹੀਨੇ ਮਿਠਾਸ ਦੀ ਮਾਤਰਾ 16-17 ਫ਼ੀਸਦੀ ਅਤੇ ਦਸੰਬਰ ਵਿਚ 18 ਫ਼ੀਸਦੀ ਹੁੰਦੀ ਹੈ। ਇਸ ਦਾ ਮੁਢਾ ਚੰਗਾ ਹੁੰਦਾ ਹੈ। ਇਹ ਕਿਸਮ ਰੱਤਾ ਰੋਗ ਦੀਆਂ ਪ੍ਰਚਲਤ ਪ੍ਰਜਾਤੀਆਂ ਦਾ ਟਾਕਰਾ ਕਰਨ ਤੇ ਕੋਰ੍ਹੇ ਨੂੰ ਸਹਾਰਨ ਦੇ ਸਮਰੱਥ ਹੈ। ਇਸ ਕਿਸਮ ਦਾ ਗੁੜ ਚੰਗਾ ਬਣਦਾ ਹੈ। ਔਸਤ ਝਾੜ 335 ਕੁਇੰਟਲ ਪ੍ਰਤੀ ਏਕੜ ਹੈ।







### ਸੀਓਪੀਬੀ-93

ਇਸ ਕਿਸਮ ਦੇ ਗੰਨੇ ਲੰਮੇ, ਮੋਟੇ ਤੇ ਪੀਲੀ ਚਿੱਟੀ ਭਾਅ ਮਾਰਦੇ ਹਨ। ਜਨਵਰੀ ਮਹੀਨੇ ਇਸ ਦੇ ਰਸ 'ਚ ਮਿੱਠੇ ਦੀ ਮਾਤਰਾ 17 ਫ਼ੀਸਦੀ ਤੇ ਮਾਰਚ ਮਹੀਨੇ 19 ਫ਼ੀਸਦੀ ਹੁੰਦੀ ਹੈ। ਇਸ ਦਾ ਮੁਢਾ ਚੰਗਾ ਹੁੰਦਾ ਹੈ। ਇਹ ਕਿਸਮ ਰੱਤਾ ਰੋਗ ਦੀਆਂ ਪ੍ਰਚਲਤ ਪ੍ਰਜਾਤੀਆਂ ਦਾ ਟਾਕਰਾ ਕਰਨ ਦੇ ਸਮਰੱਥ ਹੈ। ਗੁੜ ਚੰਗਾ ਤੇ ਮਿਆਰੀ ਬਣਦਾ ਹੈ। ਇਸ ਦਾ ਔਸਤ ਝਾੜ 390 ਕੁਇੰਟਲ ਪ੍ਰਤੀ ਏਕੜ ਹੈ।

### ਸੀਓਪੀਬੀ-94

ਇਸ ਕਿਸਮ ਦੇ ਗੰਨੇ ਲੰਮੇ, ਮੋਟੇ ਤੇ ਪੀਲੀ ਹਰੀ ਭਾਅ ਮਾਰਦੇ ਹਨ। ਜਨਵਰੀ ਵਿਚ ਇਸ ਦੇ ਰਸ 'ਚ ਮਿੱਠੇ ਦੀ ਮਾਤਰਾ 16 ਫ਼ੀਸਦੀ ਤੇ ਮਾਰਚ 'ਚ 19 ਫ਼ੀਸਦੀ ਹੁੰਦੀ ਹੈ। ਇਸ ਦਾ ਮੁਢਾ ਚੰਗਾ ਹੁੰਦਾ ਹੈ। ਇਹ ਕਿਸਮ ਵੀ ਰੱਤਾ ਰੋਗ ਦੀਆਂ ਪ੍ਰਚਲਤ ਪ੍ਰਜਾਤੀਆਂ ਦਾ ਟਾਕਰਾ ਕਰਨ ਦੇ ਸਮਰੱਥ ਹੈ। ਇਸ ਦਾ ਔਸਤ ਝਾੜ 400 ਕੁਇੰਟਲ ਪ੍ਰਤੀ ਏਕੜ ਆਉਂਦਾ ਹੈ।

### ਟੀਐੱਮਬੀ-37

ਇਸ ਤੋਂ ਇਲਾਵਾ ਕਮੇਟੀ ਵੱਲੋਂ ਗਰਮੀਆਂ ਦੀ ਮੂੰਗੀ ਦੀ ਕਿਸਮ ਟੀਐੱਮਬੀ-37 ਵੀ ਪੰਜਾਬ ਵਿਚ ਕਾਸ਼ਤ ਲਈ ਜਾਰੀ ਕੀਤੀ ਗਈ ਹੈ। ਇਹ ਕਿਸਮ 60 ਦਿਨਾਂ ਵਿਚ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਦੇ ਦਾਣੇ ਦਰਮਿਆਨੇ ਆਕਾਰ ਦੇ ਹੁੰਦੇ ਹਨ। •



## ਸੰਪਾਦਕੀ

# ਚੋਣ ਬਾਂਡ ਸਕੀਮ

ਸੁਪਰੀਮ ਕੋਰਟ ਨੇ ਸਿਆਸੀ ਪਾਰਟੀਆਂ ਨੂੰ ਚੰਦਾ/ਦਾਨ ਦੇਣ ਸਬੰਧੀ ਚੋਣ ਬਾਂਡ ਸਕੀਮ ਨੂੰ ਅਸੰਵਿਧਾਨਿਕ ਕਰਾਰ ਦੇ ਕੇ ਰੱਦ ਕਰ ਦਿੱਤਾ ਹੈ। ਇਹ ਸਕੀਮ ਆਪਣੀ ਸ਼ੁਰੂਆਤ ਤੋਂ ਹੀ ਵਿਵਾਦਾਂ ਵਿਚ ਘਿਰੀ ਹੋਈ ਸੀ। ਭਾਰਤ ਦੇ ਚੀਫ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਬੈਂਚ ਨੇ ਇਸ ਸਬੰਧੀ ਸੁਣਾਏ ਫ਼ੈਸਲੇ ਵਿਚ ਕਿਹਾ ਕਿ ਇਹ ਸਕੀਮ ਸੰਵਿਧਾਨ ਦੀ ਧਾਰਾ 19(1)(ਏ) ਤਹਿਤ ਦਿੱਤੇ ਗਏ ਬੋਲਣ ਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦਾ ਉਲੰਘਣ ਕਰਦੀ ਹੈ। ਅਦਾਲਤ ਨੇ ਨਾਲ ਹੀ ਕਿਹਾ ਕਿ ਨਿੱਜਤਾ ਦੇ ਬੁਨਿਆਦੀ ਹੱਕ ਵਿਚ ਨਾਗਰਿਕਾਂ ਦਾ 'ਸਿਆਸੀ ਨਿੱਜਤਾ ਤੇ ਸਬੰਧਨ' (ਭਾਵੇਂ ਕਿਸੇ ਸਿਆਸੀ ਧਿਰ ਨਾਲ ਜੁੜੇ ਹੋਣ) ਦਾ ਹੱਕ ਵੀ ਸ਼ਾਮਲ ਹੈ। ਬੈਂਚ ਨੇ ਭਾਰਤੀ ਸਟੇਟ ਬੈਂਕ (ਐੱਸਬੀਆਈ) ਨੂੰ ਹਦਾਇਤ ਦਿੱਤੀ ਹੈ ਕਿ ਹੁਣ ਤੱਕ ਦੇ ਸਮੇਂ ਦੌਰਾਨ ਵੱਖੋ-ਵੱਖ ਪਾਰਟੀਆਂ ਵੱਲੋਂ ਵਸੂਲੇ ਸਾਰੇ ਚੋਣ ਬਾਂਡਾਂ ਦੇ ਵੇਰਵੇ ਜੱਗ-ਜ਼ਾਹਿਰ ਕੀਤੇ ਜਾਣ।

ਦੇਸ਼ ਦੀ ਸਿਖਰਲੀ ਆਦਲਤ ਦਾ ਇਹ ਫ਼ੈਸਲਾ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਲਈ ਜ਼ੋਰਦਾਰ ਝਟਕਾ ਹੈ। ਮੌਜੂਦਾ ਸਰਕਾਰ ਨੇ ਇਹ ਸਕੀਮ ਜਨਵਰੀ 2018 ਵਿਚ ਲਾਗੂ ਕੀਤੀ ਸੀ ਜਿਸ ਨੂੰ ਸਿਆਸੀ ਪਾਰਟੀਆਂ ਨੂੰ ਦਿੱਤੇ ਜਾਣ ਵਾਲੇ ਨਕਦ ਚੰਦੇ ਦੇ 'ਪਾਰਦਰਸ਼ਤਾ ਵਾਲੇ' ਬਦਲ ਵਜੋਂ ਪੇਸ਼ ਕੀਤਾ ਗਿਆ ਸੀ। ਉਸ ਵੇਲੇ ਦੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਭਰੋਸਾ ਜ਼ਾਹਿਰ ਕੀਤਾ ਸੀ ਕਿ ਚੋਣ ਬਾਂਡ ਸਕੀਮ ਨਾਲ ਸਿਆਸੀ ਪਾਰਟੀਆਂ ਨੂੰ ਰਕਮਾਂ ਦਿੱਤੇ ਜਾਣ ਦੇ ਢਾਂਚੇ ਦੀ ਭਰਵੇਂ ਰੂਪ ਵਿਚ ਸਫ਼ਾਈ ਕੀਤੀ ਜਾ ਸਕੇਗੀ ਪਰ ਸਕੀਮ ਤਹਿਤ 'ਚੋਣਵੀਂ ਰਾਜ਼ਦਾਰੀ' ਅਤੇ ਸਾਰੀਆਂ ਧਿਰਾਂ ਨੂੰ ਬਰਾਬਰ ਮੌਕੇ ਨਾ ਦਿੱਤੇ ਜਾਣ ਦੇ ਦੋਸ਼ਾਂ ਕਾਰਨ ਇਹ ਪਹਿਲਕਦਮੀ ਵਿਵਾਦਾਂ ਵਿਚ ਘਿਰ ਗਈ ਸੀ। ਇਸ ਬਾਰੇ ਸਭ ਤੋਂ ਵੱਡਾ ਸਵਾਲ ਤਾਂ ਪਾਰਦਰਸ਼ਤਾ ਵਾਲੇ ਪੱਖ 'ਤੇ ਹੀ ਲੱਗਿਆ ਸੀ।

ਸਕੀਮ ਰਾਹੀਂ ਸਿਆਸੀ ਪਾਰਟੀਆਂ ਨੂੰ ਦਾਨ ਦੇਣ ਵਾਲਿਆਂ ਦਾ ਭੇਤ ਯਕੀਨੀ ਬਣਾਉਣ ਅਤੇ ਦੂਜੇ ਪਾਸੇ ਆਮ ਦੇਸ਼ ਵਾਸੀਆਂ ਨੂੰ ਇਸ ਸਬੰਧੀ ਹਨੇਰੇ ਵਿਚ ਰੱਖਣ ਦੀ ਸਰਕਾਰ ਦੀ ਅੜੀ ਨੇ ਸਕੀਮ ਨੂੰ ਮੂਲ ਰੂਪ ਵਿਚ ਸੱਟ ਮਾਰੀ; ਐਲਾਨੀਆ ਤੌਰ ਉਤੇ ਸਕੀਮ ਦਾ ਮੰਤਵ ਪਾਰਦਰਸ਼ਤਾ ਲਿਆਉਣਾ ਕਰਾਰ ਦਿੱਤਾ ਗਿਆ ਸੀ। ਦੂਜੇ ਪਾਸੇ ਸਰਕਾਰ ਖ਼ੁਦ ਆਪਾ-ਵਿਰੋਧੀ ਢੰਗ ਨਾਲ ਇਸ ਸਬੰਧੀ ਜਾਣਕਾਰੀ ਐੱਸਬੀਆਈ ਤੋਂ ਹਾਸਲ ਕਰ ਕੇ ਦਾਨੀਆਂ ਬਾਰੇ ਵੇਰਵੇ ਜਾਣ ਸਕਦੀ ਸੀ। ਵਿਰੋਧੀ ਧਿਰ ਕੋਲ ਸਕੀਮ ਦਾ ਵਿਰੋਧ ਕਰਨ ਦੇ ਪੂਰੇ ਕਾਰਨ ਸਨ ਕਿਉਂਕਿ ਚੋਣ ਬਾਂਡਾਂ ਦਾ ਬਹੁਤਾ ਹਿੱਸਾ ਭਾਜਪਾ ਦੇ ਹੀ ਖ਼ੀਸੇ ਵਿਚ ਜਾ ਰਿਹਾ ਸੀ; ਇਥੋਂ ਤੱਕ ਕਿ ਭਾਰਤੀ ਚੋਣ ਕਮਿਸ਼ਨ ਨੇ ਵੀ ਇਸ ਸਬੰਧੀ ਟਾਲਮਟੋਲ ਵਾਲਾ ਰਵੱਈਆ ਅਪਣਾਇਆ ਹੋਇਆ ਸੀ। ਬੀਤੇ ਸਾਲ ਸਿਖਰਲੀ ਅਦਾਲਤ ਨੇ ਚੋਣ ਬਾਂਡਾਂ ਤਹਿਤ ਦਿੱਤੇ ਜਾਣ ਵਾਲੇ ਫੰਡਾਂ ਦੇ ਵੇਰਵੇ ਨਾ ਰੱਖਣ 'ਤੇ ਚੋਣ ਕਮਿਸ਼ਨ ਦੀ ਵੀ ਝਾੜ-ਝੰਬ ਕੀਤੀ ਸੀ; ਅਦਾਲਤ ਨੇ ਅਜਿਹਾ ਕਰਨ ਲਈ ਅਪਰੈਲ 2019 ਵਿਚ ਹੁਕਮ ਜਾਰੀ ਕੀਤੇ ਸਨ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਚੋਣ ਕਮਿਸ਼ਨ ਅਤੇ ਐੱਸਬੀਆਈ ਆਖ਼ਿਰਕਾਰ ਇਸ ਮਾਮਲੇ ਵਿਚ ਪਾਇਆ ਹੋਇਆ ਰਾਜ਼ਦਾਰੀ ਦਾ ਸ਼ੱਕੀ ਪਰਦਾ ਹਟਾਉਣਗੇ ਅਤੇ ਸਾਰੇ ਵੇਰਵੇ ਜਨਤਕ ਕਰ ਦੇਣਗੇ। ਇਹ ਸਾਰਾ ਕੁਝ ਮੁਲਕ ਦੀਆਂ ਜਮਹੂਰੀ ਕਦਰਾਂ-ਕੀਮਤਾਂ ਦੀ ਮਜ਼ਬੂਤੀ ਲਈ ਵੀ ਬਹੁਤ ਅਹਿਮੀਅਤ ਵਾਲਾ ਹੈ।

# ਜਲ ਸੈਨਾ ਦੀ ਤਾਕਤ

ਭਾਰਤ ਨੇ ਆਪਣੀ ਸਭ ਤੋਂ ਵੱਡੀ ਬਹੁ-ਧਿਰੀ ਜਲ ਸੈਨਾ ਮਸ਼ਕ 'ਮਿਲਨ 2024' ਦੀ ਤਿਆਰੀ ਕਰ ਲਈ ਹੈ। ਦੋ ਸਾਲਾਂ ਬਾਅਦ ਹੋਣ ਵਾਲੀ ਇਹ ਕਵਾਇਦ ਕੌਮਾਂਤਰੀ ਜਹਾਜ਼ਰਾਨੀ ਦੇ ਖੇਤਰ ਵਿਚ ਸਹਿਯੋਗ ਦੀ ਮਿਸਾਲ ਹੈ। ਇਸ ਦੀ ਸ਼ੁਰੂਆਤ 1995 ਵਿਚ ਹੋਈ ਸੀ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਇਹ ਮੋਹਰੀ ਜਲ ਸੈਨਾ ਕਵਾਇਦ ਦਾ ਰੂਪ ਧਾਰ ਚੁੱਕੀ ਹੈ ਜਿਸ ਤੋਂ ਭਾਰਤ ਦੀ ਜਹਾਜ਼ਰਾਨੀ ਤਾਕਤ ਅਤੇ ਆਲਮੀ ਸੁਰੱਖਿਆ ਪ੍ਰਤੀ ਵਚਨਬੱਧਤਾ ਦਾ ਸੰਦੇਸ਼ ਜਾਂਦਾ ਹੈ। ਇਸ ਮਸ਼ਕ ਵਿਚ 50 ਤੋਂ ਵੱਧ ਦੇਸ਼ ਹਿੱਸਾ ਲੈਣਗੇ ਜਿਨ੍ਹਾਂ ਵਿਚ ਅਮਰੀਕਾ, ਜਪਾਨ, ਆਸਟਰੇਲੀਆ ਅਤੇ ਫਰਾਂਸ ਜਿਹੀਆਂ ਵੱਡੀਆਂ ਜਹਾਜ਼ਰਾਨੀ ਤਾਕਤਾਂ ਵੀ ਸ਼ਾਮਲ ਹਨ। 'ਮਿਲਨ 2024' ਜਹਾਜ਼ਰਾਨੀ ਚੁਣੌਤੀਆਂ ਨੂੰ ਮੁਖ਼ਾਤਬ ਹੋਣ ਦਾ ਵੱਡਾ ਪ੍ਰਮਾਣ ਹੈ। ਜਿਸ ਤਰ੍ਹਾਂ ਪਿੱਛੇ ਜਿਹੇ ਲਾਲ ਸਾਗਰ, ਅਦਨ ਦੀ ਖਾੜੀ ਅਤੇ ਅਰਬ ਸਾਗਰ ਜਿਹੇ ਪ੍ਰਮੁੱਖ ਜਲ ਮਾਰਗਾਂ ਵਿਚ ਹੂਤੀ ਵਿਦਰੋਹੀਆਂ ਅਤੇ ਸੋਮਾਲਿਆਈ ਧਾੜਵੀਆਂ ਨੇ ਹਮਲੇ ਕੀਤੇ ਹਨ, ਜਿਸ ਦੇ ਮੱਦੇਨਜ਼ਰ ਭੂ-ਰਾਜਨੀਤਕ ਧਰਾਤਲ ਕਾਫ਼ੀ ਜਟਿਲ ਹੋ ਗਿਆ ਹੈ ਤਾਂ ਭਰੋਸੇਮੰਦ ਸੁਰੱਖਿਆ ਭਾਗੀਦਾਰ ਅਤੇ ਜਹਾਜ਼ਰਾਨੀ ਸੁਰੱਖਿਆ ਦੇ ਪੈਰੋਕਾਰ ਵਜੋਂ ਭਾਰਤ ਦੀ ਭੂਮਿਕਾ ਦੀ ਕਾਫ਼ੀ ਤਾਰੀਫ਼ ਹੋਈ ਹੈ।

ਹਿੰਦ ਮਹਾਸਾਗਰ ਖਿੱਤੇ ਅੰਦਰ ਭਾਰਤੀ ਜਲ ਸੈਨਾ ਦੀ ਸਰਗਰਮੀ ਤੋਂ ਵੀ ਮੋਹਰੀ ਤਾਕਤ ਵਜੋਂ ਇਸ ਦਾ ਉਭਾਰ ਰੇਖਾਂਕਤ ਹੋਇਆ ਹੈ। ਸੰਨ 2022 ਵਿਚ ਭਾਰਤੀ ਨੇਵੀ ਨੇ ਬਹਿਰੀਨ ਆਧਾਰਿਤ ਕੰਬਾਈਂਡ ਮੈਰੀਟਾਈਮ ਫੋਰਸ ਵਿਚ ਹਿੱਸਾ ਲਿਆ ਸੀ ਜੋ ਅਮਰੀਕਾ ਦੀ ਅਗਵਾਈ ਵਾਲਾ ਬਹੁ-ਕੌਮੀ ਜਲ ਸੈਨਾ ਭਾਗੀਦਾਰੀ ਦਾ ਪ੍ਰੋਗਰਾਮ ਹੈ ਜਿਸ ਦਾ ਮਕਸਦ ਹਿੰਦ ਮਹਾਸਾਗਰ ਦੇ ਆਰ-ਪਾਰ ਕੌਮਾਂਤਰੀ ਜਲ ਮਾਰਗਾਂ ਵਿਚ ਸਥਿਰਤਾ ਸਥਾਪਤ ਕਰਨਾ ਸੀ ਅਤੇ ਭਾਰਤ ਨੇ ਹਾਲ ਹੀ ਵਿਚ ਇਸ ਸਮੂਹ ਦਾ ਹਿੱਸਾ ਬਣਨ ਦਾ ਫ਼ੈਸਲਾ ਕੀਤਾ ਹੈ। ਭਾਰਤ ਨੇ ਇਸ ਖਿੱਤੇ ਦੇ ਦੇਸ਼ਾਂ ਨੂੰ ਸਮੱਰਥਾ ਵਧਾਉਣ, ਪਲੈਟਫਾਰਮ ਉਸਾਰਨ ਅਤੇ ਸਿਖਲਾਈ ਦੇਣ ਵਿਚ ਸਹਾਇਤਾ ਵੀ ਦਿੱਤੀ ਹੈ। ਇਸ ਤਰ੍ਹਾਂ, ਇਹ ਆਪਣੇ ਆਂਢ-ਗੁਆਂਢ ਵਿਚ ਜਹਾਜ਼ਰਾਨੀ ਸਮਰੱਥਾਵਾਂ ਵਿਚ ਇਜ਼ਾਫ਼ਾ ਕਰਨ ਵਿਚ ਅਹਿਮ ਭਿਆਲ ਬਣ ਕੇ ਉਭਰਿਆ ਹੈ ਜਿਸ ਤੋਂ ਹੰਢਣਸਾਰ ਜਹਾਜ਼ਰਾਨੀ ਵਿਕਾਸ ਨੂੰ ਅਗਾਂਹ ਵਧਾਉਣ ਵਿਚ ਇਸ ਦੀ ਵਚਨਬੱਧਤਾ ਦਾ ਪ੍ਰਗਟਾਵਾ ਹੁੰਦਾ ਹੈ। ਮੌਰੀਸ਼ਸ, ਸੈਸ਼ਲਜ਼ ਅਤੇ ਸ੍ਰੀਲੰਕਾ ਜਿਹੇ ਮੁਲਕਾਂ ਨੂੰ ਸਮੁੰਦਰੀ ਪੈਟਰੋਲ ਵਾਹਨ, ਤੇਜ਼ ਰਫ਼ਤਾਰ ਯੁੱਧ ਕੌਸ਼ਲ ਆਦਿ ਤੋਹਫ਼ੇ ਦੇਣ ਤੋਂ ਸਾਂਝ ਭਿਆਲੀ ਵਾਲੇ ਜਹਾਜ਼ਰਾਨੀ ਸ਼ਾਸਨ ਪ੍ਰਤੀ ਇਸ ਦੀ ਵਚਨਬੱਧਤਾ ਦਾ ਇਜ਼ਹਾਰ ਹੁੰਦਾ ਹੈ। ਇਸ ਤੋਂ ਇਲਾਵਾ ਸਮੁੰਦਰੀ ਸਰਵੇਖਣਾਂ ਅਤੇ ਸਾਂਝੇ ਵਿਸ਼ੇਸ਼ ਆਰਥਿਕ ਜ਼ੋਨਾਂ ਦੀ ਨਿਗਰਾਨੀ ਦੇ ਪੱਖਾਂ ਤੋਂ ਵੀ ਭਾਰਤ ਮੋਹਰੀ ਯੋਗਦਾਨ ਦੇ ਰਿਹਾ ਹੈ। 'ਮਿਲਨ 2024' ਭਾਗੀਦਾਰ ਮੁਲਕਾਂ ਦਰਮਿਆਨ ਆਪਸੀ ਵਿਸ਼ਵਾਸ ਪੈਦਾ ਕਰਨ ਅਤੇ ਜਲ ਮਸ਼ਕਾਂ ਦੀ ਆਪਸੀ ਸਾਂਝ ਵਧਾਉਣ ਦਾ ਮੰਚ ਵੀ ਮੁਹੱਈਆ ਕਰਾਉਂਦਾ ਹੈ। ਨੇਮ ਆਧਾਰਿਤ ਜਹਾਜ਼ਰਾਨੀ ਨਿਜ਼ਾਮ ਨੂੰ ਹੁਲਾਰਾ ਦੇ ਕੇ ਭਾਰਤ ਸੁਰੱਖਿਅਤ ਸਮੁੰਦਰੀ ਮਾਹੌਲ ਯਕੀਨੀ ਬਣਾਉਣ ਦਾ ਯਤਨ ਕਰਦਾ ਹੈ ਜੋ ਆਲਮੀ ਸਥਿਰਤਾ ਅਤੇ ਖ਼ੁਸ਼ਹਾਲੀ ਲਈ ਬਹੁਤ ਅਹਿਮੀਅਤ ਰੱਖਦਾ ਹੈ। ਇਸ ਪ੍ਰਸੰਗ ਵਿਚ ਭਾਰਤ ਦੀ ਭੂਮਿਕਾ ਬੇਹੱਦ ਅਹਿਮ ਰਹੀ ਹੈ ਅਤੇ ਪਿਛਲੇ ਸਮੇਂ ਦੌਰਾਨ ਭਾਰਤ ਦੀ ਖ਼ਾਸ ਪਹੁੰਚ ਬਾਰੇ ਚਰਚਾ ਕੌਮਾਂਤਰੀ ਪੱਧਰ 'ਤੇ ਵੀ ਹੋਈ ਹੈ।

# ਸਿੱਖਿਆ, ਸਿਹਤ ਅਤੇ ਗ਼ੁਰਬਤ ਦਾ ਕੁਚੱਕਰ

**ਡਾ. ਸ਼ਿਆਮ ਸੁੰਦਰ ਦੀਪਤੀ**



ਮੁਲਕ ਨੇ ਆਪਣੇ ਲਗਾਤਾਰ ਵਿਕਾਸ ਅਤੇ ਸਮਝ ਤਹਿਤ ਕਿੰਨੇ ਹੀ ਵਿਭਾਗ ਅਤੇ ਮੰਤਰਾਲਿਆਂ ਬਣਾਏ। ਸਿੱਖਿਆ ਅਤੇ ਸਿਹਤ ਤਾਂ ਪਹਿਲਾਂ ਹੀ ਨਿਸ਼ਾਨੇ 'ਤੇ ਸਨ। ਆਜ਼ਾਦੀ ਤੋਂ ਪਹਿਲਾਂ ਹੀ ਲੋਕਾਂ ਦੀ ਸਿਹਤ ਅਤੇ ਬਿਮਾਰੀ ਬਾਰੇ ਸਰਵੇਖਣ ਕਰ ਲਿਆ ਸੀ। 1946 ਵਿਚ ਇਸ ਕੰਮ ਲਈ ਬਣੀ ਸਰ ਭੌਰ ਕਮੇਟੀ ਦੀ ਰਿਪੋਰਟ ਸਾਹਮਣੇ ਸੀ। ਦੇਸ਼ ਛੂਤ ਦੀਆਂ ਬਿਮਾਰੀਆਂ ਜਿਵੇਂ ਟੀਬੀ ਅਤੇ ਮਲੇਰੀਆਂ ਵਰਗੀਆਂ ਬਿਮਾਰੀਆਂ ਨਾਲ ਜੂਝ ਰਿਹਾ ਸੀ। ਜਿਥੋਂ ਤੱਕ ਸਿੱਖਿਆ ਦੀ ਗੱਲ ਹੈ, ਉਸ ਵੇਲੇ ਸਿਰਫ 12 ਫੀਸਦੀ ਲੋਕ ਹੀ ਪੜ੍ਹੇ ਲਿਖੇ ਸੀ। ਇਨ੍ਹਾਂ ਵਿਚੋਂ ਵੀ ਔਰਤਾਂ, ਪਛੜੀਆਂ ਜਾਤੀਆਂ, ਦਲਿਤ ਅਤੇ ਦੂਰ-ਦਰਾਜ਼ ਦੇ ਲੋਕਾਂ ਵਿਚ ਸਿੱਖਿਆ ਦੀ ਹਾਲਤ ਤੁਸੀਂ ਖੁਦ ਸਮਝ ਸਕਦੇ ਹੋ।

ਹੌਲੀ ਹੌਲੀ ਵੱਖ ਵੱਖ ਮੰਤਰਾਲਿਆਂ ਦੇ ਮੱਦੇਨਜ਼ਰ ਮਨੁੱਖੀ ਸਰਮਾਏ ਨੂੰ ਸਰਮਰਪਿਤ ਮੰਤਰਾਲਾ ਬਣਾਇਆ। ਵੈਸੇ ਤਾਂ ਮਨੁੱਖੀ ਸਰੋਤ ਦੇ ਘੇਰੇ ਵਿਚ ਬਹੁਤ ਕੁਝ ਆਉਂਦਾ ਹੈ ਪਰ ਇਸ ਮੰਤਰਾਲੇ ਦਾ ਮੁੱਖ ਉਦੇਸ਼ ਸਿੱਖਿਆ ਦੇ ਵੱਖ ਵੱਖ ਪੱਧਰਾਂ 'ਤੇ ਕੰਮ ਕਰਨਾ ਸੀ; ਜਿਵੇਂ ਉਚ ਸਿੱਖਿਆ, ਤਕਨੀਕੀ ਸਿੱਖਿਆ ਤੇ ਇਸੇ ਤਹਿਤ ਮੈਡੀਕਲ ਤੇ ਇੰਜਨੀਅਰਿੰਗ ਸਿੱਖਿਆ। ਸਿਹਤ ਨੂੰ ਵੀ ਮਨੁੱਖੀ ਸਰੋਤ ਵਿਚ ਸ਼ਾਮਲ ਕੀਤਾ ਗਿਆ ਕਿਉਂਕਿ ਅਰਥ ਸ਼ਾਸਤਰੀਆਂ ਮੁਤਾਬਿਕ, ਸਿਹਤਮੰਦ ਸ਼ਖ਼ਸ ਅਤੇ ਸਿੱਖਿਅਕ ਮਨੁੱਖ ਵਿਕਾਸ ਲਈ ਵੱਧ ਸਹਾਇਕ ਹੁੰਦਾ ਹੈ ਤੇ ਪੈਦਾਵਾਰ ਵਿਚ ਵੱਧ ਹਿੱਸਾ ਪਾਉਂਦਾ ਹੈ। ਇਸੇ ਤਰ੍ਹਾਂ ਜਦੋਂ ਸਿਹਤ ਦੀ ਗੱਲ ਚੱਲੀ ਤਾਂ ਖੁਰਾਕ ਦੀ ਮਹੱਤਤਾ ਵਿਚਾਰੀ ਗਈ। ਦੇਸ਼ ਦੀ ਖੁਰਾਕ ਸਮਰੱਥਾ ਦੇ ਮੱਦੇਨਜ਼ਰ ਵਿਚਾਰਾਂ ਹੋਈਆਂ ਤਾਂ ਦੇਸ਼ ਦੀ ਅਨਾਜ ਪੈਦਾਵਾਰ ਨੂੰ ਵੀ ਬਰਾਬਰ ਥਾਂ ਮਿਲੀ।

ਦੇਸ਼ ਦੀ ਆਜਾਦੀ ਮਗਰੋਂ ਪਹਿਲੀ ਵਾਰ ਵੱਖ ਵੱਖ ਸਮੱਸਿਆਵਾਂ ਮੁਤਾਬਕ ਨੀਤੀਆਂ ਬਣਾਉਣ ਦਾ ਕੰਮ ਸ਼ੁਰੂ ਹੋਇਆ। ਨੀਤੀ ਕਿਸੇ ਵੀ ਤਰ੍ਹਾਂ ਦੇ ਕੰਮ ਕਰਨ ਲਈ ਰੂਪ ਰੇਖਾ ਹੁੰਦੀ ਹੈ, ਨਕਸ਼ਾ ਹੁੰਦਾ ਹੈ ਜਿਸ ਦੇ ਤਹਿਤ ਦਿਸ਼ਾ ਤੈਅ ਹੁੰਦੀ ਹੈ, ਮਾਹਿਰ ਅਤੇ ਹੋਰ ਕਾਮੇ ਆਪਣੀ ਸਮਰੱਥਾ ਮੁਤਾਬਕ ਕਦਮ ਪੁਟਦੇ ਹਨ। ਜਿਥੋਂ ਤਕ ਕੰਮ ਕਰਨ ਲਈ ਸਮਰਥਾ ਦੀ ਗੱਲ ਹੈ, ਉਸ ਲਈ ਮੁੱਖ ਤੌਰ 'ਤੇ ਸਰਮਾਏ ਦੀ ਲੋੜ ਹੁੰਦੀ ਹੈ; ਨਾਲ ਹੀ ਕੰਮ ਕਰਨ ਵਾਲੇ ਸਿੱਖਿਅਕਾਂ ਦੀ। ਇਹ ਗੱਲ ਮੰਨਣ ਵਾਲੀ ਹੈ ਕਿ ਜਦੋਂ ਦੇਸ਼ ਆਜ਼ਾਦ ਹੋਇਆ, ਕਈ ਪੱਖਾਂ ਤੋਂ ਪਛੜਿਆ ਹੋਇਆ ਸੀ। ਪੈਸੇ ਦੀ ਗੱਲ ਕਰੀਏ ਤਾਂ ਗਰੀਬੀ ਵੱਡੇ ਪੱਧਰ 'ਤੇ ਦੇਸ਼ ਦੀ ਹੋਣੀ ਸੀ। ਤਕਰੀਬਨ ਅੱਸੀ ਪ੍ਰਤੀਸ਼ਤ ਲੋਕ ਗਰੀਬ ਸੀ। ਜਦੋਂ ਯੋਜਨਾ ਆਯੋਗ (1950) ਬਣਿਆ ਤਾਂ ਇਹ ਅੰਦਾਜ਼ਾ 65 ਫੀਸਦੀ ਸੀ।

ਅੱਜ ਆਜ਼ਾਦੀ ਤੋਂ 76 ਸਾਲ ਬਾਅਦ ਭਾਰਤ ਭਾਵੇਂ ਅਮੀਰ ਦੇਸ਼ਾਂ ਦੀ ਕਤਾਰ ਵਿਚ ਗਿਣਿਆ ਜਾਂਦਾ ਹੈ ਪਰ ਗਰੀਬੀ ਦੀ ਹਾਲਤ ਵਿਚ ਸੁਧਾਰ ਓਨਾ ਨਹੀਂ ਹੋਇਆ ਜਿੰਨੇ ਦਾਅਵੇ ਕੀਤੇ ਜਾਂਦੇ ਹਨ। ਹੁਣ ਦੇਸ਼ ਵਿਚ ਅੱਸੀ ਕਰੋੜ ਪਰਿਵਾਰਾਂ ਨੂੰ ਪੰਜ ਕਿਲੋ ਅਨਾਜ ਹਰ ਮਹੀਨੇ ਮੁਫ਼ਤ ਦੇਣ ਦੀ ਗੱਲ ਕਹੀ ਜਾ ਰਹੀ ਹੈ। ਇਸ ਦਾ ਇਕ ਹੋਰ ਪਾਸਾ ਇਹ ਵੀ ਹੈ ਕਿ ਕੌਮਾਂਤਰੀ ਸੰਸਥਾ ਵਲੋਂ ਜਦੋਂ ਖੁਰਾਕ ਨੂੰ ਲੈ ਕੇ ਭੁੱਖਮਰੀ ਦੇ ਅੰਕੜੇ ਪੇਸ਼ ਕੀਤੇ ਜਾਂਦੇ ਹਨ ਤਾਂ ਸਾਡੇ ਦੇਸ਼ (ਜੋ ਦੁਨੀਆ ਦਾ ਪੰਜਵਾਂ ਵੱਡਾ ਅਰਥਚਾਰਾ ਹੈ) ਦਾ ਥਾਂ 112 'ਤੇ ਪਹੁੰਚ ਗਿਆ ਹੈ। ਖੁਰਾਕ ਬਾਰੇ ਜਦੋਂ ਸਿਹਤ ਨਾਲ ਜੋੜ ਕੇ ਜ਼ਿਕਰ ਕੀਤਾ ਜਾਂਦਾ ਹੈ ਤਾਂ ਮੈਡੀਕਲ ਵਿਭਾਗ ਇਹ ਦਾਅਵੇ ਕਰਦਾ ਹੈ ਕਿ ਕੁਪੋਸ਼ਣ ਦੀ ਸਮੱਸਿਆ ਸਾਰੀਆਂ ਬਿਮਾਰੀਆਂ ਦੀ ਬੁਨਿਆਦ ਹੈ। ਇਥੇ ਜ਼ਿਕਰ ਕਰਨ ਲਈ ਇਹ ਉਦਾਹਰਨ ਕਾਫ਼ੀ ਹੈ ਕਿ ਟੀਬੀ ਵਰਗੀ ਜਿਸ ਬਿਮਾਰੀ ਦਾ ਜ਼ਿਕਰ ਭੌਰ ਕਮੇਟੀ ਦੀ ਰਿਪੋਰਟ ਵਿਚ ਆਜ਼ਾਦੀ ਤੋਂ ਪਹਿਲਾਂ ਹੋਇਆ ਹੈ, ਉਹ ਸਮੱਸਿਆ ਅਜੇ ਤੱਕ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਕੁਪੋਸ਼ਣ ਹੈ।

ਕੁਪੋਸ਼ਣ ਮਤਲਬ ਖੁਰਾਕ ਦੀ ਘਾਟ ਹੈ ਅਤੇ ਭੁੱਖਮਰੀ ਤੇ ਗਰੀਬੀ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ। ਟੀਬੀ ਭਾਵੇਂ ਜਰਮਾਂ ਨਾਲ ਹੋਣ ਵਾਲੀ ਬਿਮਾਰੀ ਹੈ ਪਰ ਟੀਬੀ ਦੇ ਜਰਮ ਉਸ ਸ਼ਖ਼ਸ 'ਤੇ ਹਮਲਾ ਕਰਦੇ ਹਨ ਜੋ ਸਰੀਰਕ ਪੱਖੋਂ ਕਮਜ਼ੋਰ ਹੁੰਦਾ ਹੈ।

ਅੱਜ ਦੀ ਤਾਰੀਖ ਵਿਚ ਸਿਹਤ ਅਤੇ ਸਿੱਖਿਆ ਸਰਕਾਰ ਦੀ ਜ਼ਿੰਮੇਵਾਰੀ ਤੋਂ ਬਾਹਰ ਨਿਕਲਣ ਕਰ ਕੇ ਗਰੀਬਾਂ ਦੇ ਸੰਤਾਪ ਦਾ ਸਭ ਤੋਂ ਵੱਡਾ ਕਾਰਨ ਬਣ ਰਹੀਆਂ ਹਨ। ਆਜ਼ਾਦੀ ਤੋਂ ਬਾਅਦ ਅਸੀਂ ਸੰਵਿਧਾਨ ਬਣਾਇਆ ਜਿਸ ਦੀ ਬੁਨਿਆਦ 'ਤੇ ਲੋਕਤੰਤਰ ਦੀ ਸਥਾਪਨਾ ਹੋਈ। ਲੋਕਤੰਤਰ ਵਿਚ ਸਭ ਨੂੰ ਯਕੀਨ ਹੋਇਆ ਕਿ ਹੁਣ ਦੇਸ਼ ਆਪਣੇ ਲੋਕਾਂ ਲਈ ਘੱਟੋ-ਘੱਟ ਬੁਨਿਆਦੀ ਸਹੂਲਤਾਂ ਜ਼ਰੂਰ ਮੁਹੱਈਆ ਕਰਵਾਏਗਾ।

ਆਜ਼ਾਦੀ ਮਗਰੋਂ ਵਿਆਪਕ ਅਨਪੜ੍ਹਤਾ ਦੇ ਮੱਦੇਨਜ਼ਰ ਦਸ ਸਾਲ ਵਿਚ ਹੀ ਦੇਸ਼ ਨੂੰ ਸਾਖਰ ਕਰਨ ਦਾ ਟੀਚਾ ਮਿਥਿਆ ਗਿਆ। ਤਕਰੀਬਨ 75 ਸਾਲਾਂ ਬਾਅਦ ਦੇਸ਼ ਦੀ ਸਾਖਰਤਾ ਦਰ 74.4 ਫੀਸਦੀ ਹੈ; ਕਹਿਣ ਦਾ ਮਤਲਬ, ਚੌਥਾ ਹਿੱਸਾ ਆਬਾਦੀ ਅਨਪੜ੍ਹ ਹੈ। ਤੁਸੀਂ ਕਹਿ ਲਵੋ ਕਿ ਤਕਰੀਬਨ 90 ਕਰੋੜ ਕੰਪਿਊਟਰ ਬੇਕਾਰ ਪਏ ਹਨ ਜਿਨ੍ਹਾਂ ਦਾ ਦਿਮਾਗ ਵਰਤੋਂ ਵਿਚ ਨਹੀਂ ਲਿਆਂਦਾ ਜਾ ਰਿਹਾ।

ਲੋਕਤੰਤਰੀ ਦੇਸ਼, ਮਤਲਬ ਲੋਕਾਂ ਲਈ ਕੰਮ ਕਰਨ ਵਾਲੀ ਸਰਕਾਰ ਅਤੇ ਅਰਥ ਸ਼ਾਸਤਰੀਆਂ ਨੇ ਸਿਹਤ ਅਤੇ ਸਿੱਖਿਆ ਨੂੰ ਮਨੁੱਖੀ ਵਸੀਲੇ ਵਜੋਂ ਵਿਕਸਤ ਕਰਨ ਦੀ ਗੱਲ ਨੂੰ ਅੱਖੋਂ ਪਰੋਖੇ ਕਰ ਕੇ ਸਿੱਖਿਆ ਉਪਰ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਦਾ 3.9 ਫੀਸਦੀ ਅਤੇ ਸਿਹਤ ਲਈ ਸਿਰਫ 2.9 ਫੀਸਦੀ ਬਜਟ ਹੀ ਰੱਖਿਆ ਹੈ। ਸਰਕਾਰ ਭਾਵੇਂ ਹਰ ਬਜਟ ਵਿਚ ਦਾਅਵਾ ਕਰਦੀ ਹੈ ਕਿ ਇਸ ਸਾਲ ਬਜਟ ਵਿਚ 10 ਤੋਂ 15% ਵਾਧਾ ਕੀਤਾ ਗਿਆ ਹੈ ਪਰ ਇਹ ਵਾਧਾ ਮਹਿੰਗਾਈ ਦੇ ਮਦੇਨਜ਼ਰ ਹੁੰਦਾ ਹੈ; ਕੁਝ ਹੋਰ ਪੱਖ ਜੋੜ ਕੇ ਲੋਕਾਂ ਨੂੰ ਦਿਖਾਉਣ ਲਈ ਹੁੰਦਾ ਹੈ; ਹਕੀਕਤ ਵਿਚ ਕਿਸੇ ਤਰ੍ਹਾਂ ਦਾ ਵਾਧਾ ਨਹੀਂ ਹੁੰਦਾ।

ਸਿੱਖਿਆ ਨੀਤੀ ਪਹਿਲੀ ਵਾਰੀ 1968 ਵਿਚ ਬਣਾਈ ਗਈ ਤੇ ਫਿਰ 1986 ਵਿਚ। ਇਸ ਨੀਤੀ ਤਹਿਤ ਰਾਜੀਵ ਗਾਂਧੀ ਸਰਕਾਰ ਨੇ ਸਾਖਰਤਾ ਦਰ 100 ਫੀਸਦੀ ਕਰਨ ਦਾ ਟੀਚਾ ਮਿਥਿਆ। ਇਹ ਅਸਲ ਵਿਚ ਆਜ਼ਾਦੀ ਸਮੇਂ ਦਾ ਸੁਫ਼ਨਾ ਸੀ ਪਰ ਇਹ ਸੁਫ਼ਨਾ ਹੀ ਰਹਿ ਗਿਆ। ਹੁਣ ਮੌਜੂਦਾ ਸਰਕਾਰ ਨੇ ਨਵੀਂ ਸਿੱਖਿਆ ਨੀਤੀ-2020 ਤਹਿਤ ਸਿੱਖਿਆ ਨੂੰ ਪੂਰੀ ਤਰ੍ਹਾਂ ਪ੍ਰਾਈਵੇਟ ਹੱਥਾਂ ਵਿਚ ਦੇਣ ਵਾਲਾ ਰਾਹ ਫੜ ਲਿਆ ਹੈ।

ਦੇਸ਼ ਦੀ ਇਸੇ ਤਰ੍ਹਾਂ ਸਿਹਤ ਸਥਿਤੀ ਨੂੰ ਲੈ ਕੇ ਭਾਵੇਂ ਸਾਡੇ ਕੋਲ ਰਿਪੋਰਟ ਆਜ਼ਾਦੀ ਤੋਂ ਪਹਿਲਾਂ ਸੀ ਪਰ ਸੰਸਾਰ ਸਿਹਤ ਸੰਸਥਾ ਦੇ ਦਬਾਅ ਹੇਠ ਪਹਿਲੀ ਵਾਰ ਸਿਹਤ ਨੀਤੀ 1983 ਵਿਚ ਬਣਾਈ ਗਈ। ਉਸ ਸਮੇਂ 'ਸਭ ਲਈ ਸਿਹਤ - 2000 ਤੱਕ' ਨਿਸ਼ਾਨੇ ਨਾਲ ਟੀਚੇ ਮਿੱਥੇ ਗਏ। ਫਿਰ 2002 ਅਤੇ ਮੌਜੂਦਾ ਸਰਕਾਰ ਨੇ 2017 ਵਿਚ ਸਿਹਤ ਨੀਤੀ ਵਿਚ ਸੋਧ ਕੀਤੀ। ਅੱਜ ਹਾਲਾਤ ਇਹ ਹਨ ਕਿ ਸਰਕਾਰ ਵਲੋਂ ਗਰੀਬਾਂ ਨੂੰ ਦੇਣ ਲਈ ਸਿਰ ਦਰਦ ਦੀ ਗੋਲੀ ਵੀ ਨਹੀਂ ਹੈ ਤੇ ਅਮੀਰਾਂ ਨੂੰ ਇਲਾਜ ਲਈ ਮਹਿੰਗੇ ਤੋਂ ਮਹਿੰਗਾ ਇਲਾਜ ਮੁਹੱਈਆ ਕਰਨ ਦਾ ਰਾਹ ਖੁੱਲ੍ਹਾ ਹੈ। ਕਹਿਣ ਨੂੰ ਤਾਂ ਭਾਵੇਂ ਸਰਕਾਰ ਨੇ ਸਿਹਤ ਬੀਮਾ ਯੋਜਨਾ ਦਾ ਰਾਹ ਵੀ ਖੋਲ੍ਹਿਆ ਹੈ ਪਰ ਇਸ ਮੈਦਾਨ ਵਿਚ ਕਿੰਨੀਆਂ ਹੀ ਬੀਮਾ ਕੰਪਨੀਆਂ ਆਪਣੇ ਵਾਰੇ-ਨਿਆਰੇ ਕਰ ਰਹੀਆਂ ਹਨ। ਸਿੱਖਿਆ ਅਤੇ ਸਿਹਤ ਦੀ ਮੌਜੂਦਾ ਤਸਵੀਰ ਦੇਖਦਿਆਂ ਸਾਫ ਦਿਸਣ ਲੱਗਿਆ ਹੈ ਕਿ ਇਹ ਦੋਵੇਂ ਖੇਤਰ ਹੁਣ ਅਮੀਰਾਂ ਲਈ ਰਾਖਵੇਂ ਹਨ; ਗਰੀਬ ਆਦਮੀ ਨੂੰ ਹੌਲੀ ਹੌਲੀ ਇਸ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਇਕ ਸਿਹਤਮੰਦ ਅਤੇ ਸਿੱਖਿਅਤ ਸ਼ਖ਼ਸ, ਗਰੀਬ ਅਤੇ ਕਮਜ਼ੋਰ ਬੰਦੇ ਦੇ ਮੁਕਾਬਲੇ ਘੱਟ ਦਿਹਾੜੀ ਵਾਲੇ ਕੰਮ ਲੱਗਿਆ ਹੋਣ ਕਰ ਕੇ ਘੱਟ ਤਨਖਾਹ/ਦਿਹਾੜੀ ਲੈਂਦਾ ਹੈ, ਤੇ ਛੁੱਟੀਆਂ ਵੀ ਵੱਧ ਕਰਦਾ ਹੈ ਕਿਉਂਕਿ ਉਹ ਅਕਸਰ ਬਿਮਾਰੀ ਨਾਲ ਘਿਰਿਆ ਰਹਿੰਦਾ ਹੈ। ਇਸ ਤਰ੍ਹਾਂ ਗਰੀਬੀ ਦੇ ਗੇੜ ਤੋਂ ਬਾਹਰ ਆਉਣ ਤੋਂ ਨਾਕਾਮਯਾਬ ਰਹਿੰਦਾ ਹੈ। ਜਦੋਂ ਸਿਹਤ ਅਤੇ ਸਿੱਖਿਆ ਦੇ ਕੁਚੱਕਰ ਦੀ ਗੱਲ ਆਉਂਦੀ ਹੈ ਤਾਂ ਅਸੀਂ ਜਾਣਿਆ ਹੈ ਕਿ ਪੜ੍ਹਿਆ ਲਿਖਿਆ ਅਤੇ ਸਿਹਤਮੰਦ ਸ਼ਖ਼ਸ ਵਧੀਆ ਰੁਜ਼ਗਾਰ ਕਰ ਸਕਦਾ ਹੈ ਤੇ ਆਪਣੇ ਆਪ ਨੂੰ ਗਰੀਬੀ ਦੇ ਚੁੰਗਲ ਵਿਚੋਂ ਛੁਡਾ ਸਕਦਾ ਹੈ।

ਦੇਸ਼ ਵਿਚ ਗਰੀਬਾਂ ਅਤੇ ਬੱਚਿਆਂ ਲਈ ਜਿੰਨੀਆਂ ਮਰਜ਼ੀ ਸਕੀਮਾਂ ਹੋਣ ਪਰ ਸੱਚ ਇਹ ਹੈ ਕਿ ਦੇਸ਼ ਦੀ 40% ਦੌਲਤ ਦੇਸ਼ ਦੇ ਇਕ ਫੀਸਦੀ ਲੋਕਾਂ ਕੋਲ ਹੈ, ਜਾਂ ਕਹੀਏ, ਕੁਝ ਕੁ ਪਰਿਵਾਰਾਂ ਦੇ ਹੱਥਾਂ ਵਿਚ ਹੈ; ਦੂਜੇ ਪਾਸੇ, ਦੇਸ਼ ਦੀ ਕੁੱਲ ਦੌਲਤ ਦਾ ਸਿਰਫ਼ ਇਕ ਫੀਸਦੀ ਹਿੱਸਾ ਪੰਜਾਹ ਫੀਸਦੀ ਲੋਕਾਂ ਕੋਲ ਹੈ। ਇਸ ਗੱਲ ਨੂੰ ਇਸ ਤਰ੍ਹਾਂ ਵੀ ਸਮਝ ਸਕਦੇ ਹਾਂ ਕਿ ਦੇਸ਼ ਦੇ ਸਿਰਫ਼ 10 ਫੀਸਦੀ ਲੋਕ ਹੀ ਹਨ ਜੋ 25000 ਰੁਪਏ ਮਹੀਨਾ ਜਾਂ ਉਸ ਤੋਂ ਵੱਧ ਕਮਾਉਂਦੇ ਹਨ। ਇਸ ਦੇ ਨਾਲ ਹੀ ਇਕ ਗੱਲ ਇਹ ਵੀ ਸਮਝੀ ਜਾ ਸਕਦੀ ਹੈ ਕਿ ਦੇਸ਼ ਦੇ 4% ਲੋਕ ਹੀ ਸਿਰਫ ਸੱਤਰ ਹਜ਼ਾਰ ਰੁਪਏ ਮਹੀਨਾ ਜਾਂ ਕਹਿ ਲਉ ਅੱਠ ਲੱਖ ਰੁਪਏ ਸਾਲਾਨਾ ਆਪਣੇ ਘਰ ਲੈ ਕੇ ਜਾਂਦੇ ਹਨ ਤੇ ਖੁਸ਼ਹਾਲ ਜੀਵਨ ਬਤੀਤ ਕਰਦੇ ਹਨ।

ਇਸ ਤੋਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਦੇਸ਼ ਦੀ ਨਿਗੂਣੀ ਜਿਹੀ ਆਬਾਦੀ ਹੀ ਖੁਸ਼ਹਾਲ ਜੀਵਨ ਬਤੀਤ ਕਰ ਰਹੀ ਹੈ; ਬਹੁਤ ਵੱਡੀ ਗਿਣਤੀ (ਤਕਰੀਬਨ 90 ਫੀਸਦੀ) ਆਬਾਦੀ ਦਾ ਜੀਵਨ ਬਦਹਾਲੀ ਵਾਲਾ ਹੈ। ਆਪਣਾ ਦੇਸ਼ ਹੁਣ 2030 ਤੱਕ ਮੂਹਰਲੀਆਂ ਦੋ ਵੱਡੀਆਂ ਆਰਥਿਕ ਤਾਕਤਾਂ ਤੋਂ ਬਾਅਦ ਵੱਡੀ ਤਾਕਤ ਹੋਣ ਦੇ ਦਾਅਵੇ ਕਰ ਰਿਹਾ ਹੈ; ਕਹਿਣ ਦਾ ਭਾਵ, ਸਾਡਾ ਮੁਲਕ ਅਮਰੀਕਾ ਤੇ ਜਪਾਨ ਤੋਂ ਬਾਅਦ ਆਪਣੀ ਥਾਂ ਬਣਾ ਰਿਹਾ ਹੈ। ਇਨ੍ਹਾਂ ਦਾਅਵਿਆਂ ਵਿਚ ਕਿੰਨੀ ਸਚਾਈ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਕੀ ਇਹ ਸਭ ਮੌਜੂਦਾ ਹਾਲਾਤ ਨਾਲ ਮੇਲ ਖਾਂਦਾ ਹੈ? ਇਹ ਕਿਤੇ ਕੁਝ ਘਰਾਣਿਆਂ ਦੇ ਅਮੀਰ ਤੋਂ ਅਮੀਰ ਹੋਣ ਅਤੇ ਬਾਕੀ ਦੇਸ਼ ਨੂੰ ਗਰੀਬੀ ਦੇ ਕੁਚੱਕਰ ਵਿਚ ਫਸੇ ਰਹਿਣ ਵੱਲ ਤਾਂ ਨਹੀਂ ਧੱਕ ਦੇਵੇਗਾ? ਕਹਿਣ ਦਾ ਮਤਲਬ, ਦੇਸ਼ ਤਾਂ ਜ਼ਰੂਰ ਅਮੀਰ ਹੋ ਜਾਵੇਗਾ ਪਰ ਲੋਕ ਬਦਹਾਲ ਜ਼ਿੰਦਗੀ ਜੀਅ ਰਹੇ ਹੋਣਗੇ!

# ਭਾਜਪਾ ਨੂੰ ਕਿਸਾਨਾਂ 'ਤੇ ਜਬਰ ਢਾਹੁਣ ਦਾ ਖਮਿਆਜ਼ਾ ਭੁਗਤਣਾ ਪਵੇਗਾ: ਸੰਧਵਾਂ

## ਸਪੀਕਰ ਨੇ ਪਟਿਆਲਾ ਹਸਪਤਾਲ ਪਹੁੰਚ ਕੇ ਜ਼ਖ਼ਮੀ ਕਿਸਾਨਾਂ ਦਾ ਹਾਲ-ਚਾਲ ਪੁੱਛਿਆ

**ਪਟਿਆਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਪੰਜਾਬ-ਹਰਿਆਣਾ ਦੀ ਹੱਦ 'ਤੇ ਹਰਿਆਣਾ ਪੁਲੀਸ ਦੇ ਤਸ਼ੱਦਦ ਦਾ ਸ਼ਿਕਾਰ ਹੋਏ ਕਿਸਾਨਾਂ ਦਾ ਰਾਜਿੰਦਰਾ ਹਸਪਤਾਲ ਵਿੱਚ ਹਾਲ-ਚਾਲ ਪੁੱਛਿਆ।

ਉਨ੍ਹਾਂ ਆਖਿਆ ਕਿ ਭਾਜਪਾ ਸਰਕਾਰ ਨੂੰ ਕਿਸਾਨਾਂ 'ਤੇ ਕੀਤੇ ਜਬਰ ਦਾ ਖਮਿਆਜ਼ਾ ਭੁਗਤਣਾ ਪਵੇਗਾ। ਸ੍ਰੀ ਸੰਧਵਾਂ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਵਾਜਬ ਦੱਸਦਿਆਂ ਕਿਹਾ ਕਿ ਸ਼ਾਂਤਮਈ ਪ੍ਰਦਰਸ਼ਨ ਕਰਨ ਦੇ ਬਾਵਜੂਦ ਹਰਿਆਣਾ ਪੁਲੀਸ ਵੱਲੋਂ ਕਿਸਾਨਾਂ 'ਤੇ ਜਬਰ ਢਾਹਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ 'ਤੇ ਪਟਿਆਲਾ ਸਣੇ ਹੋਰ ਸਰਕਾਰੀ ਹਸਪਤਾਲਾਂ ਵਿੱਚ ਜ਼ਖ਼ਮੀ ਕਿਸਾਨਾਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ। ਮਰਹੂਮ ਰਾਮ ਮਨੋਹਰ ਲੋਹੀਆ ਦੇ ਸ਼ਬਦਾਂ 'ਜੇਕਰ ਸੜਕਾਂ ਸ਼ਾਂਤ ਹੋਈਆਂ, ਤਾਂ ਸੰਸਦ ਬੇਕਾਬੂ ਹੋ ਜਾਵੇਗੀ' ਦੇ ਹਵਾਲੇ ਨਾਲ ਸ੍ਰੀ ਸੰਧਵਾਂ ਨੇ ਕਿਹਾ ਕਿ ਦੇਸ਼ ਦੇ ਸਭ ਤੋਂ ਵੱਧ ਰੁਜ਼ਗਾਰ ਮੁਹੱਈਆ ਕਰਵਾਉਣ ਵਾਲੇ ਖੇਤੀ ਸੈਕਟਰ ਦੀ 65 ਫੀਸਦੀ ਕਿਸਾਨੀ ਨੂੰ ਅਣਦੇਖਿਆ ਕਰਕੇ ਕੁਝ ਕੁ ਪੂੰਜੀਪਤੀ ਘਰਾਣਿਆਂ ਦੇ ਇਸ਼ਾਰਿਆਂ 'ਤੇ ਚੱਲ ਰਹੀ ਕੇਂਦਰ ਸਰਕਾਰ ਪਹਿਲਾਂ ਮੰਨੀਆਂ ਮੰਗਾਂ ਤੋਂ ਵੀ ਮੁੱਕਰ ਰਹੀ ਹੈ। ਇਸ ਮੌਕੇ



ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿੱਚ ਵੀਰਵਾਰ ਨੂੰ ?ਕਿਸਾਨਾਂ ਦਾ ਹਾਲ-ਚਾਲ ਪੁੱਛਦੇ ਹੋਏ ਸਪੀਕਰ ਕੁਲਤਾਰ ਸਿੰਘ ਸੰਧਵਾਂ।

ਵਿਧਾਇਕ ਗੁਰਲਾਲ ਘਨੌਰ, ਕੁਲਵੰਤ ਸਿੰਘ ਪੰਡੋਰੀ, 'ਆਪ' ਦੇ ਸੂਬਾਈ ਬੁਲਾਰੇ ਬਲਜਿੰਦਰ ਢਿੱਲੋਂ, ਚੇਅਰਮੈਨ ਮੇਘਚੰਦ ਸ਼ੇਰਮਾਜਰਾ ਤੇ ਹੋਰ ਮੌਜੂਦ ਸਨ।

**ਸਿਵਲ ਹਸਪਤਾਲ ਰਾਜਪੁਰਾ ਵਿੱਚ 15 ਕਿਸਾਨ ਹੋਰ ਦਾਖ਼ਲ**

ਪੰਜਾਬ-ਹਰਿਆਣਾ ਹੱਦ ਉੱਤੇ ਹਰਿਆਣਾ ਸਰਕਾਰ ਦੇ ਆਦੇਸ਼ਾਂ 'ਤੇ ਪੈਰਾ ਮਿਲਟਰੀ ਫੋਰਸ ਦੇ ਹਮਲਿਆਂ ਦੌਰਾਨ ਜ਼ਖ਼ਮੀ ਹੋਏ ਕਿਸਾਨ ਇਲਾਜ ਲਈ ਇੱਥੋਂ ਦੇ ਸਿਵਲ ਹਸਪਤਾਲ ਵਿੱਚ ਪੁੱਜ ਰਹੇ ਹਨ।

ਅੱਜ ਸਿਵਲ ਹਸਪਤਾਲ ਵਿੱਚ 15 ਹੋਰ ਕਿਸਾਨ ਇਲਾਜ ਲਈ ਭਰਤੀ ਹੋਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਤਿੰਨ ਦਿਨਾਂ ਤੋਂ ਸਿਵਲ ਹਸਪਤਾਲ ਵਿੱਚ ਕੁੱਲ 70 ਮਰੀਜ਼ ਦਾਖ਼ਲ ਹੋਏ ਜਿਨ੍ਹਾਂ ਵਿੱਚੋਂ ਸੁਖਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਭਵਾਨੀਗੜ੍ਹ ਅਤੇ ਸੁਖਚੈਨ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਆਲੋਵਾਲ (ਤਰਨਤਾਰਨ) ਸਣੇ ਚਾਰ ਕਿਸਾਨਾਂ ਨੂੰ ਗੰਭੀਰ ਸੱਟਾਂ ਲੱਗਣ ਕਾਰਨ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿਖੇ ਰੈਫ਼ਰ ਕਰ ਦਿੱਤਾ ਜਦਕਿ 44 ਕਿਸਾਨਾਂ ਨੂੰ ਇਲਾਜ ਮਗਰੋਂ ਛੁੱਟੀ ਦੇ ਦਿੱਤੀ ਗਈ। ਇਸੇ ਤਰ੍ਹਾਂ 12 ਕਿਸਾਨਾਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਦਿੱਤੀ ਗਈ। ਸੀਨੀਅਰ ਮੈਡੀਕਲ ਅਫ਼ਸਰ ਬਿੱਧੀ ਚੰਦ ਨੇ ਦੱਸਿਆ ਕਿ ਮੌਜੂਦਾ ਸਮੇਂ ਹਸਪਤਾਲ ਵਿੱਚ 10 ਕਿਸਾਨ ਜ਼ੇਰੇ ਇਲਾਜ ਹਨ।

# ਪਾਵਰਕੌਮ ਦੇ ਪੈਨਸ਼ਨਰਾਂ ਵੱਲੋਂ ਮੁੱਖ ਦਫਤਰ ਅੱਗੇ ਧਰਨਾ



ਪਟਿਆਲਾ 'ਚ ਧਰਨਾ ਦਿੰਦੇ ਹੋਏ ਪਾਵਰਕੌਮ ਦੇ ਪੈਨਸ਼ਨਰ।

**ਪਟਿਆਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪਣੀਆਂ ਮੰਗਾਂ ਦੀ ਪੂਰਤੀ ਲਈ ਪਾਵਰਕੌਮ ਤੇ ਟਰਾਂਸਕੋ ਦੇ ਪੈਨਸ਼ਨਰਾਂ ਦੀ ਐਸੋਸੀਏਸ਼ਨ ਵੱਲੋਂ ਸੂਬਾਈ ਪ੍ਰਧਾਨ ਅਵਿਨਾਸ਼ ਚੰਦਰ ਸ਼ਰਮਾ ਦੀ ਅਗਵਾਈ ਵਿੱਚ ਅੱਜ ਦੱਖਣ ਜ਼ੋਨ ਦਾ ਧਰਨਾ ਅਦਾਰੇ ਦੇ ਪਟਿਆਲਾ ਸਥਿਤ ਮੁੱਖ ਦਫਤਰ ਮੂਹਰੇ ਦਿੱਤਾ ਗਿਆ।

ਬਾਰਡਰ ਜ਼ੋਨ ਅੰਮ੍ਰਿਤਸਰ, ਸੈਂਟਰਲ ਜ਼ੋਨ ਲੁਧਿਆਣਾ ਤੇ ਪੱਛਮ ਜ਼ੋਨ ਬਠਿੰਡਾ ਵਿੱਚ ਪਹਿਲਾਂ ਹੀ ਜ਼ੋਨ ਪੱਧਰੇ ਧਰਨੇ ਦਿੱਤੇ ਜਾ ਚੁੱਕੇ ਹਨ। ਅੱਜ ਦੇ ਇਸ ਧਰਨੇ ਨੂੰ ਪ੍ਰਧਾਨ ਅਵਿਨਾਸ ਸ਼ਰਮਾ ਤੇ ਸੂਬਾਈ ਜਨਰਲ ਸਕੱਤਰ ਧਨਵੰਤ ਸਿੰਘ ਭੱਠਲ ਸਮੇਤ ਸਿਕੰਦਰ ਸਿੰਘ, ਸ਼ਿੰਦਰ ਧੌਲਾ ਸਮੇਤ ਹੋਰਨਾ ਨੇ ਵੀ ਸੰਬੋਧਨ ਕੀਤਾ।

ਆਗੂਆਂ ਛੇਵਾਂ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ, ਬਿਜਲੀ ਕਨਸੈਸਨ ਦੇਣਾ, ਕੈਸ਼ਲੈਸ ਟਰੀਟਮੈਂਟ ਸਕੀਮ ਲਾਗੂ ਕਰਨ, ਡੀ.ਏ ਦੀਆਂ ਕਿਸ਼ਤਾਂ ਦਾ ਬਕਾਇਆ, ਰਿਟਾਇਰਡ ਕਰਮਚਾਰੀਆਂ ਨੂੰ ਪੇ ਕਮਿਸ਼ਨ ਦਾ ਬਕਾਇਆ, 23 ਸਾਲਾ ਤਰੱਕੀ ਬਿਨਾ ਸ਼ਰਤ ਦੇਣ ਸਮੇਤ ਹੋਰ ਮੰਗਾਂ ਦੀ ਪੂਰਤੀ 'ਤੇ ਜ਼ੋਰ ਦਿੱਤਾ ਗਿਆ। ਬੁਲਾਰਿਆਂ ਦਾ ਕਹਿਣਾ ਸੀ ਕਿ ਜੇਕਰ ਪੈਨਸ਼ਨਰਾਂ ਦੀਆਂ ਮੰਗਾਂ ਅਜੇ ਵੀ ਪ੍ਰਵਾਨ ਨਾ ਕੀਤੀਆਂ ਗਈਆਂ ਤਾਂ ਉਹ ਹੋਰ ਤਿੱਖਾ ਸੰਘਰਸ਼ ਉਲੀਕਣ ਲਈ ਮਜਬੂਰ ਹੋਣਗੇ। ਇਸ ਮੌਕੇ ਪਿਆਰਾ ਲਾਲ ਬਰਨਾਲਾ, ਚੇਤ ਸਿੰਘ ਸੰਗਰੂਰ, ਸੀਤਾ ਰਾਮ ਲਹਿਰਾਗਾਗਾ, ਭਰਪੂਰ ਸਿੰਘ ਮਾਂਗਟ ਰੋਪੜ,ਗੁਰਚਰਨ ਸਿੰਘ ਸੁਨਾਮ, ਸੰਤ ਰਾਮ ਚੀਮਾ, ਰਾਮ ਚੰਦ ਬਖ਼ਸ਼ੀਵਾਲਾ, ਅਮਰੀਕ ਸਿੰਘ ਮੁਹਾਲੀ ਅਤੇ ਮਹਿੰਦਰ ਸਿੰਘ ਮਲਹੋਤਰਾ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ।

# ਅੰਬਾਲਾ ਦੇ ਡੀਸੀ ਖਿਲਾਫ਼ ਕੇਸ ਦਰਜ ਹੋਵੇ: ਮੋਹਿਤ ਮਹਿੰਦਰਾ



ਸ਼ੰਭੂ ਵਿੱਚ ਧਰਨੇ 'ਚ ਮੌਜੂਦ ਕਿਸਾਨਾਂ ਨੂੰ ਮਿਲਦੇ ਹੋਏ ਯੂਥ ਕਾਂਗਰਸ ਦੇ ਸੂਬਾਈ ਪ੍ਰਧਾਨ ਮੋਹਿਤ ਮਹਿੰਦਰਾ।

**ਘਨੌਰ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾ ਦੇ ਧਰਨੇ ਦੀ ਹਮਾਇਤ 'ਚ ਸ਼ੰਭੂ ਬੈਰੀਅਰ 'ਤੇ ਪਹੁੰਚੇ ਪੰਜਾਬ ਯੂਥ ਕਾਂਗਰਸ ਦੇ ਸੂਬਾਈ ਪ੍ਰਧਾਨ ਮੋਹਿਤ ਮਹਿੰਦਰਾ ਨੇ ਕਿਸਾਨਾਂ ਲਈ ਦਵਾਈਆਂ ਅਤੇ ਹੋਰ ਵਸਤਾਂ ਭੇਟ ਕੀਤੀਆਂ। ਹਰਿਆਣਾ ਪੁਲੀਸ ਵੱਲੋਂ ਕੀਤੇ ਗਏ ਤਸ਼ੱਦਦ ਨੂੰ ਗੈਰ-ਸੰਵਿਧਾਨਕ ਅਤੇ ਗੈਰ ਜਮਹੂਰੀ ਕਾਰਵਾਈ ਦੱਸਦਿਆਂ ਯੂਥ ਨੇਤਾ ਨੇ ਇਸ ਸਬੰਧੀ ਅੰਬਾਲਾ ਦੇ ਡਿਪਟੀ ਕਮਿਸ਼ਨਰ ਦੇ ਖਿਲਾਫ਼ ਅਪਰਾਧਿਕ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ। ਇਹ ਮੰਗ ਉਨ੍ਹਾਂ ਨੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖ ਕੇ ਕੀਤੀ ਹੈ। ਆਪਣੀ ਇਸ ਸ਼ੰਭੂ ਫੇਰੀ ਦੌਰਾਨ ਉਨ੍ਹਾਂ ਨੇ ਇਸ ਪੱਤਰ ਦੀਆਂ ਕਾਪੀਆਂ ਪੱਤਰਕਾਰਾਂ ਨੂੰ ਵੀ ਦਿੱਤੀਆਂ। ਮੋਹਿਤ ਮਹਿੰਦਰਾ ਦਾ ਕਹਿਣਾ ਸੀ ਕਿ ਸ਼ਾਂਤਮਈ ਪ੍ਰਦਰਸ਼ਨ ਕਰਦੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲ਼ੇ ਅਤੇ ਰੱਬੜ ਦੀਆਂ ਗੋਲੀਆਂ ਦਾਗਣ ਦੀ ਕਾਰਵਾਈ ਬਰਦਾਸ਼ਤਯੋਗ ਨਹੀਂ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਸਬੰਧੀ ਪੰਜਾਬ ਸਰਕਾਰ ਖੁਦ ਹੀ ਨੋਟਿਸ ਲੈਣਾ ਬਣਦਾ ਹੈ।

ਇਸ ਨੂੰ ਅਤਿ-ਸੰਵੇਦਨਸ਼ੀਲ ਮਾਮਲਾ ਦੱਸਦਿਆਂ ਮੋਹਿਤ ਮਹਿੰਦਰਾ ਦਾ ਇਹ ਵੀ ਕਹਿਣਾ ਸੀ ਕਿ ਚੰਗਾ ਹੋਵੇਗਾ ਜੇਕਰ ਇਸ ਸਬੰਧੀ ਅਦਾਤਲਾਂ ਵੀ ਨੋਟਿਸ ਲੈਣ, ਤਾਂ ਜੋ ਭਵਿੱਖ 'ਚ ਕਿਸੇ ਦੀ ਵੀ ਅਜਿਹਾ ਕਰਨ ਦੀ ਜ਼ੁਰਅਤ ਨਾ ਪਵੇ। ਯੂਥ ਕਾਂਗਰਸ ਆਗੂ ਨੇ ਕੇਂਦਰ ਤੋਂ ਕਿਸਾਨਾ ਦੀਆਂ ਮੰਗਾਂ ਤੁਰੰਤ ਮੰਨਣ 'ਤੇ ਜ਼ੋਰ ਦਿੱਤਾ ਅਤੇ ਆਖਿਆ ਕਿ ਕਿਸਾਨ ਅੰਦੋਲਨ ਦੌਰਾਨ ਮੰਗਾਂ ਮੰਨਣ ਦਾ ਐਲਾਨ ਕਰਨ ਦੀ ਕਾਰਵਾਈ ਨੂੰ ਸਮੁੱਚੇ ਵਿਸ਼ਵ ਨੇ ਦੇਖਿਆ, ਇਸ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਮੰਗਾਂ ਨਾ ਮੰਨਣਾ ਦੁਨੀਆਂ ਦੇ ਸਾਹਮਣੇ ਸਮੁੱਚੇ ਭਾਰਤਵਰਸ਼ ਦੀ ਹੀ ਤੌਹੀਨ ਕਰਰਵਾਉਣ ਦੇ ਤੁੱਲ ਹੈ।

# 11 ਸਾਲਾ ਬੱਚੇ ਨੂੰ ਕੁੱਤਿਆਂ ਨੇ ਨੋਚ-ਨੋਚ ਕੇ ਦਿੱਤੀ ਦਰਦਨਾਕ ਮੌਤ, 3 ਭੈਣਾਂ ਦਾ ਇਕਲੌਤਾ ਭਰਾ ਸੀ ਤਰਨਵੀਰ ਸਿੰਘ

**ਪਟਿਆਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹਾ ਦੇ ਨਾਭਾ ਰੋਡ ਸਥਿਤ ਪਿੰਡ ਬਰਸਟ ਵਿਖੇ ਬੀਤੀ ਕੱਲ ਇੱਕ ਵੱਡੀ ਘਟਨਾ ਵਾਪਰੀ ਹੈ, ਜਿਸ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇੱਥੇ ਦੇ ਇਕ 11 ਸਾਲ ਦੇ ਮਾਸੂਮ ਬੱਚੇ ਨੂੰ ਕੁੱਤਿਆਂ ਨੇ ਬੁਰੀ ਤਰ੍ਹਾਂ ਨਾਲ ਨੋਚ ਖਾਇਆ ਹੈ। ਕੁੱਤਿਆ ਨੇ ਤਰਨਵੀਰ ਨੂੰ ਇੰਨੀ ਬੁਰੀ ਤਰੀਕੇ ਨਾਲ ਨੋਚਿਆ ਹੈ ਕਿ 5ਵੀਂ ਜਮਾਤ 'ਚ ਪੜ੍ਹਦੇ ਤਰਨਵੀਰ ਦੀ ਮੌਤ ਹੋ ਗਈ ਹੈ। ਪਿੰਡ ਵਾਸੀਆਂ ਨੇ ਦੱਸਿਆ ਹੈ ਕਿ ਤਰਨਵੀਰ ਖੇਤਾਂ ਦੇ ਵਿਚ ਪਤੰਗ ਲੁੱਟਣ ਦੇ ਲਈ ਗਿਆ ਸੀ, ਜਿੱਥੇ 20 ਤੋਂ 25 ਅਵਾਰਾ ਕੁੱਤਿਆ ਨੇ ਉਸ ਉੱਪਰ ਹਮਲਾ ਕਰ



ਦਿੱਤਾ ਅਤੇ ਉਸ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਜਦੋਂ ਤਰਨਵੀਰ ਦੇ ਨਾਲ ਖੇਡ ਰਹੇ ਬੱਚਿਆਂ ਨੇ ਲੋਕਾਂ ਨੂੰ ਆ ਕੇ ਦੱਸਿਆ ਤਾਂ ਲੋਕ ਖ਼ੇਤ ਦੇ ਵਿੱਚ ਪਹੁੰਚੇ। ਉਨ੍ਹਾਂ ਨੇ ਕੁੱਤਿਆਂ ਤੋਂ ਤਰਨਵੀਰ ਨੂੰ ਬਚਾਉਂਦੇ ਹੋਏ ਇਲਾਜ ਦੇ ਲਈ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ ਵਿਖੇ ਲੈ ਕੇ ਆਏ।

ਦੋ ਘੰਟੇ ਦੀ ਖੱਜਲ-ਖੁਆਰੀ ਹੋਣ ਮਗਰੋਂ ਤਰਨਵੀਰ ਦੀ ਹਸਪਤਾਲ ਦੇ ਵਿੱਚ ਹੀ ਮੌਤ ਹੋ ਗਈ। ਮ੍ਰਿਤਕ ਬੱਚਾ ਤਰਨਵੀਰ ਸਿੰਘ 11 ਸਾਲ ਦਾ ਸੀ ਅਤੇ ਉਹ ਸਰਕਾਰੀ ਸਕੂਲ ਦੇ 5ਵੀਂ ਜਮਾਤ 'ਚ ਪੜਦਾ ਸੀ। ਮ੍ਰਿਤਕ ਬੱਚਾ ਤਰਨਵੀਰ 3 ਭੈਣਾਂ ਦਾ ਇਕਲੌਤਾ ਭਰਾ ਸੀ। ਮ੍ਰਿਤਕ ਤਰਨਵੀਰ ਦੀ ਦੇਹ ਦੇ ਮੂਹਰੇ ਬੈਠ ਕੇ ਰੋ ਰਹੀਆਂ ਮਾਂ ਅਤੇ ਭੈਣਾਂ ਨਹੀਂ ਦੇਖੀਆਂ ਜਾਂਦੀਆਂ।

# ਪੰਜਾਬ 'ਚ ਆਪ ਅਤੇ ਕਾਂਗਰਸ ਦਿਖਾਉਣਗੀਆਂ ਆਪੋ-ਆਪਣੀ ਤਾਕਤ

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਪਾਸੇ ਜਿੱਥੇ ਇੰਡੀਆ ਗਠਜੋੜ ਜਿੱਥੇ ਵਿਰੋਧੀ ਪਾਰਟੀਆਂ ਨੂੰ ਮੋਦੀ ਸਰਕਾਰ ਖ਼ਿਲਾਫ਼ ਇਕਜੁਟ ਹੋਣ ਦਾ ਸੱਦਾ ਦੇ ਰਿਹਾ ਹੈ, ਉੱਥੇ ਹੀ ਪੰਜਾਬ 'ਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਗਠਜੋੜ ਕਿਤੇ ਵੀ ਹੁੰਦਾ ਦਿਖਾਈ ਨਹੀਂ ਦੇ ਰਿਹਾ। ਇਹ ਹੀ ਕਾਰਨ ਹੈ ਕਿ ਦੋਵੇਂ ਪਾਰਟੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੁਣ ਇੱਕ ਹੀ ਜ਼ਿਲ੍ਹੇ 'ਚ ਵੱਖ-ਵੱਖ ਰੈਲੀਆਂ ਕਰ ਕੇ ਆਪਣੀ ਤਾਕਤ ਦਿਖਾ ਰਹੀਆਂ ਹਨ।

ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਖੰਨਾ 'ਚ ਵੱਡੀ ਰੈਲੀ ਨੂੰ ਸੰਬੋਧਨ ਕੀਤਾ। ਉੱਥੇ ਹੀ 11 ਤਾਰੀਖ਼ ਨੂੰ ਸਮਰਾਲਾ 'ਚ ਕਾਂਗਰਸ ਦੀ ਰੈਲੀ ਕੀਤੀ ਹੈ ਜਿਸ 'ਚ ਪਾਰਟੀ ਦੇ ਕੌਮੀ ਪ੍ਰਧਾਨ ਮਲਿਕਾਰੁਜਨ ਖੜਗੇ ਪੁੱਜਣਗੇ। 24 ਘੰਟਿਆਂ ਅੰਦਰ ਸਿਰਫ਼ 15 ਕਿਲੋਮੀਟਰ ਦੇ ਦਾਇਰੇ 'ਚ ਦੋਵੇਂ ਪਾਰਟੀਆਂ ਦੀਆਂ ਰੈਲੀਆਂ ਸਿਆਸੀ ਗਲਿਆਰਿਆਂ ਲਈ ਚਰਚਾ ਦਾ ਵਿਸ਼ਾ ਬਣੀਆਂ ਹਨ। ਰੈਲੀਆਂ 'ਚ ਦੋਵਾਂ ਵਲੋਂ ਤਿੱਖੇ ਤੀਰ ਛੱਡੇ ਗਏ ਹਨ। ਇਸ ਦਰਮਿਆਨ ਦੋਹਾਂ ਪਾਰਟੀਆਂ ਦੇ ਕਾਰਕੁਨ ਵੀ ਗਠਜੋੜ ਨੂੰ ਲੈ ਕੇ ਸਸ਼ੋਪੰਜੇ 'ਚ ਫ਼ਸੇ ਹੋਏ ਹਨ। ਇਹ ਵੀ ਦੱਸਣਯੋਗ ਹੈ ਕਿ ਸ਼ਕਤੀ ਪ੍ਰਦਰਸ਼ਨ ਲਈ ਆਪ ਨੇ ਜਿੱਥੇ ਪੰਜ ਏਕੜ 'ਚ ਪੰਡਾਲ ਲਾਇਆ ਸੀ, ਉੱਥੇ ਹੀ ਕਾਂਗਰਸ ਨੇ 10 ਏਕੜ 'ਚ ਵਿਸ਼ਾਲ ਮੰਚ ਤਿਆਰ ਕੀਤਾ। ਦੋਹਾਂ ਪਾਰਟੀਆਂ ਦਾ ਦਾਅਵਾ ਕੀਤਾ ਕਿ ਰੈਲੀ 'ਚ 20-25 ਹਜ਼ਾਰ ਕਾਰਕੁਨ ਜੁੱਟੇ ਸਨ।

# ਡੀ.ਪੀ.ਆਈ. ਦਫਤਰ ਦੀ ਲਾਪਰਵਾਹੀ ਦੇ ਕਾਰਨ 8 ਸਾਲ ਤੋਂ ਜਾਰੀ ਨਹੀਂ ਹੋ ਰਿਹਾ ਏਡਿਡ ਸਕੂਲਾਂ ਦਾ ਏਰੀਅਰ: ਮਦਾਨ

ਪਟਿਆਲਾ, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡੀ.ਪੀ.ਆਈ. ਦਫਤਰ ਮੁਹਾਲੀ ਦੀ ਗੰਭੀਰ ਲਾਪਰਵਾਹੀ ਕਾਰਨ ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਕਰਮਚਾਰੀਆ ਦਾ 8 ਸਾਲ ਪੁਰਾਣਾ ਡੀ.ਏ. ਦਾ ਏਰੀਅਰ ਜਾਰੀ ਨਾ ਹੋਣ ਦੇ ਕਾਰਨ ਅਤੇ ਸੀ ਐਂਡ ਵੀ ਕਰਮਚਾਰੀਆਂ ਦੀ ਗ੍ਰਾਂਟ ਪਟਿਆਲਾ ਜ਼ਿਲ੍ਹੇ ਦੇ ਸਾਰੇ ਏਡਿਡ ਸਕੂਲਾਂ ਦੇ ਅਧਿਆਪਕ ਅਤੇ ਹੋਰ ਕਰਮਚਾਰੀਆਂ ਵਿੱਚ ਬਹੁਤ ਰੋਸ਼ ਪਾਇਆ ਜਾ ਰਿਹਾ ਹੈ। ਪੰਜਾਬ ਸਟੇਟ ਏਡਿਡ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਦੇ ਪਟਿਆਲਾ ਜ਼ਿਲਾ ਇਕਾਈ ਦੇ ਪ੍ਰਧਾਨ ਅਸ਼ਵਨੀ ਕੁਮਾਰ ਮਦਾਨ ਅਤੇ ਜ਼ਿਲ੍ਹਾ ਜਨਰਲ ਸਕੱਤਰ ਹਰਵਿੰਦਰ ਪਾਲ ਨੇ ਇੱਕ ਪ੍ਰੈਸ ਨੋਟ ਰਾਹੀਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਤੋਂ ਇਹ ਪੁਰਜੋਰ ਮੰਗ ਕੀਤੀ ਹੈ ਕਿ ਉਹਨਾਂ ਦੀ ਵਰਤਮਾਨ ਸਰਕਾਰ ਆਉਣ ਤੇ ਇਹ ਉਮੀਦ ਜਾਗੀ ਸੀ ਕਿ ਅਫਸਰ ਸ਼ਾਹੀ ਦੀ ਕਾਰਜ ਸ਼ੈਲੀ ਵਿੱਚ ਕਾਫੀ ਸਕਾਰਾਤਮਕ ਪਰਿਵਰਤਨ ਆਉਣਗੇ, ਪਰੰਤੂ ਬਹੁਤ ਅਫਸੋਸ ਦੀ ਗੱਲ ਹੈ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਸਿੱਖਿਆ ਵਿਭਾਗ ਦੇ ਅਫਸਰ ਅਤੇ ਸੀਨੀਅਰ ਕਰਮਚਾਰੀਆਂ ਦੁਆਰਾ ਪੰਜਾਬ ਦੇ ਏਡਿਡ ਸਕੂਲ ਕਰਮਚਾਰੀਆਂ ਨਾਲ ਕੀਤਾ ਜਾਂਦਾ ਪੱਖਪਾਤ ਵਾਲਾ ਵਿਵਹਾਰ ਬਾਦਸਤੂਰ ਅੱਜ ਵੀ ਜਾਰੀ ਹੈ। ਇਸ ਗੱਲ ਦਾ ਪ੍ਰਮਾਣ ਹੈ ਕਿ ਸਾਲ 2015-16 ਤੋਂ ਪਟਿਆਲਾ ਜਿਲੇ ਦੇ ਸਾਰੇ ਏਡਿਡ ਸਕੂਲ ਕਰਮਚਾਰੀਆਂ ਦਾ ਪਿਛਲੇ ਅੱਠ ਸਾਲਾਂ ਤੋਂ ਰੋਕਿਆ ਹੋਇਆ ਏਰੀਅਰ ਅੱਜ ਤੱਕ ਵੀ ਜਾਰੀ ਨਹੀਂ ਕੀਤਾ ਗਿਆ। ਪੰਜਾਬ ਦੇ ਸਾਰੇ ਏਡਿਡ ਸਕੂਲ ਕਰਮਚਾਰੀਆਂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ



ਚਰਨਜੀਤ ਸਿੰਘ ਚੰਨੀ ਦੇ ਸਮੇਂ ਵੀ ਆਪਣੇ ਛੇਵੇਂ ਵੇਤਨ ਆਯੋਗ ਦੀ ਸਿਫਾਰਿਸ਼ਾਂ ਲਾਗੂ ਕਰਨ ਦੀ ਮੰਗ ਸਮੇਤ ਹੋਰ ਸਾਰੀਆਂ ਮੰਗਾਂ ਨੂੰ ਜੋਰਦਾਰ ਢੰਗ ਨਾਲ ਚੁੱਕਿਆ ਸੀ ਅਤੇ ਵਰਤਮਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਵੀ ਦੁਬਾਰਾ ਆਪਣੀਆਂ ਮੰਗਾਂ ਮੰਨੇ ਜਾਣ ਲਈ ਵਾਰ-ਵਾਰ ਮੰਗ ਪੱਤਰ ਦਿੱਤੇ ਗਏ, ਪਰੰਤੂ ਬਹੁਤ ਅਫਸੋਸ ਦੀ ਗੱਲ ਹੈ ਕਿ ਉਪਰੋਕਤ ਸਾਰੀਆਂ ਸਰਕਾਰਾਂ ਨੇ ਸਾਰੀਆਂ ਮੰਗਾਂ ਨੂੰ ਮੰਨਣ ਦਾ ਭਰੋਸਾ ਤਾਂ ਦਿੱਤਾ, ਪਰੰਤੂ ਅੱਜ ਤੱਕ ਵੀ ਉਪਰੋਕਤ ਸਾਰੀਆਂ ਮੰਗਾਂ ਉਸੇ ਤਰ੍ਹਾਂ ਹੀ ਬਰਕਰਾਰ ਹਨ। ਜ਼ਿਲ੍ਹਾ ਜਨਰਲ ਸਕੱਤਰ ਹਰਵਿੰਦਰ ਪਾਲ ਨੇ ਆਪਣਾ ਰੋਸ ਪ੍ਰਗਟ ਕਰਦੇ ਕਿਹਾ ਕਿ ਡੀ.ਪੀ.ਆਈ. ਦਫਤਰ ਦੀ ਗਲਤ ਕਾਰਜ ਸ਼ੈਲੀ ਦੇ ਕਾਰਨ ਹਰ ਸਾਲ ਏਰੀਅਰ ਜਾਰੀ ਕਰਨ ਤੋਂ ਪਹਿਲਾਂ ਗਰਾਂਟ ਜਾਰੀ ਕਰਨ ਦਾ ਬਹਾਨਾ ਬਣਾ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਏਰੀਅਰ ਜਾਰੀ ਕਰਨ ਦਾ ਲਾਰਾ ਲਾ ਦਿੱਤਾ ਜਾਂਦਾ ਹੈ। 2015 ਤੋਂ 2024 ਆ ਗਿਆ ਪਰੰਤੂ ਨਾ ਤਾਂ ਗਰਾਂਟ ਹਰ ਸਾਲ ਸਮੇਂ ਸਿਰ ਜਾਰੀ ਕੀਤੀ ਜਾਂਦੀ ਹੈ ਅਤੇ ਨਾ ਹੀ ਪਟਿਆਲਾ ਜਿਲ੍ਹੇ ਦਾ 2015-16 ਦਾ ਡੀ ਏ ਦਾ ਏਰੀਅਰ ਅੱਜ ਤੱਕ ਜਾਰੀ ਕੀਤਾ ਗਿਆ ਹੈ। ਜਦਕਿ ਪਟਿਆਲਾ ਜ਼ਿਲ੍ਹੇ ਤੋਂ ਇਲਾਵਾ ਬਾਕੀ ਸਾਰੇ ਪੰਜਾਬ ਦਾ ਏਰੀਅਰ ਜਾਰੀ ਕੀਤਾ ਜਾ ਚੁੱਕਾ ਹੈ। ਪ੍ਰੰਤੂ ਪਤਾ ਨਹੀਂ ਕਿਉਂ ਪਟਿਆਲਾ ਜ਼ਿਲ੍ਹੇ ਦੇ ਵਾਰੀ ਆਉਣ ਤੇ ਲਾਲ ਫੀਤਾਸ਼ਾਹੀ ਭਾਰੂ ਹੋ ਜਾਂਦੀ ਹੈ। ਪੰਜਾਬ ਸਟੇਟ ਏਡਿਡ ਸਕੂਲ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਅਸ਼ਵਨੀ ਕੁਮਾਰ ਮਦਾਨ ਅਤੇ ਜਨਰਲ ਸਕੱਤਰ ਹਰਵਿੰਦਰ ਪਾਲ ਨੇ ਅੱਗੇ ਇਹ ਵੀ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਕਈ ਸਕੂਲਾਂ ਦੀ ਜਨਵਰੀ ਤੋਂ ਮਾਰਚ 2023 ਤੱਕ ਦੀ ਤਨਖਾਹ ਹੁਣ ਤੱਕ ਵੀ ਜਾਰੀ ਨਹੀਂ ਕੀਤੀ ਗਈ ਹੈ। ਜੋ ਕਿ ਬਹੁਤ ਵੱਡੀ ਨਾਇਨਸਾਫੀ ਵੀ ਹੈ। ਯੂਨੀਅਨ ਨੇਤਾਵਾਂ ਨੇ ਇਹ ਵੀ ਕਿਹਾ ਕਿ ਜੇਕਰ ਉਪਰੋਕਤ ਸਾਰੀਆਂ ਮੰਗਾਂ ਨੂੰ 29 ਫਰਵਰੀ 2024 ਤੱਕ ਨਾ ਮੰਨਿਆ ਗਿਆ ਅਤੇ ਸਾਰੇ ਏਰੀਅਰ ਅਤੇ ਬਕਾਇਆ ਤਨਖਾਹਾਂ ਜਾਰੀ ਨਾ ਕੀਤੀਆਂ ਗਈਆਂ ਤਾਂ ਡੀ.ਪੀ.ਆਈ. ਦਫਤਰ ਮੁਹਾਲੀ ਦੇ ਸਾਹਮਣੇ ਜੋਰਦਾਰ ਪ੍ਰਦਰਸ਼ਨ ਕੀਤਾ ਜਾਵੇਗਾ।

# ਲਾਲ ਚੰਦ ਕਟਾਰੂਚੱਕ ਨੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਖੋਬਾ, ਗਤੋਰਾ, ਕਲੇਸਰ ਅਤੇ ਬਨੀ ਲੋਧੀ ਵਿਖੇ ਪਹੁੰਚ ਲੋਕਾਂ ਨਾਲ ਕੀਤੀ ਗੱਲਬਾਤ



ਪਠਾਨਕੋਟ, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਦੀ ਸੁਵਿਧਾ ਦੇ ਲਈ "ਆਪ ਦੀ ਸਰਕਾਰ ਆਪ ਦੇ ਦੁਆਰਾ" ਮੁਹਿੰਮ ਤਹਿਤ ਜਿਲ੍ਹੇ ਅੰਦਰ ਲੋਕ ਸੁਵਿਧਾ ਕੈਂਪਾਂ ਨੂੰ ਲੈ ਕੇ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ, ਇਨ੍ਹਾਂ ਕੈਂਪਾਂ ਦੇ ਲਗਾਉਂਣ ਨਾਲ ਲੋਕਾਂ ਦੇ ਅੱਜ ਦੇ ਕਾਰਜ ਅੱਜ ਹੀ ਕੀਤੇ ਜਾਂਦੇ ਹਨ ਅਤੇ ਲੋਕਾਂ ਨੂੰ ਖੱਜਲ ਖੁਆਰੀ ਤੋਂ ਰਾਹਤ ਮਿਲ ਰਹੀ ਹੈ ਲੋਕਾਂ ਨੂੰ ਅਪਣੇ ਘਰ੍ਹਾਂ ਅੰਦਰ ਬੈਠਿਆਂ ਹੀ ਸਰਕਾਰੀ ਸੁਵਿਧਾਵਾਂ ਦਾ ਲਾਭ ਮਿਲ ਰਿਹਾ ਹੈ। ਇਹ ਪਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਵਣ ਅਤੇ ਜੰਗਲੀ ਜੀਵ ਸੁਰੱਖਿਆ, ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਪੰਜਾਬ ਨੇ ਅੱਜ ਪਿੰਡ ਬਨੀਲੋਧੀ ਵਿਖੇ ਲਗਾਏ ਗਏ ਲੋਕ ਸੁਵਿਧਾ ਕੈਂਪ ਦਾ ਦੋਰਾ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਜ ਕੁਮਾਰ ਨਾਇਬ ਤਹਿਸੀਲਦਾਰ ਪਠਾਨਕੋਟ, ਜਸਬੀਰ ਕੌਰ ਬਲਾਕ ਵਿਕਾਸ ਪੰਚਾਇਤ ਅਧਿਕਾਰੀ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਠਾਕੁਰ ਭੁਪਿੰਦਰ ਸਿਘ, ਸੋਰਭ ਬਹਿਲ ਜਰਨਲ ਸਕੱਤਰ,ਅੰਕੁਰ ਬੇਦੀ, ਦੀਪਕ ਵਾਲੀਆ, ਖੁਸਬੀਰ ਕਾਟਲ, ਸੰਕੁਤਲਾ ਦੇਵੀ ਸਰਪੰਚ ਖੋਬਾ, ਦੀਕਸਾ ਕੁਮਾਰੀ ਸਰਪੰਚ ਗਤੋਰਾ, ਦੀਪਕ ਕੁਮਾਰ, ਰਾਕੇਸ ਗੋਰੀ, ਤਰਸੇਮ ਲਾਲ, ਰੋਹਿਤ, ਸਰਪੰਚ ਰਜਨੀ ਸੈਣੀ , ਰਜਿੰਦਰ ਸਿੰਘ ਭਿੱਲਾ ਬਲਾਕ ਪ੍ਰਧਾਨ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਜਿਕਰਯੋਗ ਹੈ ਕਿ ਅੱਜ ਜਿਲ੍ਹਾ ਪਠਾਨਕੋਟ ਦੇ ਪਿੰਡ ਖੋਬਾ, ਗਤੋਰਾ, ਕਲੇਸਰ ਅਤੇ ਬਨੀਲੋਧੀ ਅੰਦਰ ਲੋਕ ਸੁਵਿਧਾ ਕੈਂਪ ਲਗਾਏ ਗਏ ਹਨ।

ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਸਰਕਾਰੀ ਸੁਵਿਧਾਵਾਂ ਉਨ੍ਹਾਂ ਦੇ ਘਰ੍ਹਾਂ ਦੇ ਨਜਦੀਕ ਦੇਣ ਦੇ ਉਦੇਸ ਨਾਲ ਪੂਰੇ ਪੰਜਾਬ ਅੰਦਰ "ਆਪ ਦੀ ਸਰਕਾਰ ਆਪ ਦੇ ਦੁਆਰਾ" ਮੁਹਿੰਮ ਤਹਿਤ ਲੋਕ ਸੁਵਿਧਾ ਕੈਂਪ ਲਗਾ ਰਹੀ ਹੈ। ਇਸ ਮੁਹਿੰਮ ਨਾਲ ਲੋਕਾਂ ਨੂੰ ਬਹੁਤ ਲਾਭ ਹੋ ਰਿਹਾ ਹੈ ਅਤੇ ਲੋਕਾਂ ਦੇ ਸਮੇਂ ਦੀ ਬੱਚਤ ਹੋ ਰਹੀ ਹੈ ਜਿਸ ਦੇ ਚਲਦਿਆਂ ਲੋਕਾਂ ਵਿੱਚ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਖ-ਵੱਖ ਪਿੰਡਾਂ ਅਤੇ ਵਾਰਡਾਂ ਵਿੱਚ ਲੋਕ ਸੁਵਿਧਾ ਕੈਂਪ ਲਗਾ ਕੇ ਇੰਨ੍ਹਾਂ ਕੈਂਪਾਂ ਦਾ ਲਾਭ ਲੋਕਾਂ ਨੂੰ ਸਿੱਧੇ ਰੂਪ ਵਿੱਚ ਦਿੱਤਾ ਜਾ ਰਿਹਾ ਹੈ ਅਤੇ ਲੋਕਾਂ ਵੱਲੋਂ ਵਧੀਆ ਫੀਡਬੈਕ ਮਿਲ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਕੈਂਪ ਵਿੱਚ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਜਿਸ ਤਰ੍ਹਾਂ ਸੇਵਾ ਕੇਂਦਰ, ਮਾਲ ਵਿਭਾਗ, ਸਿਹਤ ਵਿਭਾਗ, ਨਗਰ ਨਿਗਮ, ਕਿਰਤ ਵਿਭਾਗ, ਬੈਂਕ ਵਿਭਾਗ, ਬਿਜਲੀ ਵਿਭਾਗ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤ ਵਿਭਾਗ ਅਤੇ ਹੋਰ ਵੱਖ-ਵੱਖ ਵਿਭਾਗਾਂ ਵੱਲੋਂ ਆਪਣੇ-ਆਪਣੇ ਕਾਊਂਟਰ ਲੱਗਾ ਕੇ ਲੋਕਾਂ ਨੂੰ ਮੌਕੇ 'ਤੇ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ। ਉਨ੍ਹਾਂ ਨੇ ਇਸ ਮੌਕੇ 'ਤੇ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਮੌਕੇ 'ਤੇ ਹੱਲ ਵੀ ਕੀਤਾ। ਉਨ੍ਹਾਂ ਕੈਂਪਾਂ ਦੌਰਾਨ ਮੋਜੂਦ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਲੋਕਾਂ ਦੇ ਅੱਜ ਦੇ ਕਾਰਜ ਅੱਜ ਹੀ ਕੀਤੇ ਜਾਣ ਅਤੇ ਦੂਸਰੇ ਦਿਨ ਤੇ ਕੋਈ ਵੀ ਕੰਮ ਨਾ ਛੱਡਿਆ ਜਾਵੇ।

# ਮਾਛੀਵਾੜਾ ਦੇ ਵਿਦਿਆਰਥੀ ਹੋਏ ਸ਼੍ਰੀ ਅਨੰਦਪੁਰ ਸਾਹਿਬ ਨਤਮਸਤਕ

ਮਾਛੀਵਾੜਾ ਸਾਹਿਬ, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਦੇ ਸਰਕਾਰੀ ਕਾਲਜ ਦੇ ਵਿਦਿਆਰਥੀ ਦਾ ਵੀ ਸਿੱਖਿਆ ਦੇ ਨਾਲ ਇਤਿਹਾਸਿਕ ਧਾਰਮਿਕ ਸਥਾਨਾਂ ਦੀ ਯਾਤਰਾ ਕਰ ਆਪਣੇ ਗਿਆਨ ਵਿੱਚ ਵਾਧਾ ਕਰ ਰਹੇ ਹਨ

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੈਡਮ ਕਮਲਜੀਤ ਕੌਰ ਬਾਂਗਾ ਨੇ ਦੱਸਿਆ ਕਿ ਸਰਕਾਰੀ ਕਾਲਜ ਮਾਛੀਵਾੜਾ ਵਿਖੇ ਪ੍ਰਿੰ. ਪ੍ਰੋ. ਦੀਪਕ ਚੋਪੜਾ ਜੀ ਦੀ ਰਹਿਨੁਮਾਈ ਹੇਠ ਅਤੇ ਗਣਿਤ ਵਿਭਾਗ ਦੇ ਮੁੱਖੀ ਸਹਾਇਕ ਪ੍ਰੋ. ਅਮਰੀਸ਼ ਖੁੱਲਰ ਜੀ ਦੇ ਦਿਸ਼ਾ-ਨਿਰਦੇਸ਼ ਅਧੀਨ ਵਿਦਿਆਰਥੀਆਂ ਨੂੰ ਇਕ ਰੋਜ਼ਾ ਵਿੱਦਿਅਕ ਟੂਰ ਤੇ ਲਿਜਾਇਆ ਗਿਆ। ਖਾਲਸੇ ਦੀ ਇਤਿਹਾਸਕ ਧਰਤੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਦਿਆਰਥੀਆਂ ਇਤਿਹਾਸਿਕ ਗੁਰਦਵਾਰਿਆ ਵਿੱਚ ਨਤਮਸਤਕ ਹੋਏ ਅਤੇ ਵਿਦਿਆਰਥੀਆਂ ਨੂੰ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਵਿਰਾਸਤ ਏ ਖਾਲਸਾ ਦਾ ਦੌਰਾ ਕਰਵਾਇਆ ਗਿਆ। ਉਹਨਾਂ ਕਿਹਾ ਕਿ ਵਿਦਿਆਰਥੀਆਂ ਨੂੰ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾ ਉਹਨਾਂ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ, ਤਾਂ ਜੋ ਉਹਨਾਂ ਦੇ ਜਾਣਕਾਰੀ ਵਿੱਚ ਵਾਧਾ ਹੋਣ ਦੇ ਨਾਲ ਨਾਲ ਉਹਨਾਂ ਨੂੰ ਆਪਣੇ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਮਿਲ ਸਕੇ।ਇਸ ਵਿਦਿਅਕ ਟੂਰ ਦੌਰਾਨ ਸਹਾਇਕ ਪ੍ਰੋ. ਰਾਜ ਕੁਮਾਰ, ਰਿਸੋਰਸ ਪਰਸਨ ਨੀਲੂ, ਸਿਮਰਨ, ਪ੍ਰੀਆ ਨੇ ਵੀ ਵਿਦਿਆਰਥੀਆਂ ਨਾਲ ਸ਼ਮੂਲੀਅਤ ਕੀਤੀ।

# ਡੀ ਏ ਵੀ ਸਕੂਲ ਦੇ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ : ਪ੍ਰਿੰਸੀਪਲ ਮੀਨਾ

ਪਟਿਆਲਾ, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਵਿੱਚ ਮਨਾਏ ਜਾ ਰਹੇ ਰਾਸ਼ਟਰੀ ਸੜਕ ਸੁਰੱਖਿਆ ਜਾਗਰੂਕਤਾ ਮਹੀਨੇ ਦੀ ਮਹੱਤਤਾ ਨੂੰ ਸਮਝਦੇ ਹੋਏ ਡੀ ਏ ਵੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਾਤੜਾਂ ਦੇ ਪ੍ਰਿੰਸੀਪਲ ਸ਼੍ਰੀਮਤੀ ਮੀਨਾ ਜੀ ਵਲੋਂ ਆਪਣੇ ਵਿਦਿਆਰਥੀਆਂ ਅਧਿਆਪਕਾਂ ਅਤੇ ਗੱਡੀਆਂ ਦੇ ਡਰਾਈਵਰਾਂ ਕਡੰਕਟਰਾਂ ਨੈਨੀ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਏ। ਪ੍ਰਿੰਸੀਪਲ ਨੇ ਕਿਹਾ ਕਿ ਬੱਚਿਆਂ ਅਧਿਆਪਕਾਂ ਅਤੇ ਸਾਰੇ ਸਟਾਫ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਸੁਰੱਖਿਆ ਸਨਮਾਨ ਸਿਹਤ ਤਦੰਰੁਸਤੀ ਅਤੇ ਅਮਨ ਸ਼ਾਂਤੀ ਵੱਧ ਜਰੂਰੀ ਹਨ ਇਸ ਲਈ ਡੀ ਏ ਵੀ ਮਨੇਜਮੈਂਟ ਦੇ ਦਿਸ਼ਾ ਨਿਰਦੇਸ਼ਾਂ ਦੀ



ਪਾਲਣਾ ਕਰਦੇ ਹੋਏ ਜਾਗਰੂਕਤਾ ਅਤੇ ਟ੍ਰੇਨਿੰਗ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਸ ਮੌਕੇ ਫ਼ਸਟ ਏਡ ਸਿਹਤ ਸੇਫਟੀ ਜਾਗਰੂਕਤਾ ਮਿਸ਼ਨ ?ਦੇ ਚੀਫ਼ ਟ੍ਰੇਨਰ ਅਤੇ ਪੰਜਾਬ ਪੁਲਿਸ ਦੇ ਸਾਬਕਾ ਟਰੇਫਿਕ ਮਾਰਸ਼ਲ ਸ਼੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਸੜਕਾਂ ਚਾਰ ਪ੍ਰਕਾਰ ਦੀਆਂ ਹਨ ਇਸ ਲਈ ਨੈਸ਼ਨਲ ਹਾਈਵੈ ਤੇ ਸਪੀਡ 80 ਤੱਕ, ਸਟੇਟ ਹਾਈਵੇ ਤੇ ਸਪੀਡ 50/60 ਪ੍ਰਤੀ ਕਿਲੋਮੀਟਰ, ਸ਼ਹਿਰ ਦੀਆਂ ਸੜਕਾਂ ਤੇ ਸਪੀਡ 30/40 ਅਤੇ ਗਲੀਆਂ ਵਿੱਚ ਸਪੀਡ 15/20 ਕਿਲੋਮੀਟਰ ਪ੍ਰਤੀ ਘੰਟਾ ਰੱਖਣ ਵਾਲੇ ਹਾਦਸਿਆਂ ਅਤੇ ਸੰਜਾਵਾ ਜੁਰਮਾਨਿਆਂ ਤੋਂ ਬਚਦੇ ਹਨ। ਉਨ੍ਹਾਂ ਨੇ ਦੱਸਿਆ ਕਿ ਸਿਰ ਦੀ ਅੰਦਰੂਨੀ ਸੱਟਾਂ, ਰੀੜ੍ਹ ਦੀ ਹੱਡੀ ਦੀ ਸੱਟਾਂ, ਅੰਦਰੂਨੀ ਰਤਵਾਹ, ਤੋਂ ਬਚਣ ਲਈ ਵਧੀਆ ਕਿਸਮ ਦੇ ਹੈਲਮਟ, ਪਿਛੇ ਦੇਖਣ ਵਾਲੇ ਸ਼ੀਸ਼ੇ, ਗੱਡੀਆਂ ਵਿੱਚ ਹਰੇਕ ਸਵਾਰੀ ਲਈ ਸੀਟ ਬੈਲਟ ਲਗਾਉਣੀ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਸੜਕੀ ਹਾਦਸਿਆਂ ਦੇ ਪੀੜਤਾਂ ਨੂੰ ਮਰਨ ਤੋਂ ਬਚਾਉਣ ਲਈ ਤੁਰੰਤ ਠੀਕ ਫ਼ਸਟ ਏਡ ਕੀਤੀ ਜਾਵੇ ਅਤੇ ਪੁਲਿਸ ਐਂਬੂਲੈਂਸ ਫਾਇਰ ਬ੍ਰਿਗੇਡ ਦੀ ਮਦਦ ਲਈ 112 ਜਾ 181 ਨੰਬਰਾਂ ਤੇ ਫੋਨ ਕਰਕੇ ਪੂਰੀ ਜਾਣਕਾਰੀ ਅਤੇ ਪੂਰਾ ਐਡਰੈੱਸ ਦਸਿਆ ਜਾਵੇ। ਸ਼੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਡੈਡੀਕੇਟਿਡ ਬ੍ਰਦਰਜ਼ ਗਰੁੱਪ ਪੰਜਾਬ ਪਟਿਆਲਾ ਦੇ ਪ੍ਰਧਾਨ ਡਾਕਟਰ ਰਾਕੇਸ਼ ਵਰਮੀ ਜੀ ਵਲੋਂ ਸੜਕੀ ਹਾਦਸਿਆਂ, ?ਘਰੈਲੂ ਘਟਨਾਵਾਂ ਜਾਂ ਕਿਸੇ ਪੀੜਤ ਦੀ ਸਹਾਇਤਾ ਕਰਨ ਵਾਲੇ ਵਿਦਿਆਰਥੀਆਂ ਨਾਗਰਿਕਾਂ ਕਰਮਚਾਰੀਆਂ ਡਰਾਈਵਰਾਂ ਕਡੰਕਟਰਾਂ ਪੁਲਿਸ ਜਵਾਨਾਂ ਨੂੰ ਹਰ ਮਹੀਨੇ ਕੀਮਤੀ ਜਾਨਾਂ ਬਚਾਉਣ ਲਈ ਬਹਾਦਰੀ ਪੁਰਸਕਾਰ ਜਿਨ੍ਹਾਂ ਵਿੱਚ ਸਰਟੀਫਿਕੇਟ ਅਤੇ ਗੋਲਡ ਮੈਡਲ ਦੇਕੇ ਸਨਮਾਨਿਤ ਕੀਤਾ ਜਾ ਰਿਹਾ ਹੈ ਇਸ ਮੌਕੇ ਸਕੂਲ ਦੀ ਇੱਕ ਵਿਦਿਆਰਥਣ ਨੂੰ ਆਪਣੇ ਘਰ ਵਿੱਚ ਬੇਹੋਸ਼ੀ ਵਿਚ ਬਜ਼ੁਰਗ ਦੀ ਸੇਵਾ ਸੰਭਾਲ ਕਰਨ ਤੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਸ਼੍ਰੀ ਕਾਕਾ ਰਾਮ ਵਰਮਾ ਜੀ ਦੇ ਮਿਸ਼ਨ ਉਪਰਾਲੇ ਅਤੇ ਕਾਰਜ਼ ਮਾਨਵਤਾਵਾਦੀ ਹਨ ਅਤੇ ਇਨ੍ਹਾਂ ਵਲੋਂ ਪਿਛਲੇ 43 ਸਾਲਾਂ ਤੋਂ ਹੁਣ ਤੱਕ ਲੱਖਾਂ ਵਿਦਿਆਰਥੀਆਂ ਅਧਿਆਪਕਾਂ ਪੁਲਿਸ ਫੈਕਟਰੀ ਕਰਮਚਾਰੀਆਂ ਐਨ ਐਸ ਐਸ ਵੰਲਟੀਅਰਾਂ ਐਨ ਸੀ ਸੀ ਕੈਡਿਟਸ ਨੂੰ ਫ਼ਸਟ ਏਡ ਸੀ ਪੀ ਆਰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਾਇਰ ਸੇਫਟੀ ਦੀ ਟ੍ਰੇਨਿੰਗ ਦਿੱਤੀ ਹੈ।

# ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਹੋਈ ਵਿਗਿਆਨਕ ਸਲਾਹਕਾਰ ਕਮੇਟੀ ਦੀ ਮੀਟਿੰਗ



ਪਟਿਆਲਾ, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀ ਕਿੱਤੇ ਨੂੰ ਲਾਹੇਵੰਦ ਬਣਾਉਣ ਲਈ ਕਿਸਾਨਾਂ ਨੂੰ ਸਹਾਇਕ ਧੰਦੇ ਅਪਣਾਉਣ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀਆਂ ਪ੍ਰਮਾਣਿਤ ਤਕਨੀਕਾਂ ਤੋਂ ਜਾਣੂ ਕਰਵਾਉਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵਿਖੇ ਵਿਗਿਆਨਕ ਸਲਾਹਕਾਰ ਕਮੇਟੀ ਦੀ ਮੀਟਿੰਗ ਹੋਈ। ਇਸ ਦੀ ਪ੍ਰਧਾਨਗੀ ਡਾ. ਮੱਖਣ ਸਿੰਘ ਭੁੱਲਰ, ਨਿਰਦੇਸ਼ਕ ਪਸਾਰ ਸਿੱਖਿਆ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਕੀਤੀ। ਡਾ. ਜਸਵਿੰਦਰ ਸਿੰਘ, ਨਿਰਦੇਸ਼ਕ, ਯੂਨੀਵਰਸਿਟੀ ਬੀਜ ਫਾਰਮ, ਨਾਭਾ ਨੇ ਵਿਸ਼ੇਸ਼ ਮਹਿਮਾਨ ਵੱਜੋ ਸ਼ਿਰਕਤ ਕੀਤੀ।

ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ. ਮਨਦੀਪ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਫ਼ਤਿਹਗੜ੍ਹ ਸਾਹਿਬ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ. ਵਿਪਨ ਕੁਮਾਰ ਰਾਮਪਾਲ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ, ਪਟਿਆਲਾ ਦੇ ਮੁਖੀ ਡਾ. ਗੁਰਪ੍ਰੀਤ ਕੌਰ ਵੀ ਇਸ ਮੀਟਿੰਗ ਵਿਚ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਖੇਤੀਬਾੜੀ, ਬਾਗਬਾਨੀ, ਪਸ਼ੂ-ਪਾਲਣ, ਮੱਛੀ-ਪਾਲਣ, ਵਣ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਰੋਜ਼ਗਾਰ ਵਿਭਾਗ ਦੇ ਅਫ਼ਸਰ ਸਾਹਿਬਾਨ, ਅਗਾਂਹਵਧੂ ਕਿਸਾਨਾਂ ਨੇ ਇਸ ਮੀਟਿੰਗ ਵਿਚ ਆਪਣੇ ਵਿਚਾਰ ਸਾਂਝੇ ਕੀਤੇ।

ਡਾ. ਗੁਰਉਪਦੇਸ਼ ਕੌਰ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਦੀ ਅਗਵਾਈ ਹੇਠ ਆਏ ਹੋਏ ਮਹਿਮਾਨਾਂ ਨੂੰ ਕੇਂਦਰ ਦੇ ਤਕਨੀਕੀ ਪਾਰਕ, ਪ੍ਰਦਰਸ਼ਨੀ ਪਲਾਟਾਂ ਅਤੇ ਬੀਜ ਫਾਰਮ ਦਾ ਦੌਰਾ ਕਰਵਾਇਆ ਗਿਆ। ਮੀਟਿੰਗ ਦੀ ਸ਼ੁਰੂਆਤ ਵਿਚ ਡਾ. ਰਜਨੀ ਗੋਇਲ, ਪ੍ਰੋਫੈਸਰ (ਭੋਜਨ ਵਿਗਿਆਨ), ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ-ਆਇਆ ਆਖਿਆ।

ਇਸ ਉਪਰੰਤ ਡਾ. ਗੁਰਉਪਦੇਸ਼ ਕੌਰ ਨੇ ਕੇਂਦਰ ਵੱਲੋਂ ਲਗਾਏ ਜਾਂਦੇ ਸਿਖਲਾਈ ਕੋਰਸਾਂ, ਖੇਤ ਤਜਰਬਿਆਂ ਅਤੇ ਹੋਰ ਪਸਾਰ ਗਤੀ-ਵਿਧੀਆਂ ਦੀ ਜਾਣਕਾਰੀ ਹਾਜ਼ਰੀਨ ਨਾਲ ਸਾਂਝੀ ਕੀਤੀ। ਉਨ੍ਹਾਂ ਨੇ ਸਾਲ 2024-25 ਵਿਚ ਆਯੋਜਿਤ ਹੋਣ ਵਾਲੀਆਂ ਸਿਖਲਾਈਆਂ ਸਬੰਧੀ ਕਾਰਜ-ਯੋਜਨਾ ਵੀ ਸਾਂਝੀ ਕੀਤੀ ਅਤੇ ਆਏ ਹੋਏ ਮਹਿਮਾਨਾਂ ਦੇ ਸੁਝਾਅ ਲਏ। ਮੀਟਿੰਗ ਦੇ ਮੁੱਖ ਮਹਿਮਾਨ ਡਾ. ਮੱਖਣ ਸਿੰਘ ਭੁੱਲਰ ਨੇ ਸਰਫੇਸ ਸੀਡਰ ਵਿਧੀ ਰਾਹੀਂ ਕਣਕ ਦੀ ਬਿਜਾਈ ਬਾਰੇ ਜਾਣਕਾਰੀ ਹਾਜ਼ਰੀਨ ਨਾਲ ਸਾਂਝੀ ਕੀਤੀ। ਉਨ੍ਹਾਂ ਨੇ ਅਗਾਂਹਵਧੂ ਕਿਸਾਨਾਂ ਦੇ ਖੇਤਾਂ ਦੇ ਦੌਰੇ ਕਰਨ ਅਤੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਬਾਰੇ ਵੀ ਪ੍ਰੇਰਿਤ ਕੀਤਾ। ਡਾ. ਜਸਵਿੰਦਰ ਸਿੰਘ ਨੇ ਹਾਜ਼ਰੀਨ ਕਿਸਾਨਾਂ ਅਤੇ ਅਧਿਕਾਰੀਆਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਆਯੋਜਿਤ ਕੀਤੇ ਜਾਂਦੇ ਪਸਾਰ ਕਾਰਜਾਂ ਨਾਲ ਵੱਧ ਤੋਂ ਵੱਧ ਜੁੜਨ ਲਈ ਉਤਸ਼ਾਹਿਤ ਕੀਤਾ। ਮੁੱਖ ਖੇਤੀਬਾੜੀ ਅਫ਼ਸਰ, ਪਟਿਆਲਾ ਡਾ. ਜਸਵਿੰਦਰ ਸਿੰਘ ਨੇ ਖੇਤੀਬਾੜੀ ਮਹਿਕਮੇ ਵੱਲੋਂ ਦਿੱਤੀਆਂ ਜਾਂਦੀਆਂ ਸੁਵਿਧਾਵਾਂ ਬਾਰੇ ਦੱਸਿਆ। ਵੱਖ-ਵੱਖ ਵਿਭਾਗਾਂ ਤੋਂ ਆਏ ਪਤਵੰਤਿਆਂ ਨੇ ਵੀ ਇਸ ਵਿਚਾਰ-ਚਰਚਾ ਵਿਚ ਖੁੱਲ ਕੇ ਹਿੱਸਾ ਲਿਆ ਅਤੇ ਲੋੜ ਮੁਤਾਬਕ ਸਿਖਲਾਈ ਕੋਰਸ ਲਾਉਣ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਅਗਾਂਹਵਧੂ ਕਿਸਾਨ ਕੁਲਵਿੰਦਰ ਸਿੰਘ, ਸੁਖਦੇਵ ਸਿੰਘ, ਪਰਦੀਪ ਸਿੰਘ, ਨਰਿੰਦਰ ਸਿੰਘ, ਨਾਜ਼ਰ ਸਿੰਘ, ਲਖਵਿੰਦਰ ਸਿੰਘ ਅਤੇ ਉੱਦਮੀ ਬੀਬੀਆਂ ਪਾਲ ਕੌਰ, ਗੁਰਪ੍ਰੀਤ ਕੌਰ ਅਤੇ ਭੁਪਿੰਦਰ ਕੌਰ ਨੇ ਫ਼ਸਲ ਉਤਪਾਦਨ, ਸਬਜ਼ੀਆਂ ਦੀ ਕਾਸ਼ਤ, ਖੁੰਬ ਉਤਪਾਦਨ, ਫੂਡ ਪ੍ਰੋਸੈਸਿੰਗ ਅਤੇ ਫੁਲਕਾਰੀ ਦਸਤਕਾਰੀ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ।

ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਸਿਖਲਾਈ ਪ੍ਰਾਪਤ ਉੱਦਮੀ ਕਿਸਾਨ ਵੀਰਾਂ ਅਤੇ ਬੀਬੀਆਂ ਨੇ ਆਪਣੇ ਉਤਪਾਦਾਂ ਦੀ ਪ੍ਰਦਰਸ਼ਨੀ ਵੀ ਲਗਾਈ।

# ਬੱਚਿਆਂ ਨੂੰ ਕਾਨੂੰਨੀ ਅਧਿਕਾਰਾਂ ਬਾਰੇ ਕੀਤਾ ਜਾਗਰੂਕ

## ਸਰਕਾਰੀ ਕੰਨਿਆ ਸੀਨੀ.ਸੈਕੰ.ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸੇਸ਼ ਸੈਮੀਨਾਰ ਦਾ ਆਯੋਜਨ

ਸ੍ਰੀ ਅਨੰਦਪੁਰ ਸਾਹਿਬ,
18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲਾ ਅਤੇ ਸੈਸ਼ਨ ਜੱਜ ਕਮ-ਚੇਅਰਪਰਸਨ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ ਸ਼੍ਰੀਮਤੀ ਰਮੇਸ਼ ਕੁਮਾਰੀ ਦੇ ਨਿਰਦੇਸ਼ਾਂ ਤਹਿਤ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ-ਸਕੱਤਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ ਸ਼੍ਰੀਮਤੀ ਹਿਮਾਂਸ਼ੀ ਗਲਹੋਤਰਾ ਦੁਆਰਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕ ਵਿਸੇਸ਼ ਸੈਮੀਨਾਰ ਲਗਾਇਆ ਗਿਆ।






ਇਸ ਸੈਮੀਨਾਰ ਵਿੱਚ ਸਕੂਲੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਬੱਚਿਆਂ ਅਤੇ ਔਰਤਾਂ ਦੇ ਮੌਲਿਕ ਅਧਿਕਾਰਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਬੱਚਿਆਂ ਨਾਲ ਵੱਧ ਰਹੇ ਸਰੀਰਕ ਸ਼ੋਸ਼ਣ ਸਬੰਧੀ ਬੱਚਿਆਂ ਨੂੰ ਜਾਗਰੂਕ ਕਰਨ ਲਈ ਪੋਕਸੋ ਐਕਟ, ਵਿਕਟਿਮ ਕੰਪਨਸੇਸ਼ਨ, ਸੈਕਸੁਅਲ ਹਰਾਸਮੈਂਟ ਅਤੇ ਛੇੜਛਾੜ ਸਬੰਧੀ ਕਾਨੂੰਨਾਂ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਬੱਚਿਆਂ ਨੂੰ ਇਹ ਵੀ ਜਾਣਕਾਰੀ ਦਿੱਤੀ ਕਿ ਸਰੀਰਕ ਸੋਸ਼ਣ ਤੋਂ ਬਚਾਉਣ ਅਤੇ ਅਜਿਹੀ ਅਨਚਾਹੀ ਘਟਨਾ ਹੋਣ 'ਤੇ ਸਖਤ ਕਾਰਵਾਈ ਕਰਨ ਲਈ ਬੱਚਿਆਂ ਦੀ ਸੁਰੱਖਿਆ ਲਈ ਬਣੇ ਕਾਨੂੰਨ ਪ੍ਰੋਟੈਕਸ਼ਨ ਆਫਚਿਲਡਰਨ ਫਰੋਮ ਸੈਕਸੁਅਲ ਓਫੈਂਸ ਐਕਟ 2012 ਪੋਕਸੋ ਲਈ ਕਾਨੂੰਨ ਬਣਾਇਆ ਗਿਆ ਹੈ। ਅੰਤ 'ਚ ਸੀ.ਜੇ.ਐਮ ਸ੍ਰੀਮਤੀ ਹਿਮਾਂਸ਼ੀ ਗਲਹੋਤਰਾ ਨੇ ਦੱਸਿਆ ਕਿ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਗੱਲ ਕਰਨ ਲਈ ਕਿਸੇ ਵੀ ਸਮੇ ਟੋਲ ਫਰੀ ਨੰਬਰ 15100 'ਤੇ ਸੰਪਰਕ ਕਰ ਸਕਦੇ ਹਨ।

# ਦਿਆਲਪੁਰਾ ਦੇ ਯਤਨਾਂ ਸਦਕਾ ਸੀਵਰੇਜ 'ਚ ਪਾਈਪਾਂ ਪਾਉਣ ਦਾ ਕੰਮ ਸ਼ੁਰੂ



ਮਾਛੀਵਾੜਾ ਸਾਹਿਬ, 18 ਫਰਵਰੀ
-ਜਤਿੰਦਰ ਕੁਮਾਰ ਝੜੌਦੀ-
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਵਾਰਡ ਨੰ. 12 ਦੇ ਪ੍ਰੇਮ ਨਗਰ ਵਿਚ 'ਆਪ' ਦੇ ਸੀਨੀਅਰ ਆਗੂ ਮੋਹਿਤ ਕੁੰਦਰਾ ਨੇ ਕਿਹਾ ਕਿ ਵਿਧਾਇਕ ਦਿਆਲਪੁਰਾ ਦੇ ਯਤਨਾਂ ਸਦਕਾ ਸੀਵਰੇਜ ਸਮੱਸਿਆ ਦੇ ਹੱਲ ਲਈ ਪਾਈਪਾਂ ਪਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਮੋਹਿਤ ਕੁੰਦਰਾ ਨੇ ਦੱਸਿਆ ਕਿ ਪ੍ਰੇਮ ਨਗਰ ਵਿਚ ਕੁਝ ਸੀਵਰੇਜ ਪਾਈਪਾਂ ਜਾਮ ਸਨ, ਜਿਸ ਕਾਰਨ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਨੇ ਕਿਹਾ ਕਿ ਜੇਕਰ ਵਾਰਡ ਵਿਚ ਕਿਸੇ ਵੀ ਪ੍ਰਕਾਰ ਦੇ ਕੰਮ ਦੀ ਕੋਈ ਹੋਰ ਸਮੱਸਿਆ ਹੋਈ ਤਾਂ ਉਸ ਦਾ ਵੀ ਜਲਦੀ ਹੀ ਹੱਲ ਕੀਤਾ ਜਾਵੇਗਾ ਇਸ ਮੌਕੇ ਉਹਨਾਂ ਨੇ ਕਿਹਾ ਕਿ ਅਸੀਂ ਵਿਧਾਇਕ ਦਿਆਲਪੁਰਾ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਸ ਸਮੱਸਿਆ ਦਾ ਜਲਦੀ ਹੀ ਹੱਲ ਕੀਤਾ।ਇਸ ਮੌਕੇ ਦੀਪਕ ਸ਼ਰਮਾ, ਬਿਕਰਮਜੀਤ ਸਿੰਘ, ਗੌਰਵ, ਰੁਪਿੰਦਰ ਸਿੰਘ, ਤੇਜਿੰਦਰ ਸਿੰਘ, ਨਿਰਮਲ ਸਿੰਘ, ਰਾਹੁਲ ਖੋਸਲਾ, ਕੁਲਦੀਪ ਸਿੰਘ ਥਿੰਦ, ਗੁਰਅਵਤਾਰ ਸਿੰਘ, ਹਰਪ੍ਰੀਤ ਸਿੰਘ, ਮਲਕੀਤ ਸਿੰਘ ਅਤੇ ਅਰੁਣ ਕੁਮਾਰ ਚੋਪੜਾ ਵੀ ਮੌਜੂਦ ਸਨ

# ਨਸ਼ਾ ਤਸਕਰੀ ਦੇ ਕੇਸ ਦਾ ਭਗੌੜਾ 4 ਸਾਲਾਂ ਬਾਅਦ ਆਇਆ ਕਾਬੂ

ਲੁਧਿਆਣਾ, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਨਸ਼ਾ ਤਸਕਰੀ ਦੇ ਕੇਸ 'ਚ ਪਿਛਲੇ 4 ਸਾਲ ਤੋਂ ਭਗੌੜੇ ਚੱਲ ਰਹੇ ਮੁਲਜ਼ਮ ਨੂੰ ਐਂਟੀ ਨਾਰਕੋਟਿਕਸ ਸੈੱਲ ਦੀ ਪੁਲਸ ਨੇ ਕਾਬੂ ਕੀਤਾ ਹੈ। ਫੜ੍ਹਿਆ ਗਿਆ ਮੁਲਜ਼ਮ ਪਿੰਡ ਫੁੱਲਾਂਵਾਲ ਦਾ ਰਹਿਣ ਵਾਲਾ ਗੁਰਪ੍ਰੀਤ ਸਿੰਘ ਉਰਫ਼ ਗੁਰੀ ਹੈ। ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕਰ ਕੇ ਜੁਡੀਸ਼ੀਅਲ ਰਿਮਾਂਡ 'ਤੇ ਭੇਜਿਆ ਗਿਆ ਹੈ।

ਜਾਣਕਾਰੀ ਦਿੰਦੇ ਹੋਏ ਇੰਚਾਰਜ ਇੰਸ. ਅੰਮ੍ਰਿਤਪਾਲ ਸਿੰਘ ਗਰੇਵਾਲ ਨੇ ਦੱਸਿਆ ਕਿ ਮੁਲਜ਼ਮ ਗੁਰਪ੍ਰੀਤ ਸਿੰਘ ਖ਼ਿਲਾਫ਼ ਸਾਲ 2019 'ਚ ਥਾਣਾ ਸਦਰ ਵਿਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਮੁਲਜ਼ਮ ਅਦਾਲਤ ਤੋਂ ਜ਼ਮਾਨਤ ਲੈ ਕੇ ਫ਼ਰਾਰ ਹੋ ਗਿਆ ਸੀ, ਜਿਸ ਨੂੰ ਅਦਾਲਤ ਨੇ ਭਗੌੜਾ ਕਰਾਰ ਦੇ ਦਿੱਤਾ ਸੀ। ਪੁਲਸ ਉਸ ਨੂੰ ਲੱਭ ਰਹੀ ਸੀ। ਉਨ੍ਹਾਂ ਦੀ ਟੀਮ ਨੂੰ ਮੁਲਜ਼ਮ ਸਬੰਧੀ ਸੂਚਨਾ ਮਿਲੀ ਤਾਂ ਮੁਲਜ਼ਮ ਨੂੰ ਕਾਬੂ ਕਰ ਲਿਆ।

# ਸਰਪੰਚ ਸੋਨੀ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 31000 ਦੀ ਰਾਸ਼ੀ ਭੇਂਟ



ਮਾਛੀਵਾੜਾ ਸਾਹਿਬ, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਦੇ ਖੇਤਰ ਵਿੱਚ ਭਾਵੇਂ ਕੋਈ ਧਾਰਮਿਕ ਸਮਾਗਮ ਹੋਵੇ ਸਮਾਜਿਕ ਸਮਾਗਮ ਹੋਵੇ ਜਾਂ ਕੋਈ ਖੇਡ ਸਮਾਗਮ ਐੱਸ.ਐੱਸ. ਪ੍ਰੋਪਰਟੀ ਹੱਬ ਵਾਲੇ ਸੁਖਦੀਪ ਸਿੰਘ ਸੋਨੀ ਸਰਪੰਚ ਮੰਡ ਸ਼ੇਰੀਆ ਵਾਲਿਆ ਦਾ ਵਿਸ਼ੇਸ਼ ਯੋਗਦਾਨ ਰਹਿੰਦਾ ਹੈ। ਪੁਰਾਣੀ ਸਬਜ਼ੀ ਮੰਡੀ ਨਜ਼ਦੀਕ ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਬੰਧਕ ਕਮੇਟੀ ਨਾਲ ਪਹਿਲੇ ਦਿਨ ਤੋਂ ਹੀ ਨਿੱਜੀ ਤੌਰ ਤੇ ਜੁੜੇ ਸੁਖਦੀਪ ਸਿੰਘ ਸੋਨੀ ਸਰਪੰਚ ਵੱਲੋਂ ਇਸ ਵਾਰ ਵੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਨੂੰ ਧਿਆਨ ਵਿੱਚ ਰੱਖਦਿਆਂ ਉਸ ਦੀਆਂ ਤਿਆਰੀਆਂ ਦੇ ਲਈ ਆਪਣੇ ਦਸਾਂ ਨੌਹਾਂ ਦੀ ਕਿਰਤ ਕਮਾਈ ਵਿੱਚੋਂ 31000/ ਦੀ ਰਾਸ਼ੀ ਪ੍ਰਬੰਧਕ ਕਮੇਟੀ ਨੂੰ ਭੇਟ ਕੀਤੀ ਗਈ ਹੈ। ਕਮੇਟੀ ਮੈਂਬਰਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਦੀ ਉਸਾਰੀ ਦੇ ਕੰਮ ਵਿੱਚ, ਗੁਰਦੁਆਰਾ ਸਾਹਿਬ ਦੇ ਲੰਗਰਾਂ ਦੇ ਵਿੱਚ ,ਹਰ ਸਾਲ ਮਨਾਏ ਜਾਂਦੇ ਗੁਰਪੁਰਬ ਵਿੱਚ ਜਾਂ ਪ੍ਰਭਾਤ ਫੇਰੀਆਂ ਦੇ ਵਿੱਚ, ਜਾਂ ਗੁਰਦੁਆਰਾ ਸਾਹਿਬ ਲਈ ਕਿਸੇ ਵੀ ਤਰ੍ਹਾਂ ਦੇ ਸਾਜੋ ਸਮਾਨ ਦੀ ਖਰੀਦੋ ਫਰੋਖਤ ਦੇ ਲਈ ਸੋਨੀ ਸਰਪੰਚ ਵੀਰ ਦਾ ਵੱਡਾ ਯੋਗਦਾਨ ਰਹਿੰਦਾ ਹੈ ਜਿਸ ਦੇ ਲਈ ਸਾਰੀ ਪ੍ਰਬੰਧਕ ਕਮੇਟੀ ਉਹਨਾਂ ਦਾ ਤਹਿ ਦਿਲੋਂ ਧੰਨਵਾਦੀ ਹੈ।

ਗੱਲਬਾਤ ਦੌਰਾਨ ਸੁਖਦੀਪ ਸਿੰਘ ਸੋਨੀ ਸਰਪੰਚ ਨੇ ਕਿਹਾ ਕਿ ਉਹਨਾਂ ਨੂੰ ਗੁਰੂ ਘਰ ਆ ਕੇ ਇੱਕ ਵੱਖਰੀ ਹੀ ਖੁਸ਼ੀ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ ਤੇ ਜੋ ਆਨੰਦ ਗੁਰੂ ਘਰ ਬਹਿ ਕੇ ਮਿਲਦਾ ਹੈ ਉਸ ਨੂੰ ਉਹ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ।

ਉਹਨੇ ਕਿਹਾ ਕਿ ਪੰਜਾਬ ਗੁਰੂਆਂ ਪੀਰਾਂ ਸਾਧੂ ਸੰਤਾਂ ਤੇ ਫਕੀਰਾਂ ਦੀ ਧਰਤੀ ਹੈ ਇਸ ਤੇ ਰਹਿਣ ਵਾਲਾ ਹਰ ਜੀਵ ਆਪਣੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਪਿੱਛੋਂ ਕੁਝ ਨਾ ਕੁਝ ਜਰੂਰ ਧਾਰਮਿਕ ,ਸਮਾਜਿਕ ਕਾਰਜਾਂ ਦੇ ਲਈ ਵੱਖਰਾ ਰੱਖਦਾ ਹੈ ਤੇ ਉਹਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਜਿੱਥੇ ਕਿਤੇ ਵੀ ਕੋਈ ਲੋੜਵੰਦ ਹੋਵੇ,ਜਾਂ ਇਸ ਤਰ੍ਹਾਂ ਧਾਰਮਿਕ ,ਸਮਾਜਿਕ ਸਮਾਗਮ ਹੋਣ ਉਹ ਆਪਣਾ ਬਣਦਾ ਯੋਗਦਾਨ ਪਾਉਣ ।ਇਸ ਯੋਗਦਾਨ ਦੇ ਲਈ ਉਹ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹਨ ਕਿ ਉਹਨਾਂ ਨੇ ਬਖਸ਼ਿਸ਼ ਕੀਤੀ ਹੈ ਤਦ ਹੀ ਉਹ ਇਸ ਕਾਬਲ ਹੋਏ ਹਨ ਕਿ ਉਹ ਆਪਣੇ ਭਰਾਵਾਂ ਦੇ ਨਾਲ ਮਿਲ ਕੇ ਸੰਸਥਾਵਾਂ ਦੀ ਕਿਸੇ ਤਰ੍ਹਾਂ ਮਦਦ ਕਰ ਸਕਣ।

ਉਹਨਾਂ ਪ੍ਰਬੰਧਕ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਉਹ ਜਦੋਂ ਵੀ ਗੁਰੂ ਘਰ ਦੇ ਲਈ ਕਿਸੇ ਵਸਤ ਦੀ ਜਰੂਰਤ ਹੋਵੇਗੀ ਜਾਂ ਇਮਾਰਤਾਂ ਦੀ ਉਸਾਰੀ ਦੀ ਗੱਲ ਹੋਵੇਗੀ ਉਹ ਤਨੋ ਮਨੋ ਅਤੇ ਧਨੋ ਕਮੇਟੀ ਦੇ ਨਾਲ ਹਰ ਵਕਤ ਮੋਢੇ ਨਾਲ ਮੋਢਾ ਜੋੜ ਕੇ ਤਿਆਰ ਖੜੇ ਹਨ। ਪ੍ਰਬੰਧਕ ਕਮੇਟੀ ਵੱਲੋਂ ਸੁਖਦੀਪ ਸਿੰਘ ਸੋਨੀ ਸਰਪੰਚ ਨੂੰ ਸਿਰੋਪਾਓ ਪਾਕੇ ਯਾਦਗਾਰੀ ਚਿੰਨ ਭੇਟ ਕਰਦਿਆਂ ਸਨਮਾਨਿਤ ਕੀਤਾ ਗਿਆ। ਇਸ ਵਕਤ ਕਮੇਟੀ ਮੈਂਬਰਾਨ ਵਿਸ਼ੇਸ਼ ਤੌਰ ਤੇ ਹਾਜ਼ਰ ਸਨ॥

# ਮਾਛੀਵਾੜਾ ਸਾਹਿਬ ਵਿਖੇ ਦੋ ਗੁੱਟਾਂ ਵਿਚ ਭਿਆਨਕ ਲੜਾਈ ਦੋ ਜ਼ਖ਼ਮੀ, ਇਕ ਗੰਭੀਰ

ਮਾਛੀਵਾੜਾ ਸਾਹਿਬ, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ 'ਚ ਬੀਤੀ ਰਾਤ 2 ਧੜਿਆਂ ਵਿਚਕਾਰ ਹੋਈ ਗੈਂਗਵਾਰ ਦੌਰਾਨ 2 ਨੌਜਵਾਨ ਗੰਭੀਰ ਜ਼ਖ਼ਮੀ ਹੋਏ ਹਨ, ਜਿਸ ਵਿਚ ਹਰਪ੍ਰੀਤ ਸਿੰਘ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ, ਜਦਕਿ ਅਮਿਤ ਕੁਮਾਰ ਜ਼ੇਰੇ ਇਲਾਜ ਹੈ। ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਤੇ ਅਮਿਤ ਕੁਮਾਰ ਦੋਵੇਂ ਹੀ ਮਾਛੀਵਾੜਾ ਦੇ ਮੀਆਂ ਮੁਹੱਲੇ ਦੇ ਰਹਿਣ ਵਾਲੇ ਹਨ। ਦੋਵੇਂ ਕਾਰ 'ਚ ਕਿਤੇ ਜਾ ਰਹੇ ਸਨ।

ਇਸ ਦੌਰਾਨ ਦੂਜਾ ਧੜਾ ਜਿਸ ਨਾਲ ਉਨ੍ਹਾਂ ਦੀ ਰੰਜਿਸ਼ ਹੈ ਉਨ੍ਹਾਂ ਨੇ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ । ਬਚਾਅ ਲਈ ਹਰਪ੍ਰੀਤ ਤੇ ਅਮਿਤ ਨੇ ਕਾਰ ਤੇਜ਼ ਭਜਾ ਲਈ। ਰਤੀਪੁਰ ਰੋਡ ਤੋਂ ਸਿੱਧਾ ਨਹਿਰ ਵੱਲ ਨੂੰ ਜਾਂਦੇ ਹੋਏ ਕਾਰ ਦਾ ਸੰਤੁਲਨ ਵਿਗੜ ਗਿਆ ਜਾ ਪਿੱਛਾ ਕਰਨ ਵਾਲਿਆਂ ਨੇ ਟੱਕਰ ਮਾਰੀ, ਇਸ ਬਾਰੇ ਤਾਂ ਜਾਂਚ ਤੋਂ ਬਾਅਦ ਪਤਾ ਲੱਗੇਗਾ, ਪਰ ਉਨ੍ਹਾਂ ਦੀ ਗੱਡੀ ਖੇਤਾਂ ਵਿਚ ਜਾ ਪਲਟੀ ।

ਹਮਲਾਵਾਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਅਤੇ ਦੋਵਾਂ ਨੂੰ ਗੰਭੀਰ ਜ਼ਖ਼ਮੀ ਕਰਕੇ ਫ਼ਰਾਰ ਹੋ ਗਏ। ਜ਼ਖ਼ਮੀਆਂ ਨੂੰ ਪਹਿਲਾਂ ਮਾਛੀਵਾੜਾ ਹਸਪਤਾਲ ਪਹੁੰਚਾਇਆ, ਜਿੱਥੇ ਨਾਜ਼ੁਕ ਹਾਲਤ ਨੂੰ ਦੇਖਦਿਆਂ ਲੁਧਿਆਣਾ ਰੈਫਰ ਕਰ ਦਿੱਤਾ। ਹਰਪ੍ਰੀਤ ਸਿੰਘ ਦੀ ਹਾਲਤ ਗੰਭੀਰ ਹੈ।

**ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ**

ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਜ਼ਖ਼ਮੀਆਂ ਦੇ ਬਿਆਨ ਦਰਜ ਕਰ ਕੇ ਮਾਮਲਾ ਦਰਜ ਕੀਤਾ ਹੈ। ਹਮਲਾਵਰਾਂ ਦੀ ਸ਼ਨਾਖ਼ਤ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ ।

# ਵਿਧਾਇਕ ਮੁੰਡੀਆਂ ਨੇ ਬੀੜ ਸਾਹਨੇਵਾਲ ਅਤੇ ਕਨੇਚ 'ਚ ਲੱਗੇ ਸੁਵਿਧਾ ਕੈਂਪਾਂ ਦਾ ਕੀਤਾ ਦੌਰਾ



ਸਾਹਨੇਵਾਲ 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਾਹਨੇਵਾਲ ਦੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਨੇ ਇੱਥੋਂ ਨੇੜੇ ਬੀੜ ਸਾਹਨੇਵਾਲ ਅਤੇ ਪਿੰਡ ਕਨੇਚ ਵਿੱਚ ਲੱਗੇ ਸੁਵਿਧਾ ਕੈਂਪਾਂ ਦਾ ਦੌਰਾ ਕੀਤਾ।ਇਸ ਮੌਕੇ ਵਿਧਾਇਕ ਮੁੰਡੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਸ਼ਾਸ਼ਨਿਕ ਅਧਿਕਾਰੀਆਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਅਤੇ ਕਾਰਜਕੁਸ਼ਲਤਾ ਬਾਰੇ ਵੀ ਲੋਕਾਂ ਤੋਂ ਪੁੱਛਿਆ ਜਦੋਂ ਪੁੱਛਿਆ ਤਾਂ ਉਨ੍ਹਾਂ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਸੁਵਿਧਾ ਕੈਂਪਾਂ ਵਿੱਚ ਮਿਲ ਰਹੀਆਂ ਸਹੂਲਤਾਂ ਦੀ ਸ਼ਲਾਂਘਾ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਲੋਕਾਂ ਨੂੰ ਘਰ ਬੈਠੇ ਸਰਕਾਰੀ ਸਹੂਲਤਾਂ ਦੇਣ ਦੇ ਮਕਸਦ ਨਾਲ ਸ਼ੁਰੂ ਕੀਤੀ ਵਿਸ਼ੇਸ਼ ਮੁਹਿੰਮ ÷ਆਪ ਦੀ ਸਰਕਾਰ, ਆਪ ਦੇ ਦੁਆਰ÷ ਸਫਲਤਾ ਪੂਰਵਕ ਚੱਲ ਰਹੀ ਹੈ। ਵਿਧਾਇਕ ਮੁੰਡੀਆਂ ਨੇ ਅੱਗੇ ਦੱਸਿਆ ਕਿ ਬੀੜ ਸਾਹਨੇਵਾਲ ਅਤੇ ਪਿੰਡ ਕਨੇਚ ਤੋਂ ਇਲਾਵਾ ਨਗਰ ਨਿਗਮ ਲੁਧਿਆਣਾ ਦੇ ਅਧੀਨ ਪੈਂਦੇ ਹਲਕਾ ਸਾਹਨੇਵਾਲ ਦੇ ਏਰੀਏ ਵਾਰਡ ਨੰਬਰ 26 ਅਤੇ 27 ਅਤੇ ਭੂਖੜੀ ਕਲਾਂ, ਭੂਖੜੀ ਖੁਰਦ ਇਹ ਕੈਂਪ ਲਗਾਏ ਗਏ ਅਤੇ ਪਬਲਿਕ ਵੱਲੋਂ ਇਨ੍ਹਾਂ ਕੈਂਪਾਂ ਵਿੱਚ ਆ ਕੇ ਆਪਣੇ ਅਧੂਰੇ ਪਏ ਅਤੇ ਨਵੇਂ ਕੰਮ ਕਰਵਾਏ ਗਏ।

ਉਨ੍ਹਾਂ ਅੱਗੇ ਦੱਸਿਆ ਕਿ ਇਹ ਕੈਂਪ ਸੂਬੇ ਭਰ ਵਿੱਚ ਰੋਜ਼ ਲਗਾਏ ਜਾ ਰਹੇ ਅਤੇ ਇਨ੍ਹਾਂ ਸੁਵਿਧਾ ਕੈਂਪਾਂ ਵਿੱਚ ਪਹੁੰਚ ਕੇ ਲੋਕ ਸਰਕਾਰੀ ਵਿਭਾਗਾਂ ਨਾਲ ਜੁੜੇ 44 ਪ੍ਰਕਾਰ ਦੇ ਕੰਮਕਾਜ ਕਰਵਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਵੀ ਇਨ੍ਹਾਂ ਸੁਵਿਧਾ ਕੈਂਪਾਂ ਦਾ ਲਾਭ ਲੈਣ ਦੀ ਅਪੀਲ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਨਾਇਬ ਤਹਿਸੀਲਦਾਰ ਪਰਮਪਾਲ ਸਿੰਘ, ਕਿਸਾਨ ਵਿੰਗ ਜਿਲ੍ਹਾ ਦਿਹਾਤੀ ਪ੍ਰਧਾਨ ਲਾਲੀ ਹਰਾ,ਐੱਸਸੀ ਵਿੰਗ ਜਿਲ੍ਹਾ ਦਿਹਾਤੀ ਪ੍ਰਧਾਨ ਬਲਵੰਤ ਸਿੰਘ ਨੰਦਪੁਰ,ਐਸਡੀਓ ਵਿਪਨ ਸੂਦ, ਮੋਹਿਤ ਕੁਮਾਰ, ਗੁਰਦੀਪ ਸਿੰਘ ਕੌਲ, ਅਜਮੇਰ ਸਿੰਘ ਧਾਲੀਵਾਲ, ਓਮਪ੍ਰਕਾਸ਼ ਗੋਇਲ, ਕੀਰਤਨ ਸਿੰਘ ਬੱਬੂ, ਗੁਰਮੀਤ ਸਿੰਘ ਪੱਪੂ ਤਲਵਾੜਾ, ਰਾਵਿੰਦਰ ਸਿੰਘ ਖ਼ਾਲਸਾ, ਕੁਲਵਿੰਦਰ ਸ਼ਾਰਦੇ, ਸੁਰਿੰਦਰ ਚੌਧਰੀ, ਕੁਲਦੀਪ ਐਰੀ, ਤੇਜਿੰਦਰ ਮਿੱਠੂ, ਸਤਪਾਲ ਸਿੰਘ ਸੱਤਾ, ਮਨਜਿੰਦਰ ਸਿੰਘ ਮਾਂਗਟ,ਬੱਬੂ ਮੁੰਡੀਆਂ, ਹਰਪ੍ਰੀਤ ਸਿੰਘ ਸੈਂਭੀ, ਅਮਰਜੀਤ ਸਿੰਘ ਬੱਬੂ, ਪ੍ਰਧਾਨ ਅੰਮ੍ਰਿਤਪਾਲ ਸਿੰਘ ਕਨੇਚ, ਪੁਰਸ਼ੋਤਮ ਸਿੰਘ ਆਦਿ ਹੋਰ ਹਾਜ਼ਰ ਸਨ।

# ਸ਼ਿਵਰਾਤਰੀ ਮਹਾਉਤਸਵ 8 ਮਾਰਚ ਨੂੰ ਮਨਾਇਆ ਜਾਵੇਗਾ

**➢ ਸ਼੍ਰੀ ਦੁਰਗਾ ਮੰਦਰ ਕਮੇਟੀ ਦੀ ਤਿਆਰੀਆ ਸਬੰਧੀ ਹੋਈ ਬੈਠਕ ➢10 ਦਿਨੀ ਪ੍ਰਭਾਤਫੇਰੀ ਦਾ ਪ੍ਰਭਾਹ 28 ਫਰਬਰੀ ਤੋਂ**



ਸ਼੍ਰੀ ਦੁਰਗਾ ਸਕਤੀ ਮੰਦਰ ਕਮੇਟੀ ਦੀ ਬੈਠਕ ਉਪਰੰਤ ਪ੍ਰਧਾਨ ਨੰਦ ਕਿਸੋਰ ਤੇ ਮੰਦਰ ਕਮੇਟੀ ਦੇ ਹੋਰ ਮੈਂਬਰ

**ਮਾਛੀਵਾੜਾ ਸਾਹਿਬ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੀ ਪੁਰਾਣੀ ਧਾਰਮਿਕ ਸੰਸਥਾ ਸ਼੍ਰੀ ਦੁਰਗਾ ਸਕਤੀ ਮੰਦਰ ਕਮੇਟੀ ਦੀ ਬੈਠਕ ਮਾਤਾ ਰਾਣੀ ਮੰਦਰ ਰੱਤੀਪੁਰ ਮਾਰਗ ਵਿਖੇ ਕਮੇਟੀ ਪ੍ਰਧਾਨ ਨੰਦ ਕਿਸੋਰ ਦੀ ਪ੍ਰਧਾਨਗੀ ਵਿੱਚ ਹੋਈ। ਬੈਠਕ ਉਪੰਰਤ ਆਉਣ ਵਾਲੀ 8 ਮਾਰਚ ਸੁਕਰਵਾਰ ਨੂੰ ਮਹਾਸਿਵਰਾਤਰੀ ਦਾ ਮਹਾਉਤਸਵ ਧੂਮ ਧਾਮ ਨਾਲ ਮਨਾਉਣ ਲਈ ਤਿਆਰੀਆ ਸੰਬਧੀ ਬੈਠਕ ਵਿੱਚ ਪ੍ਰਧਾਨ ਨੰਦ ਕਿਸੋਰ ਨੇ ਦੱਸਿਆ ਕਿ ਸਹਿਰ ਵਾਸੀਆਂ ਦੇ ਸਹਿਯੋਗ ਨਾਲ ਇਹ ਧਾਰਮਿਕ ਸਮਾਗਮ ਧੂਮਧਾਮ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੀ 28 ਫਰਵਰੀ ਤੋ ਪ੍ਰਭਾਤਫੇਰੀ ਆਰੰਭ ਹੋਵੇਗੀ ਅਤੇ 8 ਮਾਰਚ ਤੱਕ ਚੱਲੇਗੀ, ਅਤੇ 08 ਮਾਰਚ ਦਿਨ ਸ਼ੁਕਰਵਾਰ ਨੂੰ ਹੀ ਸੋਭਾ ਯਾਤਰਾ ਵੀ ਕੱਢੀ ਜਾਵੇਗੀ ਜੋ ਕਿ ਮੰਦਰ ਤੋ ਸੂਰੂ ਹੋ ਕੇ ਸਾਰੇ ਸਹਿਰ ਦੀ ਪ੍ਰੀਕਰਮਾ ਕਰਕੇ ਵਾਪਸ ਮੰਦਰ ਵਿਖੇ ਸਮਾਪਤ ਹੋਵੇਗੀ।

ਇਸੇ ਤਰ੍ਹਾ 28 ਫਰਵਰੀ ਤੋ ਸੁਰੂ ਹੋਣ ਵਾਲੀਆ ਪ੍ਰਭਾਤ ਫੇਰੀਆਂ ਵੀ ਮਹਾਦੇਵ ਭੋਲੇ ਸ਼ੰਕਰ ਦਾ ਗੁਣਗਾਣ ਕਰਦੀਆ ਸਹਿਰ ਵਿੱਚੋ ਲੰਘ ਕੇ ਮੰਦਰ ਵਾਪਸ ਪਰਤਣਗੀਆ। ਸਿਵਰਾਤਰੀ ਵਾਲੇ ਦਿਨ ਮੰਦਿਰਾਂ ਦੀ ਸਜਾਵਟ ਦੇਖਣ ਯੋਗ ਹੋਵੇਗੀ, ਸੋਭਾ ਯਾਤਰਾ ਲਈ ਝਾਕੀਆਂ ਖਾਸ ਖਿੱਚ ਦਾ ਕੇਂਦਰ ਰਹਿਣਗੀਆਂ। ਉਨ੍ਹਾ ਕਿਹਾ ਕਿ ਮੁੱਖ ਬਾਜਾਰ ਤੋ ਗਾਂਧੀ ਚੌਂਕ ਤੱਕ ਬਾਜ਼ਾਰ ਦੀ ਸਜਾਵਟ ਲਈ ਵੀ ਖਾਸ ਪ੍ਰੰਬੰਧ ਕੀਤੇ ਗਏ ਹਨ।

ਮੀਟਿੰਗ ਮੌਕੇ ਸਕੱਤਰ ਸਿਵਚਰਨ ਸ਼ਰਮਾ, ਉਪ ਪ੍ਰਧਾਨ ਰਾਜਿੰਦਰ ਵਰਮਾ,ਅਸ਼ਵਨੀ ਸ਼ਰਮਾ, ਰਾਜੇਸ਼ ਅਨੰਦ, ਸੋਨੂੰ ਸੇਠੀ, ਮੰਗਤ ਰਾਏ ਬੱਤਰਾ,ਸੁਨਿਲ ਉਹਰੀ, ਊਮੈਸ ਸੂਈ, ਅੰਕਿਤ ਸੇਠੀ,ਦੁਸਯੰਤ ਕੌਸ਼ਲ,ਰਾਕੇਸ਼ ਵਰਮਾ, ਸੋਨੂੰ ਵਰਮਾ ਅਸੀਮ ਗੁਪਤਾ ਮਦਨ ਲਾਲ ਬਿੱਟੂ, ਪੁਜਾਰੀ ਸੋਨੂੰ ਸ਼ਰਮਾ ਆਦਿ ਮੋਜੂਦ ਸਨ।

# ਭਾਜਪਾ ਆਗੂ ਅਤੇ ਉੱਘੇ ਸਮਾਜ ਸੇਵੀ ਡਾ. ਈਸ਼ਵਰ ਚੰਦਰ ਸਰਦਾਨਾ ਦਾ ਦੇਹਾਂਤ



**ਸ੍ਰੀ ਅਨੰਦਪੁਰ ਸਾਹਿਬ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਆਗੂ ਉੱਘੇ ਸਮਾਜ ਸੇਵੀ ਡਾ. ਈਸ਼ਵਰ ਚੰਦਰ ਸਰਦਾਨਾ ਜੀ ਦਾ ਦਿਲ ਦੀ ਗਤੀ ਰੁਕ ਜਾਣ ਕਾਰਨ ਦੇਹਾਂਤ ਹੋ ਗਿਆ। ਜ਼ਿਕਰਯੋਗ ਹੈ ਕਿ ਡਾ. ਸਰਦਾਨਾ ਜੀ ਨੂੰ ਸੀਨੇ ਵਿੱਚ ਦਰਦ ਹੋਣ ਕਾਰਨ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਜਿੱਥੇ ਇਲਾਜ ਦੌਰਾਨ ਉਹਨਾਂ ਦਾ ਦੇਹਾਂਤ ਹੋ ਗਿਆ। ਡਾ. ਸਰਦਾਨਾ ਦਾ ਨੰਗਲ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੰਤਿਮ ਸੰਸਕਾਰ ਮੌਕੇ ਡਾ. ਸਰਦਾਨਾ ਨੂੰ ਚਾਹਣ ਵਾਲੇ ਵੱਡੀ ਗਿਣਤੀ ਲੋਕ ਹਾਜ਼ਰ ਸਨ। ਡਾ. ਸਰਦਾਨਾ ਆਪਣੇ ਪਿੱਛੇ ਆਪਣੀ ਪਤਨੀ ਪ੍ਰਸਿੱਧ ਜੋਤਿਸ਼ ਅਚਾਰੀਆ ਡਾ. ਅਰਚਨਾ ਸਰਦਾਨਾ, ਇੱਕ ਬੇਟੀ ਅਤੇ ਦੋ ਬੇਟੇ ਛੱਡ ਗਏ ਹਨ।

ਇਸ ਬੇਵਕਤੀ ਮੌਤ ਤੇ ਅਫਸੋਸ ਕਰਨ ਵਾਲਿਆਂ ਵਿੱਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ, ਵਾਤਾਵਰਨ ਪ੍ਰੇਮੀ ਉਘੇ ਸਮਾਜ ਸੇਵੀ ਡਾ. ਸੰਜੀਵ ਗੌਤਮ, ਭਾਜਪਾ ਦੇ ਜਨਰਲ ਸਕੱਤਰ ਸੁਭਾਸ਼ ਸ਼ਰਮਾ, ਜਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ, ਨਗਰ ਕੌਂਸਲ ਨੰਗਲ ਦੇ ਸਾਬਕਾ ਪ੍ਰਧਾਨ ਰਾਜੇਸ਼ ਚੌਧਰੀ, ਭਾਜਪਾ ਸੀਨੀਅਰ ਆਗੂ ਕੇ ਕੇ ਬੇਦੀ,ਡਾ. ਸਰਦਾਨਾ ਦੇ ਬੇਹੱਦ ਕਰੀਬੀ ਨੌਜਵਾਨ ਭਾਜਪਾ ਆਗੂ ਬਲਰਾਮ ਪਰਾਸ਼ਰ, ਜਤਿੰਦਰ ਸਿੰਘ ਅਠਵਾਲ, ਡਾ. ਪਰਮਿੰਦਰ ਸ਼ਰਮਾ, ਜਿਲ੍ਹਾ ਸਕੱਤਰ ਮੁਕੇਸ਼ ਨੱਡਾ, ਮੰਡਲ ਪ੍ਰਧਾਨ ਐਡਵੋਕੇਟ ਸਤਬੀਰ ਰਾਣਾ,ਸਰਪੰਚ ਮਨੋਹਰ ਲਾਲ ਖਮੇੜਾ,ਰਜਨੀਸ਼ ਜੋਸ਼ੀ, ਹਰੀ ਓਮ ਗੌਤਮ,ਮਨੀਸ਼ ਕੌਸ਼ਲ, ਅਖਿਲ ਕੌਸ਼ਲ, ਅਮਿਤ ਬਰਾਰੀ, ਹਰਮਨਜੀਤ ਸਿੰਘ ਪ੍ਰਿੰਸ, ਕੁਲਵੰਤ ਸਿੰਘ ਬਾਠ,ਸੁਰਿੰਦਰ ਸਿੰਘ, ਪਿੰਕੀ ਸੋਨੀ, ਹਰਸ਼ਿਤ ਜੋਸ਼ੀ, ਮੁਨੀਸ਼ ਨੱਡਾ, ਕੇ ਕੇ ਸੂਦ, ਧਰਮ ਪਾਲ, ਡਾ. ਅੱਛਰ ਸ਼ਰਮਾ, ਸ਼ਾਮ ਸੁੰਦਰ ਪਰਾਸ਼ਰ, ਗਿਰਜਾ ਸ਼ੰਕਰ,ਅਨਿਲ ਸ਼ਰਮਾ, ਉਕਾਂਰ ਸਿੰਘ ਬੇਦੀ, ਤਿਲਕ ਰਾਜ ਲੱਕੀ, ਰਵਿੰਦਰ ਸਿੰਘ,ਰਵੀ ਹੰਸ ਆਦਿ ਸ਼ਾਮਲ ਹਨ।

# ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਦੇ ਜਸ਼ਨਾਂ ਵਿੱਚ ਸ਼ਾਮਲ ਹੋਣ ਲਈ ਚਰਨਜੀਤ ਸਿੰਘ ਚੰਨੀ ਨੂੰ ਸੱਦਾ



**ਜਲੰਧਰ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਰਵਿਦਾਸ ਧਾਮ ਬੂਟਾ ਮੰਡੀ ਜਲੰਧਰ ਦੀ ਟੀਮ ਵਲੋਂ ਚੇਅਰਮੈਨ ਸੇਠ ਸਤਪਾਲ, ਪ੍ਰਧਾਨ ਹਰਦਿਆਲ ਬੰਗੜ ਦੀ ਅਗਵਾਈ ਵਿੱਚ ਪ੍ਰਬੰਧਕਾਂ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ 647ਵੇਂ ਪ੍ਰਕਾਸ਼ ਉਤਸਵ ਦੇ ਜਸ਼ਨਾਂ ਵਿੱਚ ਸ਼ਾਮਲ ਹੋਣ ਲਈ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੂੰ ਉਨ੍ਹਾਂ ਦੇ ਖਰੜ ਨਿਵਾਸ ਸਥਾਨ ਵਿਖੇ ਸੱਦਾ ਪੱਤਰ ਦਿੱਤਾ।

ਪ੍ਰਬੰਧਕਾਂ ਵਲੋਂ ਸ. ਚਰਨਜੀਤ ਸਿੰਘ ਚੰਨੀ ਨੂੰ ਤਿੰਨੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਸੱਦਾ ਦੇਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਬੇਨਤੀ ਕੀਤੀ। ਸ. ਚਰਨਜੀਤ ਸਿੰਘ ਚੰਨੀ ਵਲੋਂ ਸਾਰੇ ਪ੍ਰਬੰਧਕਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਸੋਸ਼ਲ ਮੀਡੀਆ ’ਤੇ ਦਿੱਤੀ ਜਾਣਕਾਰੀ



**ਅੰਮ੍ਰਿਤਸਰ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਸ਼ਟਰ ਸਰਕਾਰ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਨਾਲ ਸਬੰਧਤ ਐਕਟ ਵਿੱਚ ਕੀਤੀ ਸੋਧ ਦਾ ਮਾਮਲਾ ਹਾਲ ਦੀ ਘੜੀ ਰੋਕ ਦਿੱਤਾ ਗਿਆ ਹੈ। ਮਹਾਰਾਸ਼ਟਰ ਸਰਕਾਰ ਦੇ ਉਪ ਮੁੱਖ ਮੰਤਰੀ ਦੇਵਿੰਦਰ ਫੜਨਵੀਸ ਨੇ ਇਸ ਦਾ ਖੁਲਾਸਾ ਕੀਤਾ ਹੈ।

ਉਨ੍ਹਾਂ ਇਸ ਸਬੰਧੀ ਆਪਣੇ ਸੋਸ਼ਲ ਮੀਡੀਆ ਅਕਾਊਂਟ ’ਤੇ ਲਿਖਿਆ ਕਿ 5 ਫਰਵਰੀ ਨੂੰ ਮਹਾਰਾਸ਼ਟਰ ਦੀ ਕੈਬਨਿਟ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਸਬੰਧੀ ਕੀਤੇ ਫ਼ੈਸਲੇ ਨੂੰ ਫਿਲਹਾਲ ਰੋਕ ਦਿੱਤਾ ਗਿਆ ਹੈ। ਫੈਸਲਾ ਕੀਤਾ ਗਿਆ ਹੈ ਕਿ ਇਸ ਮਾਮਲੇ ਸਬੰਧੀ ਪਹਿਲਾਂ ਇੱਕ ਸਬ-ਕਮੇਟੀ ਬਣਾਈ ਜਾਵੇਗੀ ਜੋ ਵੱਖ-ਵੱਖ ਸਬੰਧਤ ਧਿਰਾਂ ਨਾਲ ਵਿਚਾਰ-ਚਰਚਾ ਕਰੇਗੀ। ਫਿਰ ਫ਼ੈਸਲਾ ਲਿਆ ਜਾਵੇਗਾ। ਇਸ ਦੀ ਪੁਸ਼ਟੀ ਭਾਜਪਾ ਦੇ ਕੌਮੀ ਬੁਲਾਰੇ ਆਰ ਪੀ ਸਿੰਘ ਨੇ ਵੀ ਕੀਤੀ ਹੈ।

ਉਨ੍ਹਾਂ ਆਪਣੇ ਸੋਸ਼ਲ ਮੀਡੀਆ ਅਕਾਊਂਟ ’ਤੇ ਲਿਖਿਆ ਕਿ ਇਸ ਸਬੰਧੀ ਉਪ ਮੁੱਖ ਮੰਤਰੀ ਨਾਲ ਗੱਲਬਾਤ ਹੋਈ ਹੈ ਜਿਨ੍ਹਾਂ ਨੇ ਦੱਸਿਆ ਕਿ ਨਾਂਦੇੜ ਸਾਹਿਬ ਗੁਰਦੁਆਰਾ ਸੋਧ ਬਿਲ ਨੂੰ ਫਿਲਹਾਲ ਰੋਕ ਦਿੱਤਾ ਗਿਆ। ਇਸ ਬਾਰੇ ਪਹਿਲਾਂ ਵਿਸਥਾਰ ਵਿੱਚ ਚਰਚਾ ਮਗਰੋਂ ਕੋਈ ਫ਼ੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਨੇ ਇਹ ਵੀ ਸਪਸ਼ਟ ਕੀਤਾ ਕਿ ਉਨ੍ਹਾਂ ਦਾ ਗੁਰਦੁਆਰਾ ਪ੍ਰਬੰਧ ’ਤੇ ਕਬਜ਼ਾ ਕਰਨ ਦਾ ਕੋਈ ਇਰਾਦਾ ਨਹੀਂ।

ਦੱਸਣਯੋਗ ਹੈ ਕਿ 5 ਫਰਵਰੀ ਨੂੰ ਮਹਾਰਾਸ਼ਟਰ ਸਰਕਾਰ ਵੱਲੋਂ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਬੋਰਡ ਐਕਟ 1956 ਵਿੱਚ ਸੋਧ ਕੀਤੀ ਗਈ ਸੀ। ਇਸ ਤਹਿਤ ਸੂਬਾ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣ ਵਾਲੇ ਬੋਰਡ ਦੇ ਮੈਂਬਰਾਂ ਦੀ ਗਿਣਤੀ ਵਧਾ ਕੇ 12 ਕਰ ਦਿੱਤੀ ਗਈ ਸੀ।

ਇਸ ਬਿੱਲ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਵੀ ਚਾਰ ਤੋਂ ਘਟਾ ਕੇ ਦੋ ਕਰ ਦਿੱਤੀ ਸੀ। ਇਸੇ ਤਰ੍ਹਾਂ ਚੀਫ ਖਾਲਸਾ ਦੀਵਾਨ ਅਤੇ ਨਾਂਦੇੜ ਦੀ ਸਿੱਖ ਜਥੇਬੰਦੀ ਦੀ ਨਾਮਜਦਗੀ ਖਤਮ ਕਰ ਦਿੱਤੀ ਗਈ ਸੀ।ਸਰਕਾਰ ਦੇ ਇਸ ਫੈਸਲੇ ਦਾ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਸਿੰਘ ਸਾਹਿਬਾਨ, ਸੰਗਤ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ।

# ਖਹਿਰਾ ਨਾਜਾਇਜ਼ ਖਣਨ ਖ਼ਿਲਾ.ਫ ਲੱਗੇ ਧਰਨੇ ਵਿੱਚ ਪੁੱਜੇ



**ਜਗਰਾਉਂ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਵਿਧਾਇਕ ਅਤੇ ਕਿਸਾਨ ਵਿੰਗ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਅੱਜ ਸਤਲੁਜ ਦਰਿਆ ਕੰਢੇ ਸਥਿਤ ਬੇਟ ਇਲਾਕੇ ਦੇ ਪਿੰਡ ਅੱਕੂਵਾਲ ’ਚ ਨਾਜਾਇਜ਼ ਖਣਨ ਦੇ ਮੁੱਦੇ ’ਤੇ ਧਰਨਾ ਦੇ ਰਹੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਅੱਕੂਵਾਲ, ਭੈਣੀ ਗੁੱਜਰਾਂ ਤੇ ਗੱਗ ਕਲਾਂ ਦੇ ਲੋਕ ਪਿਛਲੇ ਪੰਜ ਦਿਨਾਂ ਤੋਂ ਨਾਜਾਇਜ਼ ਖਣਨ ਖ਼ਿਲਾ.ਫ ਧਰਨਾ ਦੇ ਰਹੇ ਹਨ, ਜਿਸ ਬਾਰੇ ਜਾਣਕਾਰੀ ਮਿਲਣ ’ਤੇ ਕਾਂਗਰਸ ਦੇ ਵਿਧਾਇਕ ਅਤੇ ਕਿਸਾਨ ਵਿੰਗ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਅੱਜ ਪਿੰਡ ਅੱਕੂਵਾਲ ਪਹੁੰਚੇ।

ਧਰਨੇ ’ਚ ਸ਼ਾਮਲ ਪਿੰਡ ਵਾਸੀਆਂ ਨਾਲ ਗੱਲਬਾਤ ਕਰਨ ਮਗਰੋਂ ਸ੍ਰੀ ਖਹਿਰਾ ਨੇ ਮੌਕੇ ’ਤੇ ਇਕੱਤਰ ਲੋਕਾਂ ਦੀ ਕਚਹਿਰੀ ਸ਼ੁਰੂ ਕਰ ਦਿੱਤੀ ਤੇ ਮੋਹਤਬਰਾਂ ਨੂੰ ਇਕ-ਇਕ ਕਰਕੇ ਆਪਣੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਦੱਸਣ ਲਈ ਕਿਹਾ। ਇਕੱਠ ’ਚ ਸ਼ਾਮਲ ਲੋਕਾਂ ਨੇ ਨੌਂ ਫੁੱਟ ਚੌੜੀ ਸੜਕ ਤੋਂ ਅੱਠ ਫੁੱਟੇ ਟਿੱਪਰ ਦਿਨ-ਰਾਤ ਲੰਘਣ ਦੀ ਸਮੱਸਿਆ ਦੱਸੀ ਅਤੇ ਇਸ ਕਾਰਨ ਵਾਪਰਨ ਵਾਲੇ ਹਾਦਸਿਆਂ ਤੇ ਹੋਰ ਨੁਕਸਾਨ ਤੋਂ ਵੀ ਜਾਣੂ ਕਰਵਾਇਆ।

ਇਸ ਮੌਕੇ ਸੁਖਪਾਲ ਖਹਿਰਾ ਨੇ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਨਿਸ਼ਾਨਾ ਸੇਧਦਿਆਂ ਸਵਾਲ ਕੀਤਾ ਕਿ ਰੇਤਾ ’ਚੋਂ ਵੀਹ ਹਜ਼ਾਰ ਕਰੋੜ ਕਮਾਉਣ ਵਾਲਾ ਫਾਰਮੂਲਾ ਹੁਣ ਕਿੱਥੇ ਗਿਆ? ਉਨ੍ਹਾਂ ਸਵਾਲ ਕੀਤਾ ਕਿ ਹਜ਼ਾਰਾਂ ਕਰੋੜਾਂ ਦੀ ਇਹ ਰਕਮ ਆਖਰ ਕਿੱਥੇ ਜਾ ਰਹੀ ਹੈ। ਉਨ੍ਹਾਂ ਵਿਧਾਇਕਾ ਮਾਣੂੰਕੇ ਨਾਲ ਸਬੰਧਤ ਕੋਠੀ ਵਾਲੇ ਮਾਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਨੂੰ ਅਜਿਹੇ ਮਾਮਲਿਆਂ ’ਚ ਸ਼ਾਮਲ ਆਪਣੇ ਵਿਧਾਇਕਾਂ ਦੀ ਜਾਂਚ ਕਰਵਾਉਣ ਚਾਹੀਦੀ ਹੈ। ਇਸ ਮੌਕੇ ਕੈਪਟਨ ਸੰਦੀਪ ਸੰਧੂ ਤੇ ਸਾਬਕਾ ਚੇਅਰਮੈਨ ਸੁਰਿੰਦਰ ਸਿੰਘ ਟੀਟੂ ਠੇਕੇਦਾਰ ਵੀ ਮੌਜੂਦ ਸਨ।

# ਨਵਜੋਤ ਸਿੱਧੂ ਨੇ ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ



**ਪਟਿਆਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਸ਼ੰਭੂ ਤੇ ਖਨੌਰੀ ਬਾਰਡਰ ’ਤੇ ਭਾਜਪਾ ਸਰਕਾਰ ਵੱਲੋਂ ਕਿਸਾਨਾਂ ’ਤੇ ਕੀਤੇ ਜਾ ਰਹੇ ਤਸ਼ੱਦਦ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਪੰਜਾਬ ਸਰਕਾਰ ਨੂੰ ਕਿਸਾਨਾਂ ਦੀ ਰੱਖਿਆ ਕਰਨੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੀ ਪੱਗ ਨੂੰ ਬਚਾਇਆ ਜਾ ਸਕੇ। ਨਵਜੋਤ ਸਿੱਧੂ ਨੇ ਸੋਸ਼ਲ ਮੀਡੀਆ ’ਤੇ ਭਗਵੰਤ ਮਾਨ ਨੂੰ ਲਿਖਿਆ ਕਿ ਆਪਣੇ ਇਲਾਕੇ ਦੀ ਰਾਖੀ ਕਰੋ, ਤੁਹਾਡੇ ਇਲਾਕੇ ਵਿਚ ਦੂਜੇ ਸੂਬੇ ਦੀ ਪੁਲੀਸ ਨਿਹੱਥੇ ਤੇ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨਾਂ ’ਤੇ ਤਸ਼ੱਦਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ’ਤੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਜ਼ਖ਼ਮੀ ਕਰਨ ਦੀਆਂ ਹਰਿਆਣਾ ਦੀਆਂ ਕੋਸ਼ਿਸ਼ਾਂ ਨੂੰ ਅਸਫ਼ਲ ਕਰਨਾ ਚਾਹੀਦਾ ਹੈ। ਮਮਤਾ ਬੈਨਰਜੀ ਵਾਂਗ ਸਾਨੂੰ ਸੰਘੀ ਢਾਂਚੇ ਦੀ ਰਾਖੀ ਕਰਨੀ ਚਾਹੀਦੀ ਹੈ। ਉਨ੍ਹਾਂ ਉਦਾਹਰਣ ਦਿੱਤੀ ਕਿ ਜਦੋਂ ਸੀਬੀਆਈ ਅਧਿਕਾਰੀ ਬੰਗਾਲ ਪਹੁੰਚੇ ਤਾਂ ਉਨ੍ਹਾਂ ਨੇ ਅਧਿਕਾਰੀਆਂ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ।

# ਅਲਾਇੰਸ ਏਅਰ ਨੇ ਚੰਡੀਗੜ੍ਹ ਤੋਂ ਦਿੱਲੀ ਤੱਕ ਵਾਧੂ ਉਡਾਣ ਸ਼ੁਰੂ ਕੀਤੀ



**ਮੁਹਾਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਜਥੇਬੰਦੀਆਂ ਵੱਲੋਂ ‘ਦਿੱਲੀ ਚੱਲੋ’ ਦੇ ਦਿੱਤੇ ਗਏ ਸੱਦੇ ਤਹਿਤ ਸ਼ੁਰੂ ਹੋਏ ਅੰਦੋਲਨ ਕਾਰਨ ਚਡੀਗੜ੍ਹ ਤੋਂ ਅੰਬਾਲਾ ਤੱਕ ਬੰਦ ਹੋਈ ਸੜਕੀ ਆਵਾਜਾਈ ਦੇ ਮੱਦੇਨਜ਼ਰ ਅਲਾਇੰਸ ਏਅਰ ਨੇ ਚੰਡੀਗੜ੍ਹ ਤੋਂ ਦਿੱਲੀ ਅਤੇ ਦਿੱਲੀ ਤੋਂ ਚੰਡੀਗੜ੍ਹ ਤੱਕ ਵਾਧੂ ਉਡਾਣ ਸ਼ੁਰੂ ਕਰ ਦਿੱਤੀ ਹੈ। ਇਹ ਫੈਸਲਾ 13 ਫਰਵਰੀ ਤੋਂ 18 ਫਰਵਰੀ ਤੱਕ ਦਿੱਲੀ ਜਾਣ ਵਾਲੇ ਮੁਸਾਫ਼ਰਾਂ ਦੀ ਵਧੀ ਗਿਣਤੀ ਕਰ ਕੇ ਲਿਆ ਗਿਆ ਹੈ। ਇਹ ਉਡਾਣ ਦਿੱਲੀ ਤੋਂ ਚੰਡੀਗੜ੍ਹ ਲਈ ਰਾਤ ਨੂੰ 9.15 ਵਜੇ ਅਤੇ ਚੰਡੀਗੜ੍ਹ ਤੋਂ ਦਿੱਲੀ ਲਈ ਰਾਤ ਨੂੰ 9.45 ਵਜੇ ਰਵਾਨਾ ਹੋਵੇਗੀ। ਪਿਛਲੇ ਦੋ ਦਿਨਾਂ ਵਿੱਚ ਦਿੱਲੀ ਤੱਕ ਦੇ ਕਿਰਾਏ ਵਿੱਚ ਪੰਜ ਗੁਣਾ ਵਾਧਾ ਹੋ ਗਿਆ ਹੈ।

# ਸਿਲੰਡਰ ਫਟਣ ਕਾਰਨ ਦੋ ਬੱਚਿਆਂ ਸਣੇ ਸੱਤ ਝੁਲਸੇ

**ਲੁਧਿਆਣਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਦੇ ਕੰਗਣਵਾਲ ’ਚ ਬੀਤੀ ਦੇਰ ਰਾਤ ਸਰਸਵਤੀ ਪੂਜਾ ਸਮਾਗਮ ਦੌਰਾਨ ਇੱਕ ਸਿਲੰਡਰ ਫਟ ਗਿਆ। ਇਸ ਹਾਦਸੇ ਵਿੱਚ ਸੱਤ ਜਣੇ ਝੁਲਸ ਗਏ ਹਨ ਜਿਨ੍ਹਾਂ ਵਿੱਚ ਦੋ ਬੱਚੇ ਵੀ ਸ਼ਾਮਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਜ਼ਖ਼ਮੀ ਹੋਏ ਬੱਚਿਆਂ ਸਣੇ ਇੱਕ ਵਿਅਕਤੀ ਨੂੰ ਸਿਵਲ ਹਸਪਤਾਲ ’ਚ ਭਰਤੀ ਕਰਵਾਇਆ ਗਿਆ ਹੈ। ਡਾਕਟਰਾਂ ਨੇ ਬੱਚਿਆਂ ਦੀ ਹਾਲਤ ਗੰਭੀਰ ਦੇਖ ਕੇ ਉਨ੍ਹਾਂ ਨੂੰ ਪੀਜੀਆਈ ਰੈਫ਼ਰ ਕਰ ਦਿੱਤਾ ਹੈ। ਇਨ੍ਹਾਂ ਦੀ ਪਛਾਣ ਸਾਹਿਲ (10), ਸਾਕਸ਼ੀ (11) ਤੇ ਪਵਨ ਕੁਮਾਰ (29) ਵਜੋਂ ਹੋਈ ਹੈ, ਜਦਕਿ ਬਾਕੀ ਚਾਰ ਜ਼ਖ਼ਮੀਆ ਦੀ ਪਛਾਣ ਨਹੀਂ ਹੋ ਸਕੀ ਹੈ। ਥਾਣਾ ਸਾਹਨੇਵਾਲ ਪੁਲੀਸ ਨੇ ਮੌਕੇ ’ਤੇ ਪਹੁੰਚ ਕੇ ਜਾਂਚ ਆਰੰਭ ਦਿੱਤੀ ਹੈ। ਜ਼ਖ਼ਮੀ ਸਾਹਿਲ ਦੇ ਪਿਤਾ ਸਿੰਗਮ ਰਾਜ ਪਾਂਡੇ ਨੇ ਦੱਸਿਆ ਕਿ ਧਮਾਕਾ ਹੋਣ ਕਾਰਨ ਇਮਾਰਤ ਦੀਆਂ ਕੰਧਾਂ ’ਤੇ ਤਰੇੜਾਂ ਆ ਗਈਆਂ ਹਨ। ਧਮਾਕੇ ਮਗਰੋਂ ਅੱਗ ਦੀਆਂ ਲਪਟਾਂ ਕਾਫ਼ੀ ਦੂਰ ਤੱਕ ਫੈਲ ਗਈਆਂ ਸਨ ਜਿਸ ਕਰਕੇ ਇਲਾਕਾ ਵਾਸੀਆਂ ਵਿੱਚ ਹਾਲੇ ਵੀ ਸਹਿਮ ਹੈ।

# ਫਰੀਦਕੋਟ ’ਚ ਦਾਖ਼ਲ ਹੋਣ ਤੋਂ ਪਹਿਲਾਂ ‘ਪੰਜਾਬ ਬਚਾਓ’ ਯਾਤਰਾ ਨੂੰ ਬਰੇਕ ਲੱਗੀ



**ਫ਼ਰੀਦਕੋਟ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਸ਼ੁਰੂ ਕੀਤੀ ‘ਪੰਜਾਬ ਬਚਾਓ’ ਯਾਤਰਾ ਭਲਕੇ ਵੀਰਵਾਰ ਨੂੰ ਫਰੀਦਕੋਟ ਪੁੱਜਣੀ ਸੀ ਪਰੰਤੂ ਐਨ ਮੌਕੇ ’ਤੇ ਅਕਾਲੀ ਦਲ ਨੇ ਇਹ ਯਾਤਰਾ ਰੱਦ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਕਿਸਾਨ ਅੰਦੋਲਨ ਸ਼ੁਰੂ ਹੋਣ ਅਤੇ ਇੱਕ ਦਿਨ ਪਹਿਲਾਂ ਹੀ ਬਸਪਾ ਨਾਲ ਤੋੜ ਵਿਛੋੜਾ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਨੇ ਪੰਜਾਬ ਬਚਾਓ ਯਾਤਰਾ ਰੋਕਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਦੀਆਂ ਕੇਂਦਰ ਸਰਕਾਰ ਵੱਲੋਂ 26 ਜਨਵਰੀ ਤੇ ਰੱਦ ਕੀਤੀਆਂ ਗਈਆਂ ਝਾਕੀਆਂ 18 ਫਰਵਰੀ ਨੂੰ ਫਰੀਦਕੋਟ ਪੁੱਜ ਰਹੀਆਂ ਹਨ ਇਸ ਕਰਕੇ ਵੀ ਰੈਲੀ ਰੋਕੀ ਗਈ ਹੈ।

ਪੰਜਾਬ ਸਰਕਾਰ ਦੀਆਂ ਝਾਕੀਆਂ ਸਵੇਰੇ 10 ਵਜੇ ਤੋਂ ਲੈ ਕੇ 3 ਵਜੇ ਸਾਰੇ ਜ਼ਿਲ੍ਹੇ ਵਿੱਚੋਂ ਗੁਜ਼ਰਨਗੀਆਂ ਅਤੇ ਇਸੇ ਸਮੇਂ ਦੌਰਾਨ ਹੀ ਅਕਾਲੀ ਦਲ ਦੀ ਪੰਜਾਬ ਬਚਾਓ ਯਾਤਰਾ ਫਰੀਦਕੋਟ ਵਿੱਚੋਂ ਲੰਘਣੀ ਸੀ। ਦਿੱਲੀ ਚੱਲੋ ਅੰਦੋਲਨ ਦੀ ਅਗਵਾਈ ਕਰ ਰਹੇ ਜਗਜੀਤ ਸਿੰਘ ਡੱਲੇਵਾਲਾ ਫਰੀਦਕੋਟ ਜ਼ਿਲ੍ਹੇ ਨਾਲ ਸਬੰਧਤ ਹਨ ਅਤੇ ਅਕਾਲੀਆਂ ਦੀ ਪੰਜਾਬ ਬਚਾਓ ਯਾਤਰਾ ਵੀ ਡੱਲੇਵਾਲ ਪਿੰਡ ਕੋਲੋਂ ਹੀ ਸ਼ੁਰੂ ਹੋਣੀ ਸੀ। ਵੱਡੀ ਪੱਧਰ ’ਤੇ ਕਿਸਾਨ ਦਿੱਲੀ ਗਏ ਹੋਏ ਹਨ ਅਤੇ ਬਾਕੀ ਕਿਸਾਨ ਧਿਰਾਂ 18 ਫਰਵਰੀ ਨੂੰ ਭਾਰਤ ਬੰਦ ਲਈ ਇਲਾਕੇ ਵਿੱਚ ਵੱਡੀ ਪੱਧਰ ਤੇ ਸਰਗਰਮੀਆਂ ਕਰ ਰਹੇ ਹਨ। ਬਹੁਜਨ ਸਮਾਜ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਬਖ਼ਸ਼ ਸਿੰਘ ਚੌਹਾਨ ਨੇ ਕਿਹਾ ਕਿ ਅਕਾਲੀ ਦਲ ਪਿਛਲੇ ਇੱਕ ਹਫ਼ਤੇ ਤੋਂ ਉਨ੍ਹਾਂ ਨੂੰ ਪੰਜਾਬ ਬਚਾਓ ਯਾਤਰਾ ਸ਼ਾਮਿਲ ਹੋਣ ਲਈ ਦਬਾਅ ਬਣਾ ਰਿਹਾ ਸੀ ਪਰੰਤੂ ਹੁਣ ਉਹਨਾਂ ਦਾ ਸਮਝੌਤਾ ਅਕਾਲੀ ਦਲ ਨਾਲੋਂ ਟੁੱਟ ਗਿਆ ਹੈ ਅਤੇ ਉਹਨਾਂ ਦੇ ਜਵਾਬ ਤੋਂ ਬਾਅਦ ਅਕਾਲੀ ਦਲ ਵੱਲੋਂ ਆਪਣੀ ਯਾਤਰਾ ਰੱਦ ਕਰ ਦਿੱਤੀ ਗਈ ਹੈ।

‘ਆਪ’ ਦੇ ਸੂਬਾ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਨੇ ਕਿਹਾ ਕਿ ਪਾਰਟੀ ਦੇਸ਼ ਦੇ ਕਿਸਾਨਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤਮਾਸ਼ਬੀਨ ਬਣੀ ਹੋਈ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਿਸਾਨਾਂ ਦੇ ਅੰਦੋਲਨ ਨੂੰ ਲੈ ਕੇ ‘ਪੰਜਾਬ ਬਚਾਓ’ ਯਾਤਰਾ ਮੁਲਤਵੀ ਕਰਨ ਅਤੇ ਕੋਰ ਕਮੇਟੀ ਦੀ ਮੀਟਿੰਗ ਬੁਲਾਉਣ ਨੂੰ ਸਿਰੇ ਦੀ ਡਰਾਮੇਬਾਜ਼ੀ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇੱਕ ਪਾਸੇ ਭਾਜਪਾ ਨਾਲ ਸਿਆਸੀ ਗੱਠਜੋੜ ਕਰਨ ਲਈ ਅਕਾਲੀ ਦਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਜਦਿਕ ਦੂਜੇ ਪਾਸੇ ਕਿਸਾਨਾਂ ਨੂੰ ਭਰਮਾਉਣ ਲਈ ਅਜਿਹੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

# ਖੇਤੀ ਨੀਤੀ ਲਈ ਵਿਦੇਸ਼ੀ ਕੰਪਨੀ ਨੂੰ ਪੈਸੇ ਲੁਟਾਉਣਾ ਮੰਦਭਾਗਾ: ਉਗਰਾਹਾਂ



**ਮੋਗਾ,18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਅੱਜ ਇੱਥੇ ਬੱਧਨੀ ਕਲਾਂ ਵਿੱਚ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਵਿਚ ਮੰਨੇ-ਪ੍ਰਮੰਨੇ ਖੇਤੀ ਮਾਹਿਰ ਹੋਣ ਬਾਵਜੂਦ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਖੇਤੀ ਨੀਤੀ ਬਣਾਉਣ ਲਈ ਵਿਦੇਸ਼ੀ ਕੰਪਨੀ ਨੂੰ ਸਾਢੇ ਛੇ ਕਰੋੜ ਰੁਪਏ ਲੁਟਾਉਣਾ ਮੰਦਭਾਗਾ ਹੈ। ਇਸ ਦੌਰਾਨ ਉਨ੍ਹਾਂ 18 ਫਰਵਰੀ ਨੂੰ ‘ਭਾਰਤ ਬੰਦ’ ਅਤੇ 24 ਫਰਵਰੀ ਨੂੰ ਚੰਡੀਗੜ੍ਹ ਪੱਕੇ ਮੋਰਚੇ ਲਈ ਵੀ ਵਿਉਂਤਬੰਦੀ ਕੀਤੀ।

ਉਗਰਾਹਾਂ ਨੇ ਕਿਹਾ ਕਿ ਖੇਤੀ ਖੇਤਰ ਨੂੰ ਵਿਸ਼ਵ ਬੈਂਕ ਅਤੇ ਕਾਰਪੋਰੇਟ ਘਰਾਣਿਆਂ ਦੇ ਪੰਜੇ ’ਚੋਂ ਮੁਕਤ ਕਰਵਾਉਣ ਲਈ ਕਿਸਾਨ ਪੱਖੀ ਨਵੀਂ ਖੇਤੀ ਨੀਤੀ ਲਿਆਂਦੀ ਜਾਣੀ ਚਾਹੀਦੀ ਹੈ। ਉਨ੍ਹਾਂ ਨਵੀਂ ਖੇਤੀ ਨੀਤੀ ਲਈ ਇੱਕ ਅਮਰੀਕੀ ਕੰਪਨੀ ਨੂੰ ਸਲਾਹਕਾਰੀ ਠੇਕਾ ਦੇਣ ਦੇ ਫ਼ੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਕੰਮ ਤਾਂ ਸੂਬੇ ਦੇ ਖੇਤੀ ਮਾਹਿਰ ਵੀ ਕਰ ਸਕਦੇ ਹਨ। ਉਹ ਪੰਜਾਬ ਦੀ ਕਿਸਾਨੀ ਬਾਰੇ ਜ਼ਮੀਨੀ ਪੱਧਰ ’ਤੇ ਜਾਣੂ ਹਨ।

ਇਹ ਫ਼ੈਸਲਾ ਨਵੀਂ ਖੇਤੀ ਨੀਤੀ ਬਣਾਉਣ ਪ੍ਰਤੀ ਸਰਕਾਰੀ ਬੇਰੁਖੀ ਅਤੇ ਕਾਰਪੋਰੇਟ ਪੱਖੀ ਪਹੁੰਚ ਨੂੰ ਜ਼ਾਹਰ ਕਰਦਾ ਹੈ। ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਨੇ ਕਿਹਾ ਕਿ ‘ਦੱਬ ਕੇ ਵਾਹ ਤੇ ਰੱਜ ਕੇ ਖਾ’ ਕਹਾਵਤ ਪੰਜਾਬੀ ਕਿਸਾਨੀ ਦੀ ਮੁਸ਼ੱਕਤ ਅਤੇ ਉਸ ਦੇ ਸਿੱਟੇ ਵਜੋਂ ਉਪਜਣ ਵਾਲੀ ਖੁਸ਼ਹਾਲੀ ਦੀ ਪ੍ਰਤੀਕ ਹੈ ਪਰ ਅਜੋਕੇ ਦੌਰ ਦੀ ਸੱਚਾਈ ਇਸ ਨਾਲ ਮੇਲ ਨਹੀਂ ਖਾਂਦੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਖੇਤੀ ਨੀਤੀ ਜਲਦ ਜਾਰੀ ਨਾ ਕੀਤੀ ਗਈ ਤਾਂ ਜਥੇਬੰਦੀ ਸੰਘਰਸ਼ ਕਰੇਗੀ ਅਤੇ ਲੋਕ ਪੱਖੀ ਨੀਤੀ ਬਣਾਉਣ ਲਈ ਜਨਤਕ ਲਾਮਬੰਦੀ ਸ਼ੁਰੂ ਕਰੇਗੀ।

# ਗੁਰਦਾਸਪੁਰ-ਮੁਕੇਰੀਆਂ ਸੜਕ ’ਤੇ ਤਿੰਨ ਵਾਹਨਾਂ ਵਿਚਾਲੇ ਟੱਕਰ



**ਗੁਰਦਾਸਪੁਰ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦਾਸਪੁਰ-ਮੁਕੇਰੀਆਂ ਰੋਡ ਸਥਿਤ ਪਿੰਡ ਚਾਵਾ ਨੇੜੇ ਅੱਜ ਸਵੇਰੇ ਇੱਕ ਥਾਰ, ਟਿੱਪਰ ਅਤੇ ਰੋਡਵੇਜ਼ ਦੀ ਬੱਸ ਵਿਚਾਲੇ ਟੱਕਰ ਵਿੱਚ ਥਾਰ ’ਚ ਜਾ ਰਹੇ ਪਿਓ-ਪੁੱਤ ਗੰਭੀਰ ਜ਼ਖ਼ਮੀ ਹੋ ਗਏ ਜਦੋਂ ਕਿ ਬੱਸ ਵਿੱਚ ਸਵਾਰ ਯਾਤਰੀਆਂ ਦਾ ਵਾਲ-ਵਾਲ ਬਚਾਅ ਹੋ ਗਿਆ। ਟਿੱਪਰ ਚਾਲਕ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਜਾਣਕਾਰੀ ਅਨੁਸਾਰ ਜ਼ਖ਼ਮੀ ਪਿਓ-ਪੁੱਤਰ ਦੀ ਪਛਾਣ ਜਸ਼ਨਪ੍ਰੀਤ ਸਿੰਘ ਪੁੱਤਰ ਇੰਦਰਜੀਤ ਸਿੰਘ ਅਤੇ ਇੰਦਰਜੀਤ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਚੱਕ ਸ਼ਰੀਫ਼ ਵਜੋਂ ਹੋਈ ਹੈ। ਦੋਵਾਂ ਨੂੰ ਗੁਰਦਾਸਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਇੰਦਰਜੀਤ ਸਿੰਘ ਅਮਰੀਕਾ ਵਿੱਚ ਰਹਿੰਦਾ ਹੈ ਅਤੇ ਬੀਤੀ ਇੱਕ ਜਨਵਰੀ ਨੂੰ ਹੀ ਭਾਰਤ ਪਰਤਿਆ ਸੀ। ਉਹ ਆਪਣੇ ਲੜਕੇ ਜਸ਼ਨਪ੍ਰੀਤ ਨਾਲ ਕਿਸੇ ਨਿੱਜੀ ਕੰਮ ਲਈ ਥਾਰ ’ਚ ਗੁਰਦਾਸਪੁਰ ਆ ਰਿਹਾ ਸੀ। ਜਦੋਂ ਇਹ ਲੋਕ ਪਿੰਡ ਚਾਵਾ ਨੇੜੇ ਅੱਗੇ ਜਾ ਰਹੇ ਟਿੱਪਰ ਨੂੰ ਓਵਰਟੇਕ ਕਰਨ ਲੱਗੇ ਤਾਂ ਸਾਹਮਣੇ ਤੋਂ ਗੁਰਦਾਸਪੁਰ ਤੋਂ ਹੁਸ਼ਿਆਰਪੁਰ ਜਾ ਰਹੀ ਰੋਡਵੇਜ਼ ਦੀ ਬੱਸ ਆ ਗਈ, ਜਿਸ ਕਾਰਨ ਦੋਵਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ।

ਟੱਕਰ ਨਾਲ ਥਾਰ ਪਲਟ ਗਈ ਅਤੇ ਪਿੱਛੋਂ ਆ ਰਹੇ ਟਿੱਪਰ ਨਾਲ ਟਕਰਾ ਗਈ। ਇਸ ਕਾਰਨ ਜਿੱਥੇ ਥਾਰ ਵਿੱਚ ਧਮਾਕਾ ਹੋਇਆ, ਉੱਥੇ ਟਿੱਪਰ ਦੇ ਨਾਲ ਰੋਡਵੇਜ਼ ਦੀ ਬੱਸ ਵੀ ਬੁਰੀ ਤਰ੍ਹਾਂ ਨੁਕਸਾਨੀ ਗਈ। ਥਾਣਾ ਪੁਰਾਣਾ ਸ਼ਾਲਾ ਦੇ ਇੰਚਾਰਜ ਸ਼ਸੀਪਾਲ ਸਿੰਘ ਨੇ ਦੱਸਿਆ ਕਿ ਤਿੰਨੋਂ ਵਾਹਨਾਂ ਨੂੰ ਕਬਜ਼ੇ ’ਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਇੱਥੇ ਪਠਾਨਕੋਟ-ਅੰਮ੍ਰਿਤਸਰ ਮਾਰਗ ਉਪਰ ਰਾਧਾ ਸੁਆਮੀ ਸਤਿਸੰਗ ਘਰ ਅੱਗੇ ਇਕ ਬਰੇਜ਼ਾ ਕਾਰ ਅਤੇ ਟਰੱਕ ਦਰਮਿਆਨ ਟੱਕਰ ਵਿੱਚ ਕਾਰ ਸਵਾਰ ਫੌਜੀ ਨੌਜਵਾਨ ਜ਼ਖ਼ਮੀ ਹੋ ਗਿਆ। ਜਾਣਕਾਰੀ ਅਨੁਸਾਰ ਹਾਦਸੇ ਦੌਰਾਨ ਜ਼ਖ਼ਮੀ ਹੋਇਆ ਕਾਰ ਚਾਲਕ ਝਿਰਮਲ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਚੰਡੇਰ (ਤਰਨਤਾਰਨ) ਛੁੱਟੀ ਲੈ ਕੇ ਆਪਣੇ ਘਰ ਜਾ ਰਿਹਾ ਸੀ।

ਇੱਥੇ ਦੋ ਸੜਕ ਹਾਦਸਿਆਂ ਵਿੱਚ ਤਿੰਨ ਜਣੇ ਹਲਾਕ ਹੋਏ ਗਏ ਹਨ। ਜਾਣਕਾਰੀ ਅਨੁਸਾਰ ਕੱਲ੍ਹ ਦੇਰ ਸ਼ਾਮ ਤਰਨ ਤਾਰਨ ਦੀ ਖਡੂਰ ਸਾਹਿਬ ਸੜਕ ’ਤੇ ਵਾਪਰੇ ਹਾਦਸੇ ਦੇ ਮ੍ਰਿਤਕਾਂ ਦੀ ਪਛਾਣ ਗੁਰਜੰਟ ਸਿੰਘ (25) ਤੇ ਅਕਾਸ਼ਦੀਪ ਸਿੰਘ (23) ਵਾਸੀਆਨ ਖਡੂਰ ਸਾਹਿਬ ਵਜੋਂ ਹੋਈ ਹੈ। ਇਹ ਦੋਵੇਂ ਮੋਟਰਸਾਈਕਲ ’ਤੇ ਵਾਪਸ ਖਡੂਰ ਸਾਹਿਬ ਜਾ ਰਹੇ ਸਨ। ਇਸ ਦੌਰਾਨ ਕੰਗ ਪਿੰਡ ਦੇ ਨੇੜੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਸਾਹਮਣੇ ਤੋਂ ਤੇਜ਼ ਰਫਤਾਰ ਟਰੈਕਟਰ ਨੇ ਟੱਕਰ ਮਾਰ ਦਿੱਤੀ ਅਤੇ ਦੋਵਾਂ ਮੌਕੇ ’ਤੇ ਹੀ ਮੌਤ ਹੋ ਗਈ। ਗੁਰਜੰਟ ਸਿੰਘ ਦੇ ਪਿਤਾ ਟਹਿਲ ਸਿੰਘ ਨੇ ਦੱਸਿਆ ਕਿ ਮੋਟਰਸਾਈਕਲ ਨੂੰ ਗੁਰਜੰਟ ਚਲਾ ਰਿਹਾ ਸੀ। ਦੋਵੇਂ ਜਣੇ ਦੋਸਤ ਸਨ ਤੇ ਇਨ੍ਹਾਂ ਦੀਆਂ ਪਤਨੀਆਂ ਗਰਭਵਤੀ ਹਨ।

ਇਸ ਸਬੰਧੀ ਥਾਣਾ ਗੋਇੰਦਵਾਲ ਸਾਹਿਬ ਦੇ ਪੁਲੀਸ ਅਧਿਕਾਰੀ ਏਐਸਆਈ ਹਰਪਾਲ ਸਿੰਘ ਨੇ ਦੱਸਿਆ ਕਿ ਟਰੈਕਟਰ ਚਾਲਕ ਜਗਰੂਪ ਸਿੰਘ ਵਾਸੀ ਪਿੰਡ ਕੰਗ ਖਿਲਾ.ਫ਼ ਕੇਸ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਝਬਾਲ ਸੜਕ ’ਤੇ ਹਾਦਸੇ ਦੇ ਮ੍ਰਿਤਕ ਦੀ ਪਛਾਣ ਜਗਨਜੋਤ ਸਿੰਘ (21) ਵਾਸੀ ਝਬਾਲ ਕਲਾਂ ਵਜੋਂ ਹੋਈ ਹੈ। ਪਤਾ ਲੱਗਾ ਹੈ ਕਿ ਜਗਨਜੋਤ ਮੋਟਰਸਾਈਕਲ ’ਤੇ ਤਰਨ ਤਾਰਨ ਤੋਂ ਆਪਣੇ ਘਰ ਝਬਾਲ ਕਲਾਂ ਵਾਪਸ ਜਾ ਰਿਹਾ ਸੀ। ਇਸ ਦੌਰਾਨ ਉਸ ਨੂੰ ਝਬਾਲ ਨੇੜਲੇ ਪਿੰਡ ਬਾਬਾ ਸਿਧਾਣਾ ਲਾਗੇ ਇਕ ਤੇਜ਼ ਰਫਤਾਰ ਟਰੱਕ ਨੇ ਦਰੜ ਦਿੱਤਾ। ਇਸ ਮਗਰੋਂ ਗੰਭੀਰ ਹਾਲਤ ਵਿੱਚ ਤਰਨ ਤਾਰਨ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ ਜਿਥੋਂ ਪਰਿਵਾਰ ਉਸ ਨੂੰ ਅੰਮ੍ਰਿਤਸਰ ਦੇ ਇਕ ਪ੍ਰਾਈਵੇਟ ਹਸਪਤਾਲ ਲੈ ਗਿਆ। ਉਥੇ ਜ਼ੇਰੇ ਇਲਾਜ ਜਗਨਜੋਤ ਸਿੰਘ ਨੇ ਦਮ ਤੋੜ ਦਿੱਤਾ। ਥਾਣਾ ਝਬਾਲ ਪੁਲੀਸ ਨੇ ਦੱਸਿਆ ਕਿ ਟਰੱਕ ਚਾਲਕ ਖ਼ਿਲਾ.ਫ਼ ਕੇਸ ਦਰਜ ਕਰ ਲਿਆ ਹੈ।

# ਕਿਸਾਨ ਅੰਦੋਲਨ ਕਾਰਨ ਹਵਾਈ ਟਿਕਟਾਂ ਅਸਮਾਨੀ ਚੜ੍ਹੀਆਂ




**ਅੰਮ੍ਰਿਤਸਰ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਦੇ ਚੱਲ ਰਹੇ ਸੰਘਰਸ਼ ਕਾਰਨ ਅੰਮ੍ਰਿਤਸਰ-ਦਿੱਲੀ ਸੜਕ ਮਾਰਗ ’ਤੇ ਆਵਾਜਾਈ ਪ੍ਰਭਾਵਿਤ ਹੋਈ ਹੈ। ਇਸ ਕਾਰਨ ਹਵਾਈ ਉਡਾਣਾਂ ਵਿੱਚ ਯਾਤਰੂਆਂ ਦੀ ਗਿਣਤੀ ਵਧ ਗਈ ਤੇ ਹਵਾਈ ਕੰਪਨੀਆਂ ਵੱਲੋਂ ਕਿਰਾਏ ਵਿੱਚ ਵਾਧਾ ਕਰ ਦਿੱਤਾ ਗਿਆ। ਇਸ ਦੌਰਾਨ ਸੜਕ ਮਾਰਗ ਰਾਹੀਂ ਢੋਆ -ਢੁਆਈ ਕਰਨ ਵਾਲੇ ਵਾਹਨਾਂ ਦਾ ਕਿਰਾਇਆ ਵੀ ਵਧਣ ਦੀ ਸੰਭਾਵਨਾ ਹੈ। ਉਧਰ, 18 ਫਰਵਰੀ ਨੂੰ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਰੇਲ ਆਵਾਜਾਈ ਰੋਕਣ ਦਾ ਵੀ ਐਲਾਨ ਕੀਤਾ ਗਿਆ। ਅਜਿਹੀ ਸਥਿਤੀ ਵਿੱਚ ਦਿੱਲੀ ਜਾਣ ਵਾਲੇ ਲੋਕ ਹਵਾਈ ਮਾਰਗ ਨੂੰ ਤਰਜੀਹ ਦੇ ਰਹੇ ਹਨ।

ਉਧਰ, ਹਵਾਈ ਕੰਪਨੀਆਂ ਵੱਲੋਂ ਹਵਾਈ ਉਡਾਣਾਂ ਦਾ ਕਿਰਾਇਆ ਵਧਾ ਦਿੱਤਾ ਗਿਆ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਜਥੇਬੰਦੀ ਨੇ ਦਾਅਵਾ ਕੀਤਾ ਕਿ ਅੰਮ੍ਰਿਤਸਰ-ਦਿੱਲੀ ਦਾ ਕਿਰਾਇਆ ਪਹਿਲਾਂ 3500 ਤੋਂ 4000 ਰੁਪਏ ਤੱਕ ਸੀ , ਜੋ ਹੁਣ ਵਧ ਕੇ 12 ਤੋਂ 30 ਹਜ਼ਾਰ ਰੁਪਏ ਤੱਕ ਪੁੱਜ ਗਿਆ ਹੈ।

# ਮਾਸਟਰ ਕਰਤਾ ਰਾਮ ਸੇਵਕ ਨੂੰ ਸਮਰਪਿਤ ਕੀਤਾ ਸਰਕਾਰੀ ਸਕੂਲ

**ਜੈਤੋ,18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦਾ ਨਾਮ ਆਜ਼ਾਦੀ ਘੁਲਾਟੀਏ ਦੇ ਨਾਂ ’ਤੇ ਤਬਦੀਲ ਕਰਕੇ ‘ਮਾਸਟਰ ਕਰਤਾ ਰਾਮ ਸੇਵਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ’ ਕਰ ਦਿੱਤਾ ਗਿਆ ਹੈ। ਨਵੇਂ ਨਾਮ ਦਾ ਰਸਮੀ ਉਦਘਾਟਨ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦੇਸ਼ ਭਗਤਾਂ ਨੇ ਕੁਰਬਾਨੀਆਂ ਦੇ ਕੇ ਭਾਰਤੀਆਂ ਨੂੰ ਮਹਿੰਗੇ ਮੁੱਲ ਆਜ਼ਾਦੀ ਲੈ ਕੇ ਦਿੱਤੀ ਅਤੇ ਹੁਣ ਦੇਸ਼ ਵਾਸੀਆਂ ਦਾ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੇ ਸੁਪਨਿਆਂ ਦੇ ਭਾਰਤ ਨੂੰ ਹਕੀਕੀ ਰੂਪ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਾਡੀਆਂ ਅਜੋਕੀਆਂ ਨਸਲਾਂ ਖ਼ੁਸ਼ਕਿਸਮਤ ਹਨ ਕਿ ਉਨ੍ਹਾਂ ਦਾ ਜਨਮ ਆਜ਼ਾਦ ਫ਼ਿਜ਼ਾ ਵਿੱਚ ਹੋਇਆ। ਉਨ੍ਹਾਂ ਕਿਹਾ ਕਿ ਸਾਡੀ ਮੁੱਢਲੀ ਡਿਊਟੀ ਬਣਦੀ ਹੈ ਕਿ ਦੇਸ਼ ਦੀ ਜਮਹੂਰੀਅਤ, ਇਸ ਦੀ ਅਖੰਡਤਾ, ਖ਼ੁਸ਼ਹਾਲੀ ਅਤੇ ਤਰੱਕੀ ਲਈ ਮੋਢੇ ਨਾਲ ਮੋਢਾ ਜੋੜ ਕੇ ਅੱਗੇ ਵਧਿਆ ਜਾਵੇ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ.) ਫ਼ਰੀਦਕੋਟ ਪ੍ਰਦੀਪ ਕੁਮਾਰ ਦਿਓੜਾ, ਸੁਤੰਤਰਤਾ ਸੰਗਰਾਮੀ ਮਾ. ਕਰਤਾ ਰਾਮ ਸੇਵਕ ਦੇ ਸਪੁੱਤਰ ਪਰਉਪਕਾਰੀ ਕਟਾਰੀਆ, ਰਾਮ ਰਾਜ ਸੇਵਕ, ਕੇਵਲ ਕ੍ਰਿਸ਼ਨ ਕਟਾਰੀਆ ਮੌਜੂਦ ਸਨ।

# ਬੱਸ ਸਟੈਂਡ ਵਿੱਚ ਕੂੜਾ ਡੰਪ ਕਾਰਨ ਲੋਕ ਪ੍ਰੇਸ਼ਾਨ



**ਜੰਡਿਆਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਸੰਘਣੀ ਆਬਾਦੀ ਸਥਿਤ ਲੋਕਲ ਬੱਸ ਅੱਗੇ ਲੱਗੇ ਕੂੜਾ ਡੰਪ ਕਾਰਨ ਸਥਾਨਕ ਲੋਕਾਂ ਅਤੇ ਯਾਤਰੀਆਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਬੱਸ ਸਟੈਂਡ ਵਿੱਚ ਢੇਰਾਂ ਤੋਂ ਨਿਕਲਦੀ ਬਦਬੂ ਨੇ ਇੱਥੋਂ ਲੋਕਾਂ ਦਾ ਲੰਘਣਾ ਦੁੱਭਰ ਕਰ ਦਿੱਤਾ ਹੈ। ਜੰਡਿਆਲਾ ਗੁਰੂ ਵਾਸੀ ਜੋਗਿੰਦਰ ਸਿੰਘ, ਤਰਸੇਮ ਕੁਮਾਰ, ਹਰਿੰਦਰ ਸਿੰਘ, ਜਤਿੰਦਰ ਕੁਮਾਰ, ਬਲਜੀਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਉਹ ਕਈ ਵਾਰ ਨਗਰ ਕੌਂਸਲ ਜੰਡਿਆਲਾ ਗੁਰੂ ਦੇ ਅਧਿਕਾਰੀਆਂ ਨਾਲ ਗੱਲ ਕਰ ਚੁੱਕੇ ਹਨ ਪਰ ਉਨ੍ਹਾਂ ਦੇ ਕੰਨਾਂ ’ਤੇ ਜੂੰ ਨਹੀਂ ਸਰਕਦੀ। ਉਨ੍ਹਾਂ ਦੱਸਿਆ ਇਸ ਥਾਂ ’ਤੇ ਹੋਰ ਸਾਮਾਨ ਵੇਚਣ ਵਾਲੀਆਂ ਦੁਕਾਨਾਂ ਤੋਂ ਇਲਾਵਾ ਖਾਣ-ਪੀਣ ਦੀਆਂ ਦੁਕਾਨਾਂ ਅਤੇ ਬਹੁਤ ਸਾਰੇ ਫਾਸਟ ਫੂਡ ਵੇਚਣ ਵਾਲਿਆਂ ਰੇਹੜੀਆਂ ਵਾਲੇ ਵੀ ਹਨ ਜਿਸ ਕਾਰਨ ਕਿਸੇ ਵੀ ਸਮੇਂ ਕੋਈ ਵੀ ਬਿਮਾਰੀ ਫੈਲ ਸਕਦੀ ਹੈ। ਇਲਾਕਾ ਵਾਸੀਆਂ ਦਾ ਕਹਿਣਾ ਹੈ ਇਸ ਕੂੜੇ ਦੇ ਡੰਪ ਨੂੰ ਇੱਥੋਂ ਕਿਸੇ ਹੋਰ ਥਾਂ ਤਬਦੀਲ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ।

# ਧਰਮ

## ਜੁਗਤੀ ਮਾਰਗ

**ਪਹਿਲੀ ਜੁਗਤੀ**

**ਸਾਧਨਾ ਕਰਨ ਵਾਲੇ ਬੰਦੇ ਲਈ ਪਹਿਲੀ ਜੁਗਤੀ ਹੈ ਕਿ ਸਾਧਕ ਆਪਣੀ ਜ਼ਿੰਦਗੀ ਵਿਚ ਸਤਿਕਾਰ ਸਭ ਧਰਮਾਂ ਦਾ ਕਰੇ ਪਰ ਆਪਣੇ ਗੁਰੂ ਪਿਤਾ ਤੋਂ ਇਲਾਵਾ ਕਿਸੇ ਤੋਂ ਪ੍ਰਭਾਵਤ ਨਾ ਹੋਵੇ'**



ਭਾਈ ਗੁਰਇਕਬਾਲ ਸਿੰਘ

*ਦੀ ਪੁਸਤਕ 'ਮੈ ਦਸਿਹੁ ਮਾਰਗੁ ਸੰਤਹੋ' 'ਚੋਂ ਧੰਨਵਾਦ ਸਹਿਤ*

ਮੈ ਦਸਿਹੁ ਮਾਰਗੁ ਸੰਤਹੋ

ਇਕ ਵਾਰੀ ਗੁਰੂ ਅੰਗਦ ਸਾਹਿਬ ਨੂੰਜਦੋਂ ਅਜੇ ਗੁਰਗੱਦੀ ਨਹੀਂ ਸੀ ਮਿਲੀ, ਗੁਰੂ ਨਾਨਕ ਸਾਹਿਬ ਦੀ ਸੇਵਾ ਵਿਚ ਸਨ, ਤਾਂ ਰਾਤ ਉਨ੍ਹਾਂ ਨੇ ਇਕ ਬੀਬੀ ਨੂੰ ਗੁਰੂ ਨਾਨਕ ਦੇ ਦਰ 'ਤੇ ਝਾੜੂ ਦਿੰਦਿਆਂ ਦੇਖਿਆ ਤਾਂ ਪੁੱਛਿਆ, ਬੀਬੀ! ਤੂੰ ਕੌਣ ਹੈਂ ਤਾਂ ਇੰਨੀ ਰਾਤ ਇੱਥੇ ਸੇਵਾ ਕਿਉਂ ਕਰ ਰਹੀ ਹੈਂ? ਉਸ ਬੀਬੀ ਨੇ ਕਿਹਾ, ਤੂੰ ਮੈਨੂੰ ਪਛਾਣਿਆਂ ਨਹੀਂ, ਮੈਂ ਓਹੀ ਦੇਵੀ ਹਾਂ ਜਿਸ ਕੋਲ ਤੂੰ ਹਰ ਸਾਲ ਦਰਸ਼ਨਾਂ ਨੂੰ ਆਉਂਦਾ ਸੀ। ਭਾਈ ਲਹਿਣਾ ਬਹੁਤ ਹੈਰਾਨ ਹੋਇਆ ਤੇ ਪੁੱਛਿਆ, ਫੇਰ ਇਥੇ ਇਹ ਝਾੜੂ ਦੀ ਸੇਵਾ ਕਿਉਂ। ਦੇਵੀ ਨੇ ਜਵਾਬ ਦਿੱਤਾ, ਗੁਰੂ ਨਾਨਕ ਦੇ ਦਰ ਤੋਂ ਬਖਸ਼ਿਸ਼ਾਂ ਲੈ ਕੇ ਹੀ ਤਾਂ ਮੈਂ ਆਪਣੇ ਦਰ 'ਤੇ ਆਉਣ ਵਾਲਿਆਂ ਦੀਆਂ ਝੋਲੀਆਂ ਭਰਦੀ ਹਾਂ।

ਸੋ ਸਾਧਕ ਬੰਦੇ ਲਈ ਪਹਿਲੀ ਜੁਗਤੀ ਹੈ ਕਿ ਸਤਿਕਾਰ ਸਭ ਦਾ ਕਰੇ, ਕਿਸੇ ਦੀ ਨਿੰਦਿਆ ਨਹੀਂ ਪਰ ਆਪਣੇ ਗੁਰੂ ਪਿਤਾ ਤੋਂ ਇਲਾਵਾ ਥਾਂ-ਥਾਂ ਤੋਂ ਪ੍ਰਭਾਵਿਤ ਨਾ ਹੋਵੇ।


## ਪਟਨਾ ਸਹਰ ਬਿਖੈ ਭਵ ਲਯੋ

• ਹਰਸਿਮਰਤ ਸਿੰਘ ਥਿੰਦ

ਪਟਨਾ ਸਾਹਿਬ (ਬਿਹਾਰ) ਦੀ ਧਰਤੀ ਨੂੰ ਅਨੇਕਾਂ ਮਹਾਂਪੁਰਖਾਂ ਦੀ ਚਰਨ ਛੋਹ ਪ੍ਰਾਪਤ ਹੈ। ਇਹ ਬਹੁਤ ਪੁਰਾਣਾ ਤੇ ਵੱਡਾ ਸ਼ਹਿਰ ਹੈ, ਜੋ ਗੰਗਾ ਨਦੀ ਦੇ ਕੰਢੇ ਵਸਿਆ ਹੈ। ਸਿੱਖ ਧਰਮ ਦੀ ਗੱਲ ਕਰੀਏ ਤਾਂ ਇਸ ਨਗਰ ਨੂੰ ਜਿੱਥੇ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਹੈ, ਉਥੇ ਨੌਵੀਂ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਦੀ ਕੁਝ ਸਮਾਂ ਰਿਹਾਇਸ਼ ਬਣਨ ਦਾ ਵੀ ਸੁਭਾਗ ਹਾਸਲ ਹੋਇਆ ਹੈ। ਇਹ ਨਗਰੀ ਉਦੋਂ ਹੋਰ ਪਵਿੱਤਰ ਹੋ ਗਈ ਜਦੋਂ ਦਸ਼ਮੇਸ਼ ਪਿਤਾ, ਸਾਹਿਬ-ਏ-ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਇਥੇ ਅਵਤਾਰ ਧਾਰਿਆ। ਉਨ੍ਹਾਂ ਦੇ ਆਗਮਨ ਨਾਲ ਇਹ ਸ਼ਹਿਰ ਪਟਨਾ ਤੋਂ ਪਟਨਾ ਸਾਹਿਬ ਬਣ ਗਿਆ। ਗੁਰੂ ਗੋਬਿੰਦ ਸਿੰਘ ਨੇ ਇਥੇ ਬਚਪਨ ਦੇ ਲਗਪਗ ਪੰਜ ਸਾਲ ਗੁਜ਼ਾਰੇ ਤੇ ਬਾਲ ਅਵਸਥਾ ਵਿਚ ਅਨੇਕਾਂ ਕੌਤਕ ਰਚਾਏ। ਇਸ ਨਗਰੀ ਵਿਚ ਗੁਰੂ ਸਹਿਬਾਨਾਂ ਨਾਲ ਸਬੰਧਤ ਅਨੇਕਾਂ ਗੁਰਦੁਆਰੇ ਹਨ ਜਿਨ੍ਹਾਂ ਵਿਚ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਵੀ ਸ਼ਾਮਲ ਹੈ।

### ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ

ਇਸ ਪਵਿਤਰ ਅਸਥਾਨ ਉਪਰ ਦੁਸ਼ਟ-ਦਮਨ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਪੋਹ ਸੁਦੀ ਸੱਤਵੀਂ ਸੰਮਤ 1723 (22 ਦਸੰਬਰ 1666) ਨੂੰ ਮਾਤਾ ਗੁਜਰੀ ਦੀ ਕੁੱਖੋਂ ਅਵਤਾਰ ਧਾਰਿਆ। ਇਹ ਅਸਥਾਨ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਹੈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਸਮੇਂ ਇਸ ਇਮਾਰਤ ਦੀ ਸੇਵਾ ਕਰਵਾਈ। ਸੰਮਤ 1991 ਦੇ ਭੂਚਾਲ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਕਾਫੀ ਨੁਕਸਾਨ ਪਹੁੰਚਿਆ। ਇਸਦੀ ਦੁਬਾਰਾ ਸੇਵਾ ਉਪਰੰਤ ਸੰਮਤ 2014 ਨੂੰ ਨਵੀਂ ਤਿਆਰ ਹੋਈ ਇਮਾਰਤ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ



ਪ੍ਰਕਾਸ਼ ਹੋਇਆ। ਇਸ ਅਸਥਾਨ ਤੇ ਮਾਤਾ ਗੁਜਰੀ ਦੇ ਖੂਹ ਤੇ ਦਸ਼ਮੇਸ਼ ਪਿਤਾ ਜੀ ਦੁਆਰਾ ਪਹਿਨੇ ਚੋਲੇ ਤੋਂ ਇਲਾਵਾ ਗੁਰੂ ਸਾਹਿਬ ਨਾਲ ਸਬੰਧਤ ਸ਼ਸਤਰ ਤੇ ਹੋਰ ਵਸਤਾਂ ਸੰਭਾਲ ਕੇ ਰੱਖੀਆਂ ਗਈਆਂ ਹਨ।

### ਗੁਰਦੁਆਰਾ ਬਾਲ ਲੀਲਾ ਮੈਣੀ ਸੰਗਤ

ਇਹ ਗੁਰਦੁਆਰਾ ਤਖ਼ਤ ਸਾਹਿਬ ਦੇ ਨੇੜੇ ਹੀ ਸਥਿਤ ਹੈ। ਇਸ ਅਸਥਾਨ ਉਪਰ ਰਾਜਾ ਫ਼ਤਹਿ ਚੰਦ ਮੈਣੀ ਅਤੇ ਰਾਣੀ ਵਿਸ਼ੰਭਰਾ ਦੇਵੀ ਦਾ ਮਹਿਲ ਸੀ। ਇਨ੍ਹਾਂ ਦੀ ਕੋਈ ਸੰਤਾਨ ਨਹੀਂ ਸੀ। ਬਾਲਾ ਪ੍ਰੀਤਮ ਗੁਰੂ



ਸਾਹਿਬ ਆਪਣੇ ਸਾਥੀਆਂ ਸਮੇਤ ਇਥੇ ਖੇਡਣ ਆਇਆ ਕਰਦੇ ਸਨ। ਬਾਲਾ ਪ੍ਰੀਤਮ ਨੂੰ ਤੱਕ ਕੇ ਰਾਣੀ ਦੇ ਮਨ 'ਚ ਵੀ ਅਜਿਹੇ ਪੁੱਤਰ ਦੀ ਕਾਮਨਾ ਜਾਗੀ। ਗੁਰੂ ਸਾਹਿਬ ਉਸ ਦੇ ਮਨ ਦੀ ਅਰਦਾਸ ਨੂੰ ਪ੍ਰਵਾਨ ਕਰ ਉਸਦੀ ਗੋਦ ਵਿਚ ਬੈਠ ਗਏ ਤੇ ਧਰਮ ਪੁੱਤਰ ਬਣਨਾ ਪ੍ਰਵਾਨ ਕਰ ਉਸਦੀ ਮੁਰਾਦ ਪੂਰੀ ਕੀਤੀ।


### ਗੁਰਦੁਆਰਾ ਹਾਂਡੀ ਸਾਹਿਬ

ਇਹ ਗੁਰਦੁਆਰਾ ਤਖ਼ਤ ਸਾਹਿਬ ਤੋਂ ਲਗਪਗ 30 ਕਿਲੋਮੀਟਰ ਦੀ ਦੂਰੀ 'ਤੇ ਦਾਨਾਪੁਰ ਵਿਖੇ ਸਥਿਤ ਹੈ। ਇਥੇ ਸਰਬੰਸ ਦਾਨੀ ਦਸ਼ਮੇਸ਼ ਪਿਤਾ ਨੇ ਪਟਨਾ ਸਾਹਿਬ ਤੋਂ ਪੰਜਾਬ ਆਉਂਦੇ ਸਮੇਂ ਪਹਿਲਾ ਮੁਕਾਮ ਕੀਤਾ ਸੀ। ਇਕ ਬਿਰਧ ਔਰਤ ਜਮਨਾ ਮਾਈ ਨੇ ਹਾਂਡੀ ਵਿਚ ਖਿਚੜੀ ਬਣਾ ਕੇ ਗੁਰੂ ਜੀ ਅਤੇ ਉਨ੍ਹਾਂ ਨੂੰ ਨਾਲ ਵਿਦਾ ਕਰਨ ਆਈ ਸੰਗਤ ਨੂੰ ਛਕਾਈ ਸੀ। ਇਸੇ ਕਰਕੇ ਇਸਦਾ ਨਾਮ ਹਾਂਡੀ ਸਾਹਿਬ ਹੈ। ਇਥੇ ਅੱਜ ਵੀ ਖਿਚੜੀ ਦਾ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਇਸ ਅਸਥਾਨ 'ਤੇ ਬਾਲਾ ਪ੍ਰੀਤਮ ਗੁਰੂ ਗਬਿੰਦ ਸਿੰਘ ਜੀ ਦੇ ਨੰਨ੍ਹੇ ਚਰਨਾਂ ਦੇ ਨਿਸ਼ਾਨ ਇਕ ਸ਼ੀਸ਼ੇ ਦੇ ਬਕਸੇ ਵਿਚ ਸੰਭਾਲੇ ਪਏ ਹਨ। ਸੰਗਤ ਇਨ੍ਹਾਂ ਦੇ ਦਰਸ਼ਨ ਕਰ ਨਿਹਾਲ ਹੁੰਦੀ ਹੈ।

ਇਸ ਤੋਂ ਇਲਾਵਾ ਗੁਰਦੁਆਰਾ ਗੁਰੂ ਦਾ ਬਾਗ, ਗੁਰਦੁਆਰਾ ਗਊ ਘਾਟ ਅਤੇ ਗੁਰਦੁਆਰਾ ਸੰਗਤ ਸੁਨਾਰ ਟੋਲੀ, ਜੋ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਨੌਵੀਂ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਹਨ, ਪਟਨਾ ਸਾਹਿਬ ਵਿਖੇ ਸੁਭਾਇਮਾਨ ਹਨ। ਦੇਸ਼ ਵਿਦੇਸ਼ ਤੋਂ ਸੰਗਤ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਦੀ ਜਨਮ ਭੂਮੀ ਦੇ ਇਨ੍ਹਾਂ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫ਼ਲਾ ਕਰਦੀ ਹੈ।

ਮੋਬਾਈਲ ਨੰਬਰ 095014-47863

**ਇਹ ਨਗਰੀ ਉਦੋਂ ਹੋਰ ਪਵਿੱਤਰ ਹੋ ਗਈ ਜਦੋਂ ਦਸ਼ਮੇਸ਼ ਪਿਤਾ, ਸਾਹਿਬ-ਏ-ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਇਥੇ ਅਵਤਾਰ ਧਾਰਿਆ। ਉਨ੍ਹਾਂ ਦੇ ਆਗਮਨ ਨਾਲ ਇਹ ਸ਼ਹਿਰ ਪਟਨਾ ਤੋਂ ਪਟਨਾ ਸਾਹਿਬ ਬਣ ਗਿਆ।**



## ਹੱਕ ਹਲਾਲ ਤੇ ਈਮਾਨਦਾਰੀ ਦਾ ਪ੍ਰਤੀਕ ਭਾਈ ਲਾਲੋ

• ਲਖਵਿੰਦਰ ਸਿੰਘ

ਰੋਜ਼ੀ-ਰੋਟੀ ਲਈ ਹਰੇਕ ਨੂੰ ਕੋਈ ਨਾ ਕੋਈ ਸਰੀਰਕ ਜਾਂ ਮਾਨਸਿਕ ਕਿਰਤ ਕਰਨੀ ਹੀ ਪੈਂਦੀ ਹੈ। ਬੇਈਮਾਨੀ, ਠੱਗੀ-ਠੋਰੀ ਤੋਂ ਰਿਸ਼ਵਤਖੋਰੀ ਤੋਂ ਪਾਸਾ ਵੱਟ ਕੇ ਸਿਰਫ ਖ਼ੂਨ-ਪਸੀਨੇ ਦੀ ਕਮਾਈ ਨਾਲ ਰੁੱਖੀ ਮਿੱਸੀ ਖਾ ਕੇ ਢੋਲੇ ਗਾਉਣ ਵਾਲੇ ਸਿਦਕਵਾਨਾਂ ਦੇ ਯਥਾਰਥਵਾਦੀ ਜੀਵਨ ਦੇ ਇਤਿਹਾਸ ਵਿਚ ਭਾਈ ਲਾਲੋ ਦਾ ਉੱਘਾ ਸਥਾਨ ਹੈ।

ਸ੍ਰੀ ਗੁਰੂ ਨਾਨਕ ਦੇਵ ਤੋਂ ਕਰੀਬ ਸਤਾਰਾਂ ਕੁ ਸਾਲ ਵੱਡੇ ਭਾਈ ਲਾਲੋ ਦਾ ਜਨਮ 1452 ਈ. ਵਿਚ ਸੈਦਪੁਰ, ਪਾਕਿਸਤਾਨ ਵਿਚ ਪਿਤਾ ਜਗਤ ਰਾਮ ਦੇ ਘਰ ਹੋਇਆ। ਇਨ੍ਹਾਂ ਦੇ ਪਿਤਾ ਤਰਖਾਣਾ ਦਾ ਕੰਮ ਕਰਦੇ ਸਨ। ਭਾਈ ਲਾਲੋ ਨੇ ਵੀ ਆਪਣਾ ਖਾਨਦਾਨੀ ਕੰਮ ਕਰਨਾ ਸ਼ੁਰੂ ਕਰ ਦਿੱਤਾ। ਭਾਈ ਲਾਲੋ ਇਸ ਵਿਚਾਰਧਾਰਾ ਦਾ ਧਾਰਨੀ ਸੀ ਕਿ ਈਮਾਨਦਾਰੀ ਨਾਲ ਐਸ਼ ਤਾਂ ਨਹੀਂ ਕੀਤੀ ਜਾ ਸਕਦੀ ਪਰ ਕਿਸੇ ਮਾਨਸਿਕ ਭਾਰ ਜਾਂ ਪ੍ਰੇਸ਼ਾਨੀ ਤੋਂ ਮੁਕਤ ਅਤੇ ਸਕੂਨ ਭਰਿਆ ਜੀਵਨ ਜ਼ਰੂਰ ਗੁਜ਼ਾਰਿਆ ਜਾ ਸਕਦਾ ਹੈ। ਭਾਈ ਲਾਲੋ ਨੇ ਇਸ ਵਿਚਾਰਧਾਰਾ ਨੂੰ ਅਮਲੀਜਾਮਾ





ਪਹਿਨਾਉਂਦਿਆਂ ਦਸਾਂ ਨਹੁੰਆਂ ਦੀ ਕਿਰਤ ਨਾਲ ਆਨੰਦਮਈ ਜੀਵਨ ਗੁਜ਼ਾਰਿਆ।

ਗੁਰੂ ਨਾਨਕ ਦੇਵ ਆਪਣੀ ਪਹਿਲੀ ਉਦਾਸੀ ਦੌਰਾਨ ਭਾਈ ਮਰਦਾਨੇ ਨਾਲ ਜਦ ਇਸ ਖੇਤਰ ਵਿਚ ਦੀ ਗੁਜ਼ਰੇ ਤਾਂ ਭਾਈ ਲਾਲੋ ਦੀ ਸੱਚੀ-ਸੁੱਚੀ ਕਿਰਤ ਦੀ ਖੁਸ਼ਬੋਈ ਚੁਫ਼ੇਰੇ ਫੈਲੀ ਹੋਈ ਸੀ ਤੇ ਇਸ ਖੁਸ਼ਬੋਈ ਨੂੰ ਮਾਨਣ ਲਈ ਗੁਰੂ ਜੀ ਨੇ 'ਸਤਿ ਕਰਤਾਰ' ਆਖ ਕੇ ਆਣ ਦਸਤਕ ਦਿੱਤੀ। ਉਧਰ ਸਬੱਬ ਇਹ ਬਣਿਆ ਕਿ ਉਸ ਸਮੇਂ ਦੇ ਸਰਕਾਰੀ ਅਹਿਲਕਾਰ ਮਲਕ ਭਾਗੋ ਨੇ ਲੁੱਟ ਖਸੁੱਟ ਦੀ ਕਮਾਈ 'ਚੋ ਕੀਤੇ ਜਾ ਰਹੇ ਬ੍ਰਹਮ ਭੋਜ ਲਈ ਗੁਰੂ ਜੀ ਨੂੰ ਸੱਦਾ ਭੇਜਿਆ ਤਾਂ ਗੁਰੂ ਸਾਹਿਬ ਨੇ ਉਸ ਬ੍ਰਹਮ ਭੋਜ ਦੇ ਪਕਵਾਨਾਂ ਨੂੰ ਨਕਾਰਦਿਆਂ ਭਾਈ ਲਾਲੋ ਦੀ ਰੁੱਖੀ-ਸੁੱਕੀ ਵੱਲ ਰੁਖ਼ ਕਰਕੇ ਹੱਕ ਹਲਾਲ ਦੀ ਕਿਰਤ ਨੂੰ ਮਾਨਤਾ ਦੇ ਕੇ ਇਹ ਸਿੱਧ ਕੀਤਾ ਕਿ ਅਸਲ ਬ੍ਰਹਮ ਭੋਜ ਸੁੱਚੀ ਕਿਰਤ ਕਮਾਈ 'ਚੋਂ ਹੀ ਹੋ ਸਕਦਾ ਹੈ।

**ਭਾਈ ਲਾਲੋ ਦਾ ਸਾਦਗੀ ਭਰਿਆ ਜੀਵਨ ਚਾਨਣ ਮੁਨਾਰੇ ਦਾ ਕੰਮ ਕਰਦਿਆਂ ਇਹੀ ਸੰਦੇਸ਼ ਦਿੰਦਾ ਹੈ ਕਿ 'ਹੱਥ ਕਾਰ ਵੱਲ ਤੇ ਮਨ ਕਰਤਾਰ ਵਲ।'**


ਭਾਈ ਲਾਲੋ ਨੇ ਬੜੇ ਪ੍ਰੇਮ ਭਾਵ ਨਾਲ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਥੀ ਮਰਦਾਨਾ ਅੱਗੇ ਰੁੱਖਾ-ਮਿੱਸਾ ਭੋਜਨ ਪਰੋਸਿਆ। ਇਸ ਸਾਦੇ ਭੋਜਨ ਦਾ ਆਨੰਦ ਮਾਣ ਰਹੇ ਮਰਦਾਨਾ ਦੀ ਜਗਿਆਸਾ ਦਾ ਨਿਵਾਰਣ ਕਰਦਿਆਂ ਗੁਰੂ ਸਾਹਿਬ ਨੇ ਕਿਹਾ, "ਭਾਈ ਮਰਦਾਨਿਆਂ! ਇਸ ਸੁਆਦੀ ਭੋਜਨ ਵਿਚ ਖੂਨ-ਪਸੀਨੇ ਦੀ ਕਮਾਈ ਦੀਆਂ ਹੀ ਸੱਭੇ ਬਰਕਤਾਂ ਨੇ।" ਇਸ ਤਰ੍ਹਾਂ ਗੁਰੂ ਸਾਹਿਬ ਨੇ ਕਿਰਤ ਕਮਾਈ ਨੂੰ ਵਡਿਆਉਂਦਿਆਂ ਭਾਈ ਲਾਲੋ ਦੇ ਜੀਵਨ ਨੂੰ ਹੋਰ ਵੀ ਚਾਰ ਚੰਨ ਲਾ ਕੇ ਲੋਕਾਈ ਨੂੰ ਇਹ ਅਹਿਸਾਸ ਕਰਵਾਇਆ ਕਿ ਖੋਟ ਭਰੇ ਮਾਲ-ਪੂੜਿਆਂ ਵਿਚ ਗਰੀਬਾਂ ਦਾ ਚੂਸਿਆ ਖੂਨ ਹੀ ਪ੍ਰਤੱਖ ਦਿਖਾਈ ਦਿੰਦਾ ਹੈ ਜਦਕਿ ਹੱਕੀ ਕਮਾਈ ਦੇ ਸਾਦੇ ਪਰਸ਼ਾਦਿਆਂ 'ਚੋਂ ਅੰਮ੍ਰਿਤ ਰੂਪੀ ਦੁੱਧ ਦੇ ਚਸ਼ਮੇ ਹੀ ਫੁੱਟਦੇ ਹਨ।

ਭਾਈ ਲਾਲੋ ਨੂੰ ਸੰਬੋਧਨ ਕਰਦਿਆਂ ਗੁਰੂ ਸਾਹਿਬ ਨੇ ਤਿਲੰਗ ਰਾਗ ਵਿਚ ਸ਼ਬਦ ਵੀ ਉਚਾਰਿਆ, ਜਿਸ ਵਿਚ ਉਸ ਸਮੇਂ ਦੀ ਨਿਘਰੀ ਹਾਲਤ ਨੂੰ ਬਿਆਨਿਆ ਹੈ। ਭਾਈ ਲਾਲੋ ਗੁਰੂ ਸਾਹਿਬ ਦੇ ਅਜ਼ੀਜ਼ ਸੇਵਕ ਵਜੋਂ ਗੁਰ ਉਪਦੇਸ਼ ਦੇ ਪ੍ਰਚਾਰਕ ਵੀ ਬਣੇ ਅਤੇ ਆਪਣੀ ਘਾਲ ਕਮਾਈ ਦੇ ਨਾਲ ਨਾਲ ਵੈਦ ਦੀ ਸੇਵਾ ਨਿਭਾਉਂਦੇ ਹੋਏ ਕਈ ਰੋਗੀਆਂ ਦੇ ਤੇਈਏ ਵਰਗੇ ਰੋਗ ਦੂਰ ਕਰਨ ਦੀ ਵੀ ਸੇਵਾ ਨਿਭਾਈ।

ਭਾਈ ਲਾਲੋ ਦਾ ਸਾਦਗੀ ਭਰਿਆ ਜੀਵਨ ਚਾਨਣ ਮੁਨਾਰੇ ਦਾ ਕੰਮ ਕਰਦਿਆਂ ਇਹੀ ਸੰਦੇਸ਼ ਦਿੰਦਾ ਹੈ ਕਿ 'ਹੱਥ ਕਾਰ ਵੱਲ ਤੇ ਮਨ ਕਰਤਾਰ ਵਲ।' ਮਨ-ਤਨ ਨਾਲ ਸਾਰਥਕ ਘਾਲਣਾ ਘਾਲ ਰਹੇ ਵਿਅਕਤੀ ਨੂੰ ਰੀਝ ਲਾ ਕੇ ਵੇਖੀਏ ਤਾਂ ਭਾਈ ਲਾਲੋ ਦਾ ਅਕਸ ਰੂਪਮਾਨ ਹੋ ਜਾਂਦਾ ਹੈ। ਅਜਿਹੇ ਸਿਦਕਵਾਨ ਲੋਕ ਥੋੜ੍ਹੀ 'ਚੋਂ ਹੀ ਯੁਗਤ ਨਾਲ ਵਧੀਆ ਜੀਵਨ ਨਿਰਬਾਹ ਕਰ ਜਾਂਦੇ ਹਨ ਤੇ ਸਾਰੀ ਉਮਰ ਇਹਨਾਂ ਮਾਣਮੱਤਿਆਂ ਲੋਕਾਂ ਨੇ ਅਮਰਵੇਲ ਵਾਂਗ ਵਧਦੀ ਤ੍ਰਿਸਨਾ ਨੂੰ ਪੂਰੀ ਤਰ੍ਹਾਂ ਕਾਬੂ ਹੇਠ ਰੱਖਿਆ ਹੁੰਦਾ ਹੈ। ਏਸੇ ਕਰਕੇ ਬੇਈਮਾਨੀ ਇਨ੍ਹਾਂ ਤੋਂ ਕੋਹਾਂ ਦੂਰ ਰਹਿੰਦੀ ਹੈ ਤੇ ਇਨ੍ਹਾਂ ਦਾ ਸੁਹੇਲਾ ਜੀਵਨ ਧੰਨਤਾ ਦੇ ਯੋਗ ਹੋ ਨਿਬੜਦਾ ਹੈ।

ਮੋਬਾਈਲ ਨੰਬਰ: 98764-74858

## ਸੰਤ ਕਬੀਰ ਦੇ ਅਨਮੋਲ ਵਚਨ



**ਹਾਡ ਜਲੇ ਲੱਕੜੀ ਜਲੇ,**
**ਜਲੇ ਜਲਾਵਨਹਾਰ**
**ਤਮਾਸ਼ਬੀਨ ਭੀ ਨਾ ਬਚੈ,**
**ਕਿਸਕੋ ਕਰੂੰ ਪੁਕਾਰ॥**

ਅਸੀਂ ਸਾਰੇ ਜਾਣਦੇ ਹਾਂ ਕਿ ਮਰਨ ਤੋਂ ਬਾਅਦ ਮਨੁੱਖੀ ਸਰੀਰ ਨੂੰ ਸਾੜ ਦਿੱਤਾ ਦਿੱਤਾ ਜਾਂਦਾ ਹੈ। ਸੰਤ ਕਬੀਰ ਕਹਿੰਦੇ ਹਨ ਕਿ ਹੱਡੀਆਂ ਤਾਂ ਸੜ ਜਾਂਦੀਆਂ ਹਨ, ਇਨ੍ਹਾਂ ਨੂੰ ਸਾੜਨ ਵਾਲੀ ਲੱਕੜੀ ਵੀ ਸੜ ਜਾਂਦੀ ਹੈ। ਇਨ੍ਹਾਂ ਦੋਹਾਂ ਨੂੰ ਸਾੜਨ ਵਾਲਾ ਵਿਅਕਤੀ ਵੀ ਕਿਸੇ ਦਿਨ ਸੜ ਜਾਂਦਾ ਹੈ। ਦਾਹ-ਸੰਸਕਾਰ ਵਿਚ ਸ਼ਾਮਲ ਹੋਣ ਵਾਲੇ ਵਿਅਕਤੀ ਵੀ ਆਪਣੇ ਆਪਣੇ ਸਮੇਂ ਅੱਗ ਦੀ ਭੇਂਟਾ ਹੋ ਜਾਂਦੇ ਹਨ। ਜਦ ਇੱਥੇ ਕੋਈ ਵੀ ਨਹੀਂ ਬਚਦਾ, ਤਾਂ ਕਿਸ ਦੇ ਸਾਹਮਣੇ ਪੁਕਾਰ ਕਰਾਂ।

ਭਾਵ ਇਹ ਹੈ ਕਿ ਇਸ ਨਾਸ਼ਵਾਨ ਸੰਸਾਰ ਵਿਚ ਜੋ ਜਨਮ ਲੈਂਦਾ ਹੈ ਉਸ ਦੀ ਕਿਸੇ ਨਾ ਕਿਸੇ ਦਿਨ ਮੌਤ ਹੋਣੀ ਨਿਸ਼ਚਿਤ ਹੈ। ਇਸ ਕਰਕੇ ਇਸ ਸਰੀਰ ਨੂੰ ਹਮੇਸ਼ਾਂ ਚੰਗੇ ਕੰਮਾਂ ਵਿਚ ਲਗਾ ਕੇ ਸਾਰਥਕ

## ਆਤਮ ਵਿਸ਼ਵਾਸ ਦੀ ਸ਼ਕਤੀ

**ਕੁਦਰਤ ਵਲੋਂ ਮਨੁੱਖ ਨੂੰ ਜਿੰਨੀਆਂ ਵੀ ਸ਼ਕਤੀਆਂ ਬਖਸ਼ੀਆਂ ਗਈਆਂ ਹਨ, ਆਤਮ ਵਿਸ਼ਵਾਸ ਉਨ੍ਹਾਂ ਵਿਚੋਂ ਸਭ ਤੋਂ ਵਧੇਰੇ ਪ੍ਰਬਲ ਹੈ।**

• ਪ੍ਰਸ਼ਪਿੰਦਰ ਕੌਰ ਮੋਰਿੰਡਾ

ਜ਼ਿੰਦਗੀ ਦਾ ਧਰਾਤਲ ਕਦੇ ਵੀ ਸਮਤਲ ਨਹੀਂ ਹੁੰਦਾ। ਇਹ ਉਚਾਣਾਂ ਅਤੇ ਨਿਵਾਣਾਂ ਨਾਲ ਭਰਪੂਰ ਹੁੰਦਾ ਹੈ। ਕਾਮਯਾਬ ਉਹੀ ਲੋਕ ਹੁੰਦੇ ਹਨ ਜਿਹੜੇ ਔਕੜਾਂ ਦੇ ਤੂਫਾਨ ਦਾ ਦਲੇਰੀ ਨਾਲ ਸਾਹਮਣਾ ਕਰਦੇ ਹਨ। ਹਿੰਮਤ ਹਮੇਸ਼ਾ ਆਤਮ ਵਿਸ਼ਵਾਸ ਵਿਚੋਂ ਉਪਜਦੀ ਹੈ। ਕੁਦਰਤ ਵਲੋਂ ਮਨੁੱਖ ਨੂੰ ਜਿੰਨੀਆਂ ਵੀ ਸ਼ਕਤੀਆਂ ਬਖਸ਼ੀਆਂ ਗਈਆਂ ਹਨ, ਆਤਮ ਵਿਸ਼ਵਾਸ ਉਨ੍ਹਾਂ ਵਿਚੋਂ ਸਭ ਤੋਂ ਵਧੇਰੇ ਪ੍ਰਬਲ ਹੈ। ਜਿਨ੍ਹਾਂ ਨਾਇਕਾਂ ਦੇ ਨਾਂ ਇਤਿਹਾਸ ਦੇ ਪੰਨਿਆਂ 'ਤੇ ਚਮਕ ਰਹੇ ਹਨ ਇਹ ਉਨ੍ਹਾਂ ਦੇ ਆਤਮ ਵਿਸ਼ਵਾਸ ਦਾ ਕ੍ਰਿਸ਼ਮਾ ਹਨ। ਸੰਦੇਹ ਅਤੇ ਸ਼ੱਕ ਦਾ ਰਸਤਾ ਅਸਫਲਤਾ ਵੱਲ ਲੈ ਜਾਂਦਾ ਹੈ ਜਦਕਿ ਵਿਸ਼ਵਾਸ ਦਾ ਹਥਿਆਰ ਸਾਰੀਆਂ ਰੁਕਾਵਟਾਂ ਨੂੰ ਤੋੜ ਦਿੰਦਾ ਹੈ। ਇਹ ਮਾਰਗ ਦੀ ਸੇਧ ਦੇਣ ਵਾਲੀ ਅਦਭੁੱਤ ਸ਼ਕਤੀ ਹੈ ਜਿਸ ਨਾਲ ਇਨਸਾਨ ਅਸੰਭਵ ਨੂੰ ਸੰਭਵ ਕਰ ਸਕਦਾ ਹੈ। ਡਾ. ਨਰਿੰਦਰ ਕਪੂਰ ਦੇ ਕਥਨ ਅਨੁਸਾਰ ਰੋਗੀ ਉਸੇ ਦਿਨ ਤੋਂ ਠੀਕ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਸ ਦਿਨ ਉਹ ਠੀਕ ਹੋਣ ਦੀ ਤਰੀਕ ਮਿਥ ਲੈਂਦਾ ਹੈ। ਸੰਮੋਹਨ ਦੁਆਰਾ ਸ਼ਕਤੀਆਂ ਨੂੰ ਅੰਦੋਲਤ ਕਰਨ ਦਾ ਸਿਧਾਂਤ ਵੀ ਆਤਮ ਵਿਸ਼ਵਾਸ 'ਤੇ ਕੇਂਦਰਿਤ ਹੈ।

ਇਕ ਪ੍ਰਚਲਤ ਦੰਦਕਥਾ ਅਨੁਸਾਰ ਇਕ ਵਾਰੀ ਇਕ ਨੌਜਵਾਨ ਨੂੰ ਵਪਾਰ ਵਿਚ ਬਹੁਤ ਘਾਟਾ ਪੈ ਗਿਆ। ਉਹ ਬਹੁਤ ਪ੍ਰੇਸ਼ਾਨ ਅਤੇ ਉਦਾਸ ਰਹਿਣ ਲੱਗਾ। ਇਕ ਦਿਨ ਕਿਸੇ ਪਾਰਕ ਵਿਚ ਬੈਠਾ ਡੂੰਘੀਆਂ ਸੋਚਾਂ ਵਿਚ ਡੁੱਬਿਆ ਹੋਇਆ ਸੀ। ਅਚਾਨਕ ਉੱਥੇ ਇਕ ਆਦਮੀ ਆਇਆ। ਉਸ ਨਾਲ ਸੰਖੇਪ ਜਿਹੀ ਗੱਲਬਾਤ ਕੀਤੀ ਅਤੇ ਜਾਂਦੇ ਸਮੇਂ ਉਸ ਆਦਮੀ ਨੇ ਉਸ ਨੂੰ 50 ਲੱਖ ਡਾਲਰ ਦਾ ਚੈਕ ਦੇ ਦਿੱਤਾ ਤਾਂ ਕਿ ਉਹ ਆਪਣਾ ਕਾਰੋਬਾਰ ਠੀਕ ਕਰ ਸਕੇ ਅਤੇ ਨਾਲ ਹੀ ਹਦਾਇਤ ਕੀਤੀ ਕਿ ਠੀਕ ਇਕ ਸਾਲ ਬਾਅਦ ਉਹ ਉਸ ਨੂੰ ਇਸੇ ਸਥਾਨ ਦੁਬਾਰਾ ਮਿਲੇਗਾ ਤੇ ਉਹ ਸਮੇਂ ਉਸ ਦੀ ਰਕਮ ਵਾਪਸ ਕਰ ਦੇਵੇ। ਇਸ ਚੈਕ ਉੱਤੇ ਰਾਕ ਡੀ ਫੈਲਰ ਦੇ ਹਸਤਾਖਰ ਸਨ ਜਿਹੜਾ ਕਿ ਉਸ ਸਮੇਂ ਦੁਨੀਆਂ ਦਾ ਸਭ ਤੋਂ ਵੱਧ ਅਮੀਰ ਆਦਮੀ ਸੀ। ਵਪਾਰੀ ਨੌਜਵਾਨ ਚੈਕ ਲੈ ਕੇ ਆਪਣੇ ਘਰ ਆਇਆ। ਉਸ ਨੇ ਕੈਸ਼ ਕਰਵਾਉਣ ਦੀ



ਬਜਾਏ ਇਸ ਨੂੰ ਅਲਮਾਰੀ ਵਿਚ ਰੱਖ ਦਿੱਤਾ। ਉਹ ਸੋਚਣ ਲੱਗਾ ਕਿ ਜੇਕਰ ਇਕ ਅਜਨਬੀ ਉਸ 'ਤੇ ਏਨਾ ਵਿਸ਼ਵਾਸ਼ ਕਰ ਸਕਦਾ ਹੈ ਤਾਂ ਉਹ ਖੁਦ 'ਤੇ ਵਿਸ਼ਵਾਸ ਕਿਉਂ ਕਰ ਸਕਦਾ? ਉਸ ਨੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸਦਾ ਕੰਮ ਠੀਕ ਹੋਣ ਲੱਗਾ ਅਤੇ ਕੁਝ ਹੀ ਮਹੀਨਿਆਂ ਵਿਚ ਸਾਰਾ ਘਾਟਾ ਪੂਰਾ ਹੋ ਗਿਆ।

ਨਿਰਧਾਰਤ ਮਿਤੀ 'ਤੇ ਉਹ ਉਸ ਆਦਮੀ ਨੂੰ ਉਸੇ ਸਥਾਨ ਤੇ ਦੁਬਾਰਾ ਮਿਲਿਆ। ਉਹ ਅਜੇ ਚੈਕ ਵਾਪਸ ਹੀ ਕਰ ਰਿਹਾ ਸੀ ਕਿ ਇਕ ਨਰਸ ਨੇ ਉਸ ਆਦਮੀ ਨੂੰ ਫੜ੍ਹ ਲਿਆ। ਨਰਸ ਦੇ ਦੱਸਣ ਅਨੁਸਾਰ ਇਹ ਆਦਮੀ ਮਾਨਸਿਕ ਰੋਗ ਤੋਂ ਪੀੜਿਤ ਸੀ। ਭਾਵੇਂ ਚੈਕ ਜਾਅਲੀ ਸੀ ਅਤੇ ਚੈਕ ਦੇਣ ਵਾਲਾ ਆਦਮੀ ਵੀ ਮਨੋਰੋਗੀ ਸੀ ਪਰ ਇਹ ਉਸ ਨੌਜਵਾਨ ਦੇ ਅੰਦਰ ਪੈਦਾ ਹਇਆ ਆਤਮ ਵਿਸ਼ਵਾਸ ਹੀ ਸੀ ਜਿਸ ਕਾਰਨ ਉਸਦੀ ਇੱਛਾ ਸ਼ਕਤੀ ਦ੍ਰਿੜ ਹੋ ਗਈ। ਇਸ ਤਰ੍ਹਾਂ ਉਹ ਆਪਣੇ ਵਪਾਰ ਨੂੰ ਦੁਬਾਰਾ ਬੁਲੰਦੀਆਂ 'ਤੇ ਲਿਜਾਣ ਵਿਚ ਸਫਲ ਹੋ ਗਿਆ। ਠੀਕ ਹੀ ਕਿਹਾ ਗਿਆ ਹੈ ਕਿ ਜਿਨ੍ਹਾਂ ਦੇ ਇਰਾਦੇ ਬੁਲੰਦ ਹੁੰਦੇ ਹਨ, ਖੁਦਾ ਵੀ ਉਨ੍ਹਾਂ ਦੀ ਰਜ਼ਾ ਅਨੁਸਾਰ ਤਕਦੀਰ ਲਿਖਦਾ ਹੈ।

ਮੋਬਾਈਲ ਨੰਬਰ 9417051627

## ਗੁਰ-ਇਤਿਹਾਸ ਵਿਚ ਬਾਸਰਕੇ

• ਮਨਮੋਹਨ ਸਿੰਘ ਬਾਸਰਕੇ

ਭਾਰਤ ਦੇਸ਼ ਏਸ਼ੀਆ ਅੰਦਰ ਜੋ ਰਿਸ਼ੀਆਂ ਮੁਨੀਆਂ ਦਾ ਮੰਦਰ ਹੈ। ਪੰਜਾਬ ਭਾਰਤ ਦਾ ਗੌਰਵਮਈ ਸੂਬਾ ਹੈ, ਜੋ ਗੁਰ-ਇਤਿਹਾਸ ਨਾਲ ਲਬਰੇਜ਼ ਹੈ। ਅੰਮ੍ਰਿਤਸਰ ਸਿਫਤੀ ਦਾ ਘਰ, ਅੰਮ੍ਰਿਤਸਰ ਤੋਂ ਅਟਾਰੀ ਰੋਡ 'ਤੇ ਛੇਹਰਟਾ ਸਾਹਿਬ ਤੋਂ 7 ਕਿਲੋਮੀਟਰ ਹੱਟਵਾਂ ਪਿੰਡ ਬਾਸਰਕੇ ਹੈ, ਜੋ ਹੁਣ ਬਾਸਰਕੇ ਗਿੱਲਾਂ ਵਜੋਂ ਪ੍ਰਸਿੱਧ ਘੁੱਗ ਵਸਦਾ ਪਿੰਡ ਹੈ। ਇਹ ਉਹ ਭਾਗਾਂ-ਭਰਿਆ ਪਿੰਡ ਹੈ, ਜਿਥੇ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਪ੍ਰਕਾਸ਼ 5 ਮਈ 1479 ਈ: ਨੂੰ ਪਿਤਾ ਤੇਜ ਭਾਨ ਭੱਲੇ ਖੱਤਰੀ ਦੇ ਘਰ ਮਾਤਾ ਸੁਲੱਖਣੀ (ਲੱਛਮੀ) ਦੀ ਕੁੱਖੋਂ ਹੋਇਆ। ਗੁਰੂ ਅਮਰਦਾਸ ਜੀ ਦੀ ਸ਼ਾਦੀ ਦੇਵੀ ਚੰਦ ਬਹਿਲ ਦੀ ਪੁੱਤਰੀ ਬੀਬੀ ਮਨਸਾ ਦੇਵੀ (ਰਾਮ ਕੌਰ) ਨਾਲ ਪਿੰਡ ਸੰਗਤਰਾ ਵਿਖੇ ਹੋਈ। ਆਪ ਦੇ ਘਰ ਦੋ ਪੁੱਤਰਾਂ ਬਾਬਾ ਮੋਹਨ ਤੇ ਬਾਬਾ ਮੋਹਰੀ ਅਤੇ ਦੋ ਪੁੱਤਰੀਆਂ ਬੀਬੀ ਭਾਨੀ ਤੇ ਬੀਬੀ ਦਾਨੀ ਨੇ ਜਨਮ ਲਿਆ।

ਗੁਰ ਇਤਿਹਾਸ ਵਿਚ ਦੋ ਮਹਾਨ ਬੀਬੀਆਂ ਹੋਈਆਂ ਹਨ, ਉਨ੍ਹਾਂ ਵਿਚ ਬੀਬੀ ਭਾਨੀ ਅਤੇ ਬੀਬੀ ਅਮਰੋ ਦਾ ਉਭਰਵਾਂ ਨਾਂ ਹੈ। ਬੀਬੀ ਭਾਨੀ ਦਾ ਪੇਕਾ ਪਿੰਡ ਅਤੇ ਬੀਬੀ ਅਮਰੋ ਦਾ ਸਹੁਰਾ ਪਿੰਡ ਬਾਸਰਕੇ ਹੈ। ਜੋ ਇਤਿਹਾਸ ਵਿਚ ਸੁਨਹਿਰੀ ਪੰਨਿਆ 'ਤੇ ਅੰਕਿਤ ਹੈ। ਬੀਬੀ ਭਾਨੀ ਗੁਰੂ ਅਮਰ ਦਾਸ ਜੀ ਦੀ ਸਪੁੱਤਰੀ ਅਤੇ ਗੁਰੂ ਰਾਮਦਾਸ ਜੀ ਦੀ ਸੁਪਤਨੀ ਸਨ। ਬੀਬੀ ਅਮਰੋ ਸ਼੍ਰੀ ਗੁਰੂ ਅੰਗਦ ਦੇਵ ਜੀ ਅਤੇ ਮਾਤਾ ਖੀਵੀ ਦੀ ਸਪੁੱਤਰੀ ਜੋ ਸ਼੍ਰੀ ਗੁਰੂ ਅਮਰ ਦਾਸ ਜੀ ਦੇ ਭਤੀਜੇ ਨਾਲ ਪਿੰਡ ਬਾਸਰਕੇ ਵਿਖੇ ਵਿਆਹੀ ਹੋਈ ਸੀ। ਗੁਰੂ ਅਮਰ ਦਾਸ ਦਾ ਗੁਰੂ ਅੰਗਦ ਦੇਵ ਨਾਲ ਮਿਲਾਪ ਕਰਾਉਣ ਵਾਲੀ ਵੀ ਬੀਬੀ ਅਮਰੋ ਹੀ ਸਨ। ਪਿੰਡ ਬਾਸਰਕੇ ਵਿਖੇ ਗੁਰਦੁਆਰਾ ਜਨਮ ਸਥਾਨ ਪਾਤਸ਼ਾਹੀ ਤੀਸਰੀ ਦੇ ਨਾਲ ਹੀ ਗੁਰਦੁਆਰਾ ਅੰਗੀਠਾ ਬੀਬੀ ਅਮਰੋ ਜੀ ਸੁਸ਼ੋਭਿਤ ਹੈ।

ਭਾਈ ਜੇਠਾ ਜੋ ਬਾਅਦ ਵਿਚ ਗੁਰੂ ਰਾਮਦਾਸ ਬਣੇ ਦਾ ਜਨਮ ਭਾਵੇਂ ਚੂਨਾ ਮੰਡੀ ਲਾਹੌਰ ਦਾ ਸੀ ਪਰ ਆਪ ਦੇ ਮਾਤਾ-ਪਿਤਾ ਦੀ ਬਾਲ ਵਰੇਸ ਉਮਰੇ ਹੀ ਅਕਾਲ ਚਲਾਣਾ ਹੋ ਜਾਣ ਕਰਕੇ ਪਾਲਣ-ਪੋਸ਼ਣ ਨਾਨਕੇ ਘਰ ਪਿੰਡ ਬਾਸਰਕੇ ਵਿਖੇ ਹੀ ਹੋਇਆ। ਦੋਹਤਾ ਬਾਣੀ ਕਾ ਬੋਤਾ ਦਾ ਵਰ ਗੁਰੂ ਅਮਰਦਾਸ ਜੀ ਤੋਂ ਪ੍ਰਾਪਤ ਕਰਨ ਵਾਲੇ ਸ਼੍ਰੀ ਗੁਰੂ ਅਰਜਨ ਦੇਵ ਦਾ ਨਾਨਕਾ ਪਿੰਡ ਹੋਣ ਦਾ ਮਾਣ ਵੀ ਪਿੰਡ ਬਾਸਰਕੇ ਨੂੰ ਪ੍ਰਾਪਤ ਹੈ।

ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਚਰਨ ਛੋਹ ਵੀ ਇਸ ਪਿੰਡ ਨੂੰ ਪ੍ਰਾਪਤ ਹੋਣ ਦਾ ਮਾਣ ਹਾਸਲ ਹੈ। ਜਦੋਂ ਗੁਰੂ ਅੰਗਦਦੇਵ ਨੇ ਗੁਰਗੱਦੀ ਗੁਰੂ ਅਮਰਦਾਸ ਨੂੰ ਸੌਂਪੀ ਤਾਂ ਗੁਰੂ ਅੰਗਦ ਦੇਵ ਦੇ ਪੁੱਤਰਾਂ ਦਾਤੂ ਅਤੇ ਦਾਸੂ ਨੇ ਇਸ ਦਾ ਕਰੜਾ ਵਿਰੋਧ ਕੀਤਾ। ਇਸ ਲਈ ਬਿਨ੍ਹਾਂ ਕਿਸੇ ਨੂੰ ਦੱਸਿਆ ਗੁਰੂ ਜੀ ਗੋਇੰਦਵਾਲ ਤੋਂ ਪਿੰਡ ਬਾਸਰਕੇ ਆ ਗਏ ਅਤੇ ਇਥੇ ਮਲੇ-ਝਾੜੀਆਂ ਵਿਚ ਬਣੇ ਇਕ ਕੱਚੇ ਕੋਠੇ ਵਿਚ ਬੈਠ ਕੇ ਭਜਨ ਬੰਦਗੀ ਕਰਨ ਲੱਗ ਪਏ। ਗੋਇੰਦਵਾਲ ਤੋਂ ਸੰਗਤਾਂ ਗੁਰੂ ਜੀ ਦੀ ਭਾਲ ਕਰਨ ਦੀ ਬੇਨਤੀ ਨੂੰ ਮੰਨ, ਗੁਰੂ ਜੀ ਦੀ ਘੋੜੀ ਤੋਂ ਸੇਧ ਲੈ ਇਥੇ ਹਾਜ਼ਰ ਹੋਏ। ਜਦ ਦਰਵਾਜ਼ੇ 'ਤੇ ਲਿਖਿਆ ਪੜ੍ਹਿਆ ਕਿ ਜੋ ਬੂਹਾ ਖੋਲੇਗਾ, ਉਹ ਗੁਰੂ ਕਾ ਸਿੱਖ ਨਹੀਂ ਹੋਵੇਗਾ ਤਾਂ ਬਾਬਾ ਬੁੱਢਾ ਨੇ ਦਰਵਾਜ਼ਾ ਖੋਲ੍ਹਣ ਦੀ ਬਜਾਏ ਮਗਰੋਂ ਪਾੜ ਲਾ ਕੇ ਗੁਰੂ ਜੀ ਦੇ ਦਰਸ਼ਨ ਆਪ ਕੀਤੇ ਅਤੇ ਸੰਗਤਾਂ ਨੂੰ ਕਰਵਾਏ। ਇਸ ਅਸਥਾਨ ਤੇ ਗੁਰਦੁਆਰਾ ਸੰਨ੍ਹ ਸਾਹਿਬ ਸੁਸ਼ੋਭਿਤ ਹੈ। ਇਸ ਸਥਾਨ ਦੀ ਮਹਿਮਾ ਦਾ ਵਰਣਨ ਮਹਾਂ ਕਵੀ ਭਾਈ ਸੰਤੋਖ ਸਿੰਘ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਵੀ ਕੀਤਾ ਹੋਇਆ ਹੈ।

ਮੋਬਾਈਲ ਨੰਬਰ 9914716616




**ਦੋਹਤਾ ਬਾਣੀ ਕਾ ਬੋਹਥਾ ਦਾ ਵਰ ਗੁਰੂ ਅਮਰਦਾਸ ਤੋਂ ਪ੍ਰਾਪਤ ਕਰਨ ਵਾਲੇ ਸ਼੍ਰੀ ਗੁਰੂ ਅਰਜਨ ਦੇਵ ਦਾ ਨਾਨਕੇ ਹੋਣ ਦਾ ਮਾਣ ਵੀ ਪਿੰਡ ਬਾਸਰਕੇ ਨੂੰ ਪ੍ਰਾਪਤ ਹੈ।**

# ਕੇਂਦਰ ਐੱਮਐੱਸਪੀ ਬਾਰੇ ਆਰਡੀਨੈਂਸ ਲਿਆਏ, ਤਦ ਹੀ ਗੱਲਬਾਤ ਅੱਗੇ ਤੁਰੇਗੀ: ਪੰਧੇਰ



**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਅੱਜ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਦੇਣ ਲਈ ਆਰਡੀਨੈਂਸ ਲਿਆਂਦਾ ਜਾਵੇ। ਪੰਜਾਬ ਅਤੇ ਹਰਿਆਣਾ ਦੀ ਸਰਹੱਦ 'ਤੇ ਸਥਿਤ ਸ਼ੰਭੂ ਅਤੇ ਖਨੌਰੀ 'ਚ ਕਿਸਾਨ ਆਪਣੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ ਧਰਨੇ 'ਤੇ ਬੈਠੇ ਹਨ ਅਤੇ ਉਨ੍ਹਾਂ ਦੀ ਮੁੱਖ ਮੰਗ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ। ਕਿਸਾਨ ਆਗੂ ਪੰਧੇਰ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਕਿਸਾਨ ਆਗੂ ਤੇ ਕੇਂਦਰੀ ਮੰਤਰੀਆਂ ਵਿਚਾਲੇ ਐਤਵਾਰ ਨੂੰ ਚੌਥੇ ਦੌਰ ਦੀ ਗੱਲਬਾਤ ਹੋਣੀ ਹੈ। ਪੰਧੇਰ ਨੇ ਸ਼ੰਭੂ ਸਰਹੱਦ 'ਤੇ ਪੱਤਰਕਾਰਾਂ ਨੂੰ ਕਿਹਾ, 'ਜੇ ਕੇਂਦਰ ਸਰਕਾਰ ਚਾਹੇ ਤਾਂ ਰਾਤੋ-ਰਾਤ ਆਰਡੀਨੈਂਸ ਲਿਆ ਸਕਦੀ ਹੈ। ਜੇ ਸਰਕਾਰ ਕਿਸਾਨ ਅੰਦੋਲਨ ਦਾ ਕੋਈ ਹੱਲ ਚਾਹੁੰਦੀ ਹੈ ਤਾਂ ਉਹ ਆਰਡੀਨੈਂਸ ਲਿਆਵੇ ਕਿ ਉਹ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨ ਲਾਗੂ ਕਰੇਗੀ। ਇਸ ਤੋਂ ਬਾਅਦ ਗੱਲਬਾਤ ਅੱਗੇ ਵਧ ਸਕਦੀ ਹੈ।

# ਗੁਲਜ਼ਾਰ ਤੇ ਜਗਦਗੁਰੂ ਰਾਮਭਦਰਾਚਾਰੀਆ ਨੂੰ ਸਾਲ 2023 ਦਾ ਗਿਆਨਪੀਠ ਪੁਰਸਕਾਰ ਦਾ ਐਲਾਨ



**ਨਵੀਂ ਦਿੱਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਸਿੱਧ ਉਰਦੂ ਕਵੀ ਗੁਲਜ਼ਾਰ ਅਤੇ ਸੰਸਕ੍ਰਿਤ ਵਿਦਵਾਨ ਜਗਦਗੁਰੂ ਰਾਮਭਦਰਾਚਾਰੀਆ ਨੂੰ 2023 ਦੇ 58ਵੇਂ ਗਿਆਨਪੀਠ ਪੁਰਸਕਾਰ ਲਈ ਚੁਣਿਆ ਗਿਆ ਹੈ। ਗੁਲਜ਼ਾਰ ਨੂੰ ਹਿੰਦੀ ਸਿਨੇਮਾ ਵਿੱਚ ਆਪਣੀਆਂ ਰਚਨਾਵਾਂ ਲਈ ਜਾਣਿਆ ਜਾਂਦਾ ਹੈ ਅਤੇ ਇਸ ਯੁੱਗ ਦੇ ਉੱਤਮ ਉਰਦੂ ਕਵੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਪਹਿਲਾਂ 2002 ਵਿੱਚ ਉਰਦੂ ਲਈ ਸਾਹਿਤ ਅਕਾਦਮੀ ਅਵਾਰਡ, 2013 ਵਿੱਚ ਦਾਦਾ ਸਾਹਿਬ ਫਾਲਕੇ ਅਵਾਰਡ, 2004 ਵਿੱਚ ਪਦਮ ਭੂਸ਼ਣ ਮਿਲ ਚੁੱਕਿਆ ਹੈ। ਇਸ ਤੋਂ ਇਲਾਵਾ ਪੰਜ ਰਾਸ਼ਟਰੀ ਫਿਲਮ ਪੁਰਸਕਾਰ ਮਿਲ ਚੁੱਕੇ ਹਨ। ਰਾਮਭਦਰਚਾਰੀਆ, ਚਿਤਰਕੂਟ ਵਿੱਚ ਤੁਲਸੀ ਪੀਠ ਦੇ ਸੰਸਥਾਪਕ ਅਤੇ ਮੁਖੀ ਹਨ। ਉਹ ਪ੍ਰਸਿੱਧ ਹਿੰਦੂ ਅਧਿਆਤਮਿਕ ਆਗੂ, ਸਿੱਖਿਅਕ ਅਤੇ 100 ਤੋਂ ਵੱਧ ਕਿਤਾਬਾਂ ਦੇ ਲੇਖਕ ਹਨ।

# ਇਸਰੋ ਵੱਲੋਂ ਸ੍ਰੀਹਰੀਕੋਟਾ ਤੋਂ ਇਨਸੈੱਟ-3ਡੀ ਉਪਗ੍ਰਹਿ ਲਾਂਚ; ਦਸ ਸਾਲ ਤੱਕ ਮੌਸਮ ਦੀ ਸਹੀ ਜਾਣਕਾਰੀ ਦੇਵੇਗਾ ਉਪਗ੍ਰਹਿ



**ਸ੍ਰੀਹਰੀਕੋਟਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਅੱਜ ਉਪਗ੍ਰਹਿ ਇਨਸੈਟ-3ਡੀਐਸ ਲਾਂਚ ਕੀਤਾ ਜੋ ਮੌਸਮ ਦੀ ਸਹੀ ਜਾਣਕਾਰੀ ਦੇਵੇਗਾ। ਇਸ ਨੂੰ ਸ੍ਰੀਹਰੀਕੋਟਾ ਦੇ ਸਤੀਸ਼ ਧਵਨ ਸਪੇਸ ਸੈਂਟਰ ਤੋਂ ਸ਼ਾਮ 5.35 ਵਜੇ ਲਾਂਚ ਕੀਤਾ ਗਿਆ। ਇਹ ਸੈਟੇਲਾਈਟ 19 ਮਿੰਟ ਬਾਅਦ ਹੀ ਧਰਤੀ ਦੇ ਉਪਰਲੇ ਔਰਬਿਟ ਵਿੱਚ ਤਾਇਨਾਤ ਕਰ ਦਿੱਤ ਗਿਆ ਹੈ। ਇਹ ਇਸਰੋ ਦਾ ਇਸ ਸਾਲ ਦੂਜਾ ਮਿਸ਼ਨ ਹੈ ਤੇ ਇਸ ਤੋਂ ਪਹਿਲਾਂ ਪਹਿਲੀ ਜਨਵਰੀ ਨੂੰ ਵੀ ਉਪਗ੍ਰਹਿ ਲਾਂਚ ਕੀਤਾ ਗਿਆ ਸੀ। ਇਸਰੋ ਦੇ ਚੇਅਰਮੈਨ ਐਸ ਸੋਮਨਾਥ ਅਨੁਸਾਰ ਇਹ ਛੇ-ਚੈਨਲ ਇਮੇਜਰ ਅਤੇ ਉੱਨੀ-ਚੈਨਲ ਸਾਊਂਡਰ ਰਾਹੀਂ ਮੌਸਮ ਸਬੰਧੀ ਜਾਣਕਾਰੀ ਪ੍ਰਦਾਨ ਕਰੇਗਾ। ਇਹ ਖੋਜ ਅਤੇ ਬਚਾਅ ਲਈ ਜ਼ਮੀਨੀ ਡੇਟਾ ਅਤੇ ਸੰਦੇਸ਼ਾਂ ਨੂੰ ਵੀ ਰਿਲੇਅ ਕਰੇਗਾ।

। ਇਸਰੋ ਨੇ ਆਂਧਰਾ ਪ੍ਰਦੇਸ਼ ਦੇ ਸ਼੍ਰੀਹਰਿਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ (ਐੱਸ.ਡੀ.ਐੱਸ.ਸੀ.) ਤੋਂ ਸ਼ਨੀਵਾਰ ਸ਼ਾਮ 5.35 ਵਜੇ ਇਨਸੈੱਟ-3ਡੀਐੱਸ ਸੈਟੇਲਾਈਟ ਲਾਂਚ ਕੀਤਾ ਹੈ। ਸਤੀਸ਼ ਧਵਨ ਸਪੇਸ ਸੈਂਟਰ ਦੇ ਦੂਜੇ ਲਾਂਚ ਪੈਡ ਤੋਂ ਜੀ.ਐੱਸ.ਐੱਲ.ਵੀ.-ਐੱਫ14 ਰਾਕੇਟ ਰਾਹੀਂ ਇਨਸੈੱਟ-3ਡੀਐੱਸ ਸੈਟੇਲਾਈਟ ਨੂੰ ਉਸ ਦੀ ਤੈਅ ਪੰਧ 'ਚ ਛੱਡਿਆ ਗਿਆ। ਇਹ ਸੀਰੀਜ਼ ਦਾ ਤੀਜੀ ਪੀੜ੍ਹੀ ਦਾ ਸੈਟੇਲਾਈਟ ਹੈ। ਇਸ ਸੈਟੇਲਾਈਟ ਦਾ ਮਕਸਦ ਧਰਤੀ ਦੀ ਸਤਿਹ ਅਤੇ ਸਮੁੰਦਰੀ ਨਿਰੀਖਣਾਂ ਦੇ ਅਧਿਐਨ ਨੂੰ ਉਤਸ਼ਾਹ ਦੇਣਾ ਹੈ। 51.7 ਮੀਟਰ ਲੰਬਾ ਜੀ.ਐੱਸ.ਐੱਲ.ਵੀ.-ਐੱਫ14 ਰਾਕੇਟ ਇੱਥੋਂ ਲਾਂਚ ਕੀਤਾ ਗਿਆ। ਲਾਂਚ ਦੇਖਣ ਲਈ ਇਕੱਠੀ ਭੀੜ ਨੇ ਰਾਕੇਟ ਦੇ ਰਵਾਨਾ ਹੋਣ 'ਤੇ ਤਾੜੀਆਂ ਵਜਾ ਕੇ ਖੁਸ਼ੀ ਜਤਾਈ।

ਇਸਰੋ ਨੇ ਕਿਹਾ ਕਿ 2,274 ਕਿਲੋਗ੍ਰਾਮ ਭਾਰੀ ਸੈਟੇਲਾਈਟ ਭਾਰਤੀ ਮੌਸਮ ਵਿਗਿਆਨ ਵਿਭਾਗ (ਆਈ.ਐੱਮ.ਡੀ.) ਸਮੇਤ ਪ੍ਰਿਥਵੀ ਵਿਗਿਆਨ ਮੰਤਰਾਲਾ ਦੇ ਅਧੀਨ ਵੱਖ-ਵੱਖ ਵਿਭਾਗਾਂ ਨੂੰ ਸੇਵਾ ਪ੍ਰਦਾਨ ਕਰੇਗਾ। ਇਕ ਜਨਵਰੀ ਨੂੰ ਪੀ.ਐੱਸ.ਐੱਲ.ਵੀ.-ਸੀ58/ਐਕਸਪੋਸੈਟ ਮਿਸ਼ਨ ਦੇ ਸਫ਼ਲ ਲਾਂਚ ਤੋਂ ਬਾਅਦ 2024 'ਚ ਇਸਰੋ ਲਈ ਇਹ ਦੂਜਾ ਮਿਸ਼ਨ ਹੈ। ਇਨਸੈੱਟ-3ਡੀਐੱਸ ਮਿਸ਼ਨ ਦਾ ਮਕਸਦ ਮੌਸਮ, ਜਲਵਾਯੂ ਅਤੇ ਚੱਕਰਵਾਤਾਂ 'ਤੇ ਨਜ਼ਰ ਰੱਖਣਾ ਹੈ। ਜਿਸ ਨਾਲ ਮੌਸਮ ਅਤੇ ਆਫ਼ਤ ਦੀ ਸਹੀ ਜਾਣਕਾਰੀ ਹਾਸਲ ਕੀਤੀ ਜਾ ਸਕੇ। ਜਦੋਂ ਕੁਦਰਤੀ ਆਫ਼ਤਾਵਾਂ ਦੇ ਪਹਿਲੇ ਹੀ ਸਹੀ ਜਾਣਕਾਰੀ ਮਿਲੇਗੀ ਤਾਂ ਉਨ੍ਹਾਂ ਨੂੰ ਰੋਕਣ ਦੇ ਵੀ ਪ੍ਰਭਾਵੀ ਉਪਾਅ ਕੀਤੇ ਜਾਣਗੇ। ਭਾਰਤੀ ਮੌਸਮ ਏਜੰਸੀਆਂ ਲਈ ਇਹ ਮੌਸਮ ਸੈਟੇਲਾਈਟ ਬੇਹੱਦ ਅਹਿਮ ਸਾਬਤ ਹੋਵੇਗਾ।

# ਜਸਟਿਸ ਆਦਰਸ਼ ਕੁਮਾਰ ਗੋਇਲ ਅਤੇ ਪਦਮਸ਼੍ਰੀ ਰਜਿੰਦਰ ਗੁਪਤਾ ਨੇ ਸਪਤ ਸਿੰਧੂ ਲਿਟ ਫੈਸਟ ਵਿੱਚ ਸਾਹਿਤਕਾਰਾਂ ਦੀ ਕੀਤੀ ਅਗਵਾਈ




**ਚੰਡੀਗੜ੍ਹ/ਬਰਨਾਲਾ 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਯੁਗਾਂ-ਯੁਗਾਂਤਰਾਂ ਤੋਂ ਨਿਰੰਤਰ ਵਹਿ ਰਹੀ ਪੁਰਾਤਨ ਸਭਿਅਤਾ ਦੇ ਵੱਖ-ਵੱਖ ਪਹਿਲੂਆਂ 'ਤੇ ਵਿਚਾਰ-ਵਟਾਂਦਰਾ ਕਰਨ ਦੇ ਯਤਨ ਨਾਲ 'ਸਪਤ ਸਿੰਧੂ ਲਿਟ ਫੈਸਟ (ਲਿਟਰੇਚਰ ਫੈਸਟੀਵਲ)' ਦਾ ਅਜ ਆਗਾਜ਼ ਹੋਯਾ। ਨਿਵੇਦਿਤਾ ਟਰੱਸਟ ਦੇ ਸਪਤ ਸਿੰਧੂ ਫੋਰਮ ਵੱਲੋਂ ਕਰਵਾਏ ਗਏ ਲਿਟ ਫੈਸਟ ਦੇ ਪਹਿਲੇ ਸੈਸ਼ਨ ਵਿੱਚ ਮੁੱਖ ਮਹਿਮਾਨ ਸੁਪਰੀਮ ਕੋਰਟ ਦੇ ਜਸਟਿਸ ਆਦਰਸ਼ ਕੁਮਾਰ ਗੋਇਲ ਅਤੇ ਵਿਸ਼ੇਸ਼ ਮਹਿਮਾਨ ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਐਮਰੀਟਸ ਪਦਮਸ਼੍ਰੀ ਰਜਿੰਦਰ ਗੁਪਤਾ ਵਜੋਂ ਸ਼ਾਮਲ ਹੋਏ। ਅਜ ਹੋਏ ਸੈਸ਼ਨ ਦੀ ਪ੍ਰਧਾਨਗੀ ਡਾ: ਨਿਰਮਲਜੀਤ ਸਿੰਘ ਕਲਸੀ ਆਈ.ਏਸ ਸੇਵਾਮੁਕਤ, ਅਤੇ ਸਪੀਕਰ ਅਤੇ ਥਿੰਕ ਟੈਂਕ ਸ਼ੌਰਿਆ ਡੋਵਾਲ, ਫਾਊਂਡਰ ਇੰਡੀਆ ਫਾਊਂਡੇਸ਼ਨ ਔਨਲਾਈਨ ਸ਼ਾਮਲ ਹੋਏ ਅਤੇ ਸਰਵੇਸ਼ ਕੌਸ਼ਲ ਆਈ.ਏਸ ਸੇਵਾਮੁਕਤ ਸਾਬਕਾ ਮੁੱਖ ਸਕੱਤਰ ਪੰਜਾਬ ਸਰਕਾਰ ਨੇ ਵੀ ਸੰਬੋਧਨ ਕੀਤਾ। 27, 28 ਅਤੇ 29 ਫਰਵਰੀ ਨੂੰ ਦੂਜੇ ਭਾਗ ਵਿਚ ਭਾਰਤ ਦੇ ਉਪ ਰਾਸ਼ਟਰਪਤੀ ਅਤੇ ਕਲਾਕਾਰ ਰਾਜ ਬੱਬਰ, ਜਸਪਿੰਦਰ ਨਰੂਲਾ ਜਸਬੀਰ ਜੱਸੀ ਦੀ ਹਾਜ਼ਰੀ ਵਿੱਚ ਸੰਪੂਰਨ ਕੀਤਾ ਜਾਵੇਗਾ। ਪਹਿਲੇ ਸੈਸ਼ਨ ਵਿੱਚ ਜਸਟਿਸ ਗੋਇਲ ਨੇ ਅੱਜ ਦੇ ਨੌਜਵਾਨਾਂ ਨੂੰ ਕਿਹਾ ਕਿ ਉਹ ਆਪਣੇ ਵਿਰਸੇ, ਸੱਭਿਆਚਾਰ ਅਤੇ ਇਤਿਹਾਸ ਨਾਲ ਜੁੜ ਕੇ ਅਤੇ ਰਾਮਾਇਣ ਅਤੇ ਮਹਾਂਭਾਰਤ ਦੇ ਪਾਤਰਾਂ ਦੇ ਆਦਰਸ਼ਾਂ ਨੂੰ ਅਪਣਾ ਕੇ ਹੀ ਵਿਸ਼ਵ ਗੁਰੂ ਬਣਨ ਵੱਲ ਵਧ ਸਕਦੇ ਹਨ।

ਦੂਜੇ ਸੈਸ਼ਨ ਵਿੱਚ ਸੰਤੋਸ਼ ਤਨੇਜਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ; ਜਸਟਿਸ ਕੇ ਸੀ ਪੁਰੀ ਵਿਸ਼ੇਸ਼ ਮਹਿਮਾਨ ਸਨ ਅਤੇ ਲੈਫਟੀਨੈਂਟ ਜਨਰਲ ਕੇ.ਜੇ ਸਿੰਘ, ਸਪੀਕਰ ਅਤੇ ਥਿੰਕ ਟੈਂਕ; ਧਰਮਪਾਲ ਆਈ.ਏਸ ਸੇਵਾਮੁਕਤ ਅਤੇ ਡਾ: ਰੇਣੂ ਠਾਕੁਰ, ਇਤਿਹਾਸਕਾਰ। ਜਨਰਲ ਕੇ.ਜੇ.ਸਿੰਘ ਨੇ ਭਾਰਤ ਦੇ ਸੁਨਹਿਰੀ ਯੁੱਗ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਵੇਦਾਂ ਦੀ ਰਚਨਾ ਪੰਜਾਬ ਵਿੱਚ ਹੀ ਹੋਈ, ਗੁਰੂ ਨਾਨਕ ਦੇਵ ਜੀ ਦੇ ਉਦਾਸੀ, ਮੱਕਾ ਮਦੀਨਾ ਭਰਿਮਾਨ ਦਾ ਜ਼ਿਕਰ ਕੀਤਾ ਅਤੇ ਭਾਰਤ ਦੇ ਸੱਭਿਆਚਾਰ, ਅਧਿਐਨ ਅਤੇ ਵਿਰਸੇ ਰਾਹੀਂ ਵਿਸ਼ਵ ਗੁਰੂ ਬਣਨ ਦੀ ਗੱਲ ਕੀਤੀ। ਤੀਸਰੇ ਸੈਸ਼ਨ ਵਿੱਚ ਮੁੱਖ ਮਹਿਮਾਨ ਪੀ ਸੀ ਡੋਗਰਾ ਆਈ.ਪੀ.ਐਸ. (ਸੇਵਾਮੁਕਤ), ਡਾ: ਮਨਮੋਹਨ ਸਿੰਘ ਆਈ.ਪੀ.ਐਸ. (ਸੇਵਾਮੁਕਤ), ਅਸ਼ਵਨੀ ਸੇਕਰੀ ਅਤੇ ਡਾ.ਅਮਰਜੀਤ ਗਰੇਵਾਲ ਵਾਕਤ ਅਤੇ ਥਿੰਕ ਟੈਂਕ, ਡਾ: ਮੋਹਨ ਤਿਆਗੀ, ਡਾ: ਹਰਿੰਦਰ ਸਿੰਘ, ਡਾ.ਪ੍ਰਵੀਨ ਕੁਮਾਰ ਦੀ ਵਿਸ਼ੇਸ਼ ਹਾਜ਼ਰੀ ਸੀ। ਸਪਤ ਸਿੰਧੂ ਲਿਟ ਫੈਸਟ ਦੇ ਪ੍ਰਬੰਧਕਾਂ ਨਿਵੇਦਿਤਾ ਟਰੱਸਟ ਦੇ ਸਪਤ ਸਿੰਧੂ ਫੋਰਮ ਨੇ ਕਿਹਾ ਕਿ ਵੇਦਾਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਵਿਸ਼ਵ ਦੀ ਪਹਿਲੀ ਪੁਸਤਕ, ਪਹਿਲਾ ਵਿਆਕਰਣ, ਪਹਿਲਾ ਸ਼ਹਿਰ, ਪਹਿਲੀ ਯੂਨੀਵਰਸਿਟੀ, ਵਿਗਿਆਨ-ਦਵਾਈ-ਕਲਾ-ਅਧਿਆਤਮ-ਆਰਕੀਟੈਕਚਰ-ਸਿੱਖਿਆ- ਨਿਆਂ ਪ੍ਰਣਾਲੀ ਅਤੇ ਜਮਹੂਰੀਅਤ ਨੂੰ ਨੌਜਵਾਨ ਪੀੜ੍ਹੀ ਤੱਕ ਲੈ ਕੇ ਜਾਣ ਦੇ ਯਤਨ ਕੀਤੇ। ਸਪਤਸਿੰਧੂ ਲਿਟ ਫੈਸਟ ਵਿੱਚ ਨੌਜਵਾਨਾਂ ਨੂੰ ਅੱਜ ਦੇ ਦੌਰ ਵਿੱਚ ਸਿੰਧੂ ਘਾਟੀ ਦੀ ਸਭਿਅਤਾ ਦੇ ਤੇਜ਼ੀ ਨਾਲ ਬਦਲ ਰਹੇ ਪਰਿਪੇਖ ਵਿੱਚ ਆਪਣੀਆਂ ਜੜ੍ਹਾਂ ਨਾਲ ਜੁੜਨ ਅਤੇ ਆਪਣੇ ਪੁਰਖਿਆਂ ਦੇ ਗਿਆਨ, ਕੁਦਰਤ ਅਤੇ ਸੱਭਿਆਚਾਰ ਤੋਂ ਜਾਣੂ ਹੋਣ ਦਾ ਮੌਕਾ ਮਿਲਿਆ।

# ਮੁੱਖ ਮੰਤਰੀ ਨੇ ਬਗਲਾਮੁਖੀ ਧਾਮ ਲੁਧਿਆਣਾ ਵਿਖੇ ਮੱਥਾ ਟੇਕਿਆ; ਲੋਕਾਂ ਦੀ ਖੁਸ਼ਹਾਲੀ, ਸ਼ਾਂਤੀ ਤੇ ਤਰੱਕੀ ਲਈ ਕੀਤੀ ਅਰਦਾਸ



**ਲੁਧਿਆਣਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨਿੱਚਰਵਾਰ ਨੂੰ ਬਗਲਾਮੁਖੀ ਧਾਮ ਵਿਖੇ ਮੱਥਾ ਟੇਕਿਆ ਅਤੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਸੂਬੇ ਦੀ ਸੇਵਾ ਹੋਰ ਜੋਸ਼ ਅਤੇ ਲਗਨ ਨਾਲ ਕਰਨ ਲਈ ਮਾਤਾ ਰਾਣੀ ਤੋਂ ਅਸ਼ੀਰਵਾਦ ਮੰਗਿਆ। ਉਨ੍ਹਾਂ ਸਰਬ ਸ਼ਕਤੀਮਾਨ ਅੱਗੇ ਪ੍ਰਾਰਥਨਾ ਕੀਤੀ ਕਿ ਪੂਰੇ ਸਮਰਪਣ ਨਾਲ ਸੂਬੇ ਦੇ ਲੋਕਾਂ ਦੀ ਸੇਵਾ ਕਰਨ ਲਈ ਤਾਕਤ ਤੇ ਸਮਰੱਥਾ ਬਖਸ਼ਣ। ਭਗਵੰਤ ਸਿੰਘ ਮਾਨ ਨੇ ਜਾਤ, ਰੰਗ, ਨਸਲ ਅਤੇ ਧਰਮ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਸੂਬੇ ਦੇ ਲੋਕਾਂ ਦੀ ਸੇਵਾ ਕਰਨ ਲਈ ਮਾਤਾ ਰਾਣੀ ਦਾ ਆਸ਼ੀਰਵਾਦ ਲੈਣ ਲਈ ਅਰਦਾਸ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸਮਾਜ ਵਿੱਚ ਪਿਆਰ, ਭਾਈਚਾਰਕ ਸਾਂਝ ਅਤੇ ਸਦਭਾਵਨਾ ਦੀਆਂ ਤੰਦਾਂ ਨੂੰ ਹਰ ਹੀਲੇ ਕਾਇਮ ਰੱਖਣਾ ਹਮੇਸ਼ਾ ਉਨ੍ਹਾਂ ਦੀ ਤਰਜੀਹ ਰਹੇਗੀ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਇਮਾਨਦਾਰੀ, ਲਗਨ ਅਤੇ ਤਨਦੇਹੀ ਨਾਲ ਸੇਵਾ ਕਰਨ ਦੀ ਜ਼ਿੰਮੇਵਾਰੀ ਸੌਂਪਣ ਲਈ ਮਾਤਾ ਰਾਣੀ ਦਾ ਧੰਨਵਾਦ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨਾ ਉਨ੍ਹਾਂ ਲਈ ਸੁਭਾਗਾ ਹੈ ਅਤੇ ਇਹ ਅਸਥਾਨ ਦੁਨੀਆ ਭਰ ਦੇ ਲੱਖਾਂ ਲੋਕਾਂ ਲਈ ਪ੍ਰੇਰਨਾ ਤੇ ਸਕਾਰਾਤਮਕਤਾ ਦਾ ਸੋਮਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਸੂਬੇ ਦੀ ਅਮਨ-ਸ਼ਾਂਤੀ ਅਤੇ ਵਿਕਾਸ ਦੀ ਅਰਦਾਸ ਕਰਨ ਲਈ ਇਸ ਅਸਥਾਨ 'ਤੇ ਆਏ ਹਨ, ਜਿਸ ਲਈ ਉਨ੍ਹਾਂ ਦੀ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।

# ਦਿੱਲੀ ਵਿਖੇ ਮਾਲ ਗੱਡੀ ਦੇ 10 ਡੱਬੇ ਲੀਹੋਂ ਲੱਥੇ



**ਨਵੀਂ ਦਿੱਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਸਰਾਏ ਰੋਹਿਲਾ ਰੇਲਵੇ ਸਟੇਸ਼ਨ ਨੇੜੇ ਅੱਜ ਮਾਲ ਗੱਡੀ ਦੇ 10 ਡੱਬੇ ਪਟੜੀ ਤੋਂ ਉਤਰ ਗਏ। ਅਧਿਕਾਰੀਆਂ ਨੇ ਕਿਹਾ ਕਿ ਪਟੜੀ 'ਤੇ ਕਿਸੇ ਜਾਨੀ ਨੁਕਸਾਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਘਟਨਾ ਅੱਜ ਸਵੇਰੇ ਉਦੋਂ ਹੋਈ ਜਦੋਂ ਟਰੇਨ ਜ਼ਖੀਰਾ ਫਲਾਈਓਵਰ ਦੇ ਹੇਠਾਂ ਤੋਂ ਲੰਘ ਰਹੀ ਸੀ। ਇਸ ਘਟਨਾ ਵਿੱਚ 10 ਡੱਬੇ ਪਟੜੀ ਤੋਂ ਉਤਰ ਗਏ। ਮਾਲ ਗੱਡੀ ਵਿੱਚ ਲੋਹੇ ਦੀਆਂ ਚਾਦਰਾਂ ਦੇ ਰੋਲ ਲੱਦੇ ਹੋਏ ਸਨ।

# ਚੱਕੀ ਨਦੀ 'ਤੇ ਪੁਲ ਦੇ ਪੁਨਰ ਨਿਰਮਾਣ ਦੀ ਮਨਜ਼ੂਰੀ, ਜਲਦੀ ਹੀ ਪਠਾਨਕੋਟ-ਜੋਗਿੰਦਰ ਨਗਰ ਦਰਮਿਆਨ ਰੇਲ ਸੇਵਾ ਬਹਾਲ ਹੋਵੇਗੀ: ਅਨੁਰਾਗ ਠਾਕੁਰ



**ਨਵੀਂ ਦਿੱਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਸੂਚਨਾ ਤੇ ਪ੍ਰਸਾਰਣ ਅਤੇ ਯੁਵਾ ਤੇ ਖੇਡ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਅਨੁਰਾਗ ਸਿੰਘ ਠਾਕੁਰ ਨੇ ਅੱਜ ਕੇਂਦਰੀ ਰੇਲ ਮੰਤਰੀ ਸ਼੍ਰੀ ਅਸ਼ਵਨੀ ਵੈਸ਼ਨਵ ਜੀ ਨਾਲ ਬੈਠਕ ਦੌਰਾਨ ਲਏ ਗਏ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਠਾਨਕੋਟ-ਜੋਗਿੰਦਰਨਗਰ ਸੈਕਸ਼ਨ ਦਰਮਿਆਨ ਰੇਲ ਸੇਵਾ ਨੂੰ ਬਹਾਲ ਕਰਨ ਲਈ ਚੱਕੀ ਦਰਿਆ 'ਤੇ ਢਹਿ ਚੁੱਕੇ ਪੁਲ ਦੇ ਪੁਨਰ ਨਿਰਮਾਣ ਲਈ ਮਨਜ਼ੂਰੀ ਮਿਲ ਗਈ ਹੈ। ਇਸ ਨਿਰਮਾਣ ਨਾਲ ਪਠਾਨਕੋਟ-ਜੋਗਿੰਦਰਨਗਰ ਦਰਮਿਆਨ ਜਲਦੀ ਹੀ ਰੇਲ ਆਵਾਜਾਈ ਸ਼ੁਰੂ ਹੋ ਜਾਵੇਗੀ। ਇਸ ਤੋਂ ਇਲਾਵਾ ਕਾਂਗੜਾ ਅਤੇ ਨੂਰਪੁਰ ਦਰਮਿਆਨ ਰੇਲਵੇ ਟਰੈਕ ਨੂੰ ਵੀ ਜਲਦੀ ਹੀ ਬਹਾਲ ਕਰ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਦਿੰਦੇ ਹੋਏ, ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ, ਹਿਮਾਚਲ ਪ੍ਰਦੇਸ਼ ਨੇ ਬੀਤੇ ਸਮੇਂ ਵਿੱਚ ਇੱਕ ਵੱਡੀ ਕੁਦਰਤੀ ਆਫ਼ਤ ਦਾ ਸਾਹਮਣਾ ਕੀਤਾ ਹੈ। ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਨ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ ਅਤੇ ਸੜਕਾਂ ਅਤੇ ਪੁਲਾਂ ਦੇ ਟੁੱਟਣ ਕਾਰਨ ਆਵਾਜਾਈ ਵੀ ਪ੍ਰਭਾਵਿਤ ਹੋਈ ਸੀ।

ਹੜ੍ਹ ਕਾਰਨ ਪਠਾਨਕੋਟ ਜੋਗਿੰਦਰਨਗਰ ਰੇਲਵੇ ਸੈਕਸ਼ਨ ਕਈ ਥਾਵਾਂ 'ਤੇ ਢਹਿ ਗਿਆ ਸੀ, ਜਿਸ ਕਾਰਨ ਰੇਲ ਯਾਤਰੀਆਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

# ਮੂਰਤੀ ਨੂੰ ਜਲ ਪ੍ਰਵਾਹ ਕਰਨ ਮੌਕੇ ਦੋ ਧੜਿਆਂ 'ਚ ਝੜਪ ਕਾਰਨ ਪੁਲਿਸ ਮੁਲਾਜ਼ਮਾਂ ਸਣੇ 8 ਜ਼ਖ਼ਮੀ



**ਰਾਂਚੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਂਚੀ ਦੇ ਬਾਹਰਵਾਰ ਸਰਸਵਤੀ ਦੇਵੀ ਦੀ ਮੂਰਤੀ ਦੇ ਜਲ ਪ੍ਰਵਾਹ ਦੌਰਾਨ ਦੋ ਧੜਿਆਂ ਨੇ ਇੱਕ ਦੂਜੇ 'ਤੇ ਪਥਰਾਅ ਕੀਤਾ, ਜਿਸ ਦੌਰਾਨ ਦੋ ਪੁਲੀਸ ਮੁਲਾਜ਼ਮਾਂ ਸਮੇਤ ਘੱਟੋ-ਘੱਟ ਅੱਠ ਵਿਅਕਤੀ ਜ਼ਖ਼ਮੀ ਹੋ ਗਏ। ਹਿੰਸਾ ਦੌਰਾਨ ਪੁਲੀਸ ਵਾਹਨਾਂ ਸਮੇਤ ਕਈ ਵਾਹਨਾਂ ਨੂੰ ਨੁਕਸਾਨ ਪਹੁੰਚਿਆ। ਇਹ ਘਟਨਾ ਬੀਤੀ ਰਾਤ ਨੂੰ ਨਗੜੀ ਮੇਨ ਰੋਡ 'ਤੇ ਸਰਸਵਤੀ ਮੂਰਤੀ ਦੇ ਜਲ ਪ੍ਰਵਾਹ ਜਲੂਸ ਦੌਰਾਨ ਵਾਪਰੀ, ਜਦੋਂ ਇਕ ਸਮੂਹ ਨੇ ਜਲੂਸ 'ਚ ਹਿੱਸਾ ਲੈ ਰਹੇ ਕੁਝ ਲੋਕਾਂ 'ਤੇ ਕਥਿਤ ਤੌਰ 'ਤੇ ਪਥਰਾਅ ਕੀਤਾ। ਫਿਰ ਦੋਵਾਂ ਪਾਸਿਆਂ ਤੋਂ ਪੱਥਰਬਾਜ਼ੀ ਹੋਈ, ਜਿਸ ਵਿਚ ਕਈ ਵਿਅਕਤੀ ਜ਼ਖ਼ਮੀ ਹੋ ਗਏ। ਸਥਿਤੀ ਨੂੰ ਕਾਬੂ ਕਰਨ ਲਈ ਗਏ ਕੁਝ ਪੁਲੀਸ ਮੁਲਾਜ਼ਮ ਵੀ ਪਥਰਾਅ ਵਿੱਚ ਜ਼ਖ਼ਮੀ ਹੋ ਗਏ।

# ਈਡੀ ਸੰਮਨ ਮਾਮਲੇ 'ਚ ਕੇਜਰੀਵਾਲ ਵੀਡੀਓ ਕਾਨਫਰੰਸ ਰਾਹੀਂ ਅਦਾਲਤ 'ਚ ਪੇਸ਼, ਨਿੱਜੀ ਪੇਸ਼ੀ ਤੋਂ ਮਿਲੀ ਰਾਹਤ



**ਨਵੀਂ ਦਿੱਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੀ ਅਦਾਲਤ ਨੇ ਅੱਜ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਦਾਇਰ ਸ਼ਿਕਾਇਤ ਦੇ ਸਬੰਧ ਵਿੱਚ ਅਦਾਲਤ ਵਿੱਚ ਨਿੱਜੀ ਹਾਜ਼ਰੀ ਤੋਂ ਛੋਟ ਦੇ ਦਿੱਤੀ। ਐਨਫੋਰਸਮੈਂਟ ਡਾਇਰੈਕਟੋਰੇਟ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਸੀ ਕਿ ਕੇਜਰੀਵਾਲ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਉਨ੍ਹਾਂ ਨੂੰ ਭੇਜੇ ਸੰਮਨਾਂ ਦੀ ਪਾਲਣਾ ਨਹੀਂ ਕਰ ਰਹੇ। ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਦਿਵਿਆ ਮਲਹੋਤਰਾ ਨੇ ਉਦੋਂ ਕੇਜਰੀਵਾਲ ਨੂੰ ਇਹ ਰਾਹਤ ਦਿੱਤੀ, ਜਦੋਂ 'ਆਪ' ਨੇਤਾ ਵੀਡੀਓ ਕਾਨਫਰੰਸ ਰਾਹੀਂ ਅਦਾਲਤ 'ਚ ਪੇਸ਼ ਹੋਏ ਅਤੇ ਦਿਨ ਭਰ ਲਈ ਨਿੱਜੀ ਪੇਸ਼ੀ ਤੋਂ ਛੋਟ ਦੀ ਬੇਨਤੀ ਕੀਤੀ। ਕੇਜਰੀਵਾਲ ਨੇ ਅਦਾਲਤ ਨੂੰ ਦੱਸਿਆ ਕਿ ਦਿੱਲੀ ਵਿਧਾਨ ਸਭਾ ਦਾ ਸੈਸ਼ਨ ਚੱਲ ਰਿਹਾ ਹੈ ਅਤੇ ਇਸ ਲਈ ਉਹ ਅਦਾਲਤ ਵਿੱਚ ਪੇਸ਼ ਨਹੀਂ ਹੋ ਸਕਦੇ ਹਨ। ਕੇਜਰੀਵਾਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਮੇਸ਼ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਦਿੱਲੀ ਦੇ ਮੁੱਖ ਮੰਤਰੀ ਅਗਲੀ ਤਰੀਕ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣਗੇ। ਅਦਾਲਤ ਨੇ ਮਾਮਲੇ ਦੀ ਸੁਣਵਾਈ ਲਈ ਅਗਲੀ ਤਰੀਕ 16 ਮਾਰਚ ਤੈਅ ਕੀਤੀ ਹੈ।

# ਚੰਪਈ ਸੋਰੇਨ ਨੇ ਕੀਤਾ ਮੰਤਰੀ ਮੰਡਲ ਦਾ ਵਿਸਤਾਰ, 8 ਨਵੇਂ ਮੰਤਰੀ ਸ਼ਾਮਲ



**ਰਾਂਚੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਝਾਰਖੰਡ 'ਚ ਸ਼ੁੱਕਰਵਾਰ ਨੂੰ ਮੁੱਖ ਮੰਤਰੀ ਚੰਪਈ ਸੋਰੇਨ ਦੇ ਮੰਤਰੀ ਮੰਡਲ ਦਾ ਵਿਸਤਾਰ ਕਰ ਕੇ ਉਸ ਵਿਚ 8 ਨਵੇਂ ਮੰਤਰੀਆਂ ਨੂੰ ਸ਼ਾਮਲ ਕੀਤਾ ਗਿਆ ਜਦੋਂ ਕਿ ਮੰਤਰੀ ਮੰਡਲ ਵਿਚ ਇਕ ਸੀਟ ਅਜੇ ਵੀ ਖਾਲੀ ਰੱਖੀ ਗਈ ਹੈ। ਮੰਤਰੀ ਮੰਡਲ ਦੇ ਵਿਸਤਾਰ ਵਿਚ ਕਾਂਗਰਸ ਦੇ 3 ਅਤੇ ਝਾਰਖੰਡ ਮੁਕਤੀ ਮੋਰਚਾ ਦੇ 5 ਵਿਧਾਇਕਾਂ ਨੂੰ ਮੰਤਰੀ ਬਣਾਇਆ ਗਿਆ।

ਹੇਮੰਤ ਮੰਤਰੀ ਮੰਡਲ ਵਿਚ ਸ਼ਾਮਲ ਜੋਬਾ ਮਾਂਝੀ ਨੂੰ ਇਸ ਵਾਰ ਮੰਤਰੀ ਨਹੀਂ ਬਣਾਇਆ ਗਿਆ ਜਦਕਿ ਚੰਪਈ ਸੋਰੇਨ ਮੰਤਰੀ ਮੰਡਲ ਵਿਚ ਨਵੇਂ ਚਿਹਰੇ ਵਜੋਂ ਹੇਮੰਤ ਸੋਰੇਨ ਦੇ ਛੋਟੇ ਭਰਾਵਾਂ ਬਸੰਤ ਸੋਰੇਨ ਅਤੇ ਦੀਪਕ ਬਿਰੂਆ ਨੂੰ ਸ਼ਾਮਲ ਕੀਤਾ ਗਿਆ ਹੈ।

ਰਾਜਪਾਲ ਸੀ. ਪੀ. ਰਾਧਾਕ੍ਰਿਸ਼ਨਨ ਨੇ ਅੱਜ ਇਥੇ ਰਾਜ ਭਵਨ ਵਿਚ ਆਯੋਜਿਤ ਇਕ ਸਾਦੇ ਸਮਾਗਮ ਵਿਚ ਕਾਂਗਰਸ ਦੇ ਰਾਮੇਸ਼ਵਰ ਓਰਾਂਵ, ਬੰਨਾ ਗੁਪਤਾ, ਬਾਦਲ ਅਤੇ ਝਾਰਖੰਡ ਮੁਕਤੀ ਮੋਰਚਾ ਦੇ ਦੀਪਕ ਬਿਰੂਆ, ਮਿਥਿਲੇਸ਼ ਕੁਮਾਰ ਠਾਕੁਰ, ਬਸੰਤ ਸੋਰੇਨ, ਹਫੀਜ਼ੁਲ ਹਸਨ ਅਤੇ ਬੇਬੀ ਦੇਵੀ ਨੂੰ ਕੈਬਨਿਟ ਮੰਤਰੀ ਵਜੋਂ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁਕਾਈ।

# ਭਾਕਿਯੂ (ਏਕਤਾ-ਉਗਰਾਹਾਂ) ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਘਰ ਸਾਹਮਣੇ ਧਰਨਾ ਪ੍ਰਦਰਸ਼ਨ ਕੀਤਾ ਸ਼ੁਰੂ


ਪਟਿਆਲਾ 'ਚ ਕੈਪਟਨ ਅਮਰਿੰਦਰ ਸਿੰਘ ਦੇ ਨਿਊ ਮੋਤੀ ਮਹਿਲ ਅੱਗੇ ਕਿਸਾਨ ਪ੍ਰਦਰਸ਼ਨ ਕਰਦੇ ਹੋਏ।

**ਪਟਿਆਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਆਗੂ ਵਜੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਟਿਆਲਾ ਸਥਿਤ ਰਿਹਾਇਸ਼ ਨਿਊ ਮੋਤੀ ਬਾਗ਼ ਪੈਲੇਸ ਦੇ ਮੂਹਰੇ ਅੱਜ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਹ ਧਰਨਾ ਇੱਕ ਦਿਨ ਪਹਿਲਾਂ ਹੀ ਐਲਾਨਿਆ ਗਿਆ ਸੀ। ਜਥੇਬੰਦੀ ਦਾ ਤਰਕ ਹੈ ਕਿ ਕੇਂਦਰ ਸਰਕਾਰ ਕਿਸਾਨ ਵਿਰੋਧੀ ਕਾਰਵਾਈਆਂ ਨੂੰ ਅੰਜਾਮ ਦੇ ਰਹੀ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਵੱਲੋਂ ਪੰਜਾਬ ਦੇ ਤਿੰਨ ਭਾਜਪਾ ਨੇਤਾਵਾਂ ਦੇ ਘਰਾਂ ਮੂਹਰੇ ਲਗਾਤਾਰ ਦੋ ਦਿਨਾਂ ਲਈ ਦਿਨ ਰਾਤ ਦੇ ਧਰਨੇ ਅਤੇ ਰਾਜ ਦੇ ਟੌਲ ਪਰਚੀ ਮੁਕਤ ਕਰ ਦਿੱਤੇ ਹਨ।

ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾ ਨੇ ਦੱਸਿਆ ਭਾਜਪਾ ਦੇ ਤਿੰਨ ਮੁੱਖ ਸੂਬਾ ਆਗੂਆਂ ਸੁਨੀਲ ਜਾਖੜ ਦੇ ਅਬੋਹਰ, ਕੈਪਟਨ ਅਮਰਿੰਦਰ ਸਿੰਘ ਦੇ ਪਟਿਆਲਾ ਅਤੇ ਕੇਵਲ ਸਿੰਘ ਢਿੱਲੋਂ ਦੇ ਬਰਨਾਲਾ ਦਰਾਂ ਅੱਗੇ ਦਿਨ ਰਾਤ ਦੇ ਧਰਨੇ ਸ਼ੁਰੂ ਕਰਨ ਦੇ ਨਾਲ਼ ਹੀ ਪੂਰੇ ਪੰਜਾਬ ਦੇ ਟੌਲ ਪਰਚੀ ਮੁਕਤ ਕਰ ਦਿੱਤੇ ਹਨ।

ਬਰਨਾਲਾ: ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਅੱਜ ਇਥੇ ਭਾਜਪਾ ਦੇ ਸੂਬਾਈ ਆਗੂ ਕੇਵਲ ਸਿੰਘ ਢਿੱਲੋਂ ਦੀ ਰਿਹਾਇਸ਼ ਅੱਗੇ ਨਾਅਰੇ ਬੁਲੰਦ ਕਰਦਿਆ ਦੋ ਰੋਜ਼ਾ ਧਰਨਾ ਆਰੰਭ ਕੀਤਾ ਗਿਆ।

ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਤੇ ਸੂਬਾ ਆਗੂ ਝੰਡਾ ਸਿੰਘ ਜੇਠੂਕੇ ਨੇ ਕਿਹਾ ਕਿ ਕਿਸਾਨ ਮੰਗਾਂ ਲਈ ਦਿੱਲੀ ਵੱਲ ਤੁਰੇ ਕਿਸਾਨਾਂ ਉੱਤੇ ਹਰਿਆਣਾ ਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਢਾਹੇ ਜਾ ਰਹੇ ਜ਼ਬਰ ਦੇ ਖਿਲਾਫ਼ ਧਰਨੇ ਦਿੱਤੇ ਜਾ ਰਹੇ ਹਨ। ਮੈਦਾਨ 'ਚ ਉੱਤਰੀ ਉਨ੍ਹਾਂ ਦੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਭਾਜਪਾ ਆਗੂਆਂ ਦੇ ਘਰਾਂ ਅੱਗੇ ਦੋ ਰੋਜ਼ਾ ਧਰਨੇ ਦੇਣ ਦੇ ਦਿੱਤੇ ਸੱਦੇ ਇਸ ਮੌਕੇ ਸੂਬਾ ਆਗੂ ਹਰਦੀਪ ਸਿੰਘ ਟੱਲੇਵਾਲ, ਮੀਤ ਪ੍ਰਧਾਨ ਰੂਪ ਸਿੰਘ ਛੰਨਾ ਟੱਲੇਵਾਲ, ਜਰਨੈਲ ਸਿੰਘ ਬਦਰਾ, ਜ਼ਿਲ੍ਹਾ ਖਜ਼ਾਨਚੀ ਭਗਤ ਸਿੰਘ ਛੰਨਾ, ਬੁੱਕਣ ਸਿੰਘ ਸੈਦੋਵਾਲ, ਦਰਸ਼ਨ ਸਿੰਘ ਭੈਣੀ, ਕਮਲਜੀਤ ਕੌਰ ਬਰਨਾਲਾ ਤੇ ਬਿੰਦਰ ਪਾਲ ਕੌਰ ਭਦੌੜ ਅਤੇ ਧਨੇਰ ਧੜੇ ਦੇ ਸਾਹਿਬ ਸਿੰਘ ਤੇ ਜੁਗਰਾਜ ਸਿੰਘ ਹਰਦਾਸਪੁਰਾ ਹਾਜ਼ਰ ਸਨ।

# ਸਵਾਮੀ ਵਿਸ਼ਵਾਸ ਦੇ ਸੰਸਥਾ ਦੇ 35 ਨੌਜਵਾਨਾਂ ਨੇ ਕੀਤਾ ਖ਼ੂਨਦਾਨ




**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵਾਸ ਫਾਊਂਡੇਸ਼ਨ ਪੰਚਕੂਲਾ ਅਤੇ ਇੰਡੀਅਨ ਰੈੱਡ ਕਰਾਸ ਸੋਸਾਇਟੀ ਯੂਟੀ ਚੰਡੀਗੜ੍ਹ ਨੇ ਸਾਂਝੇ ਤੌਰ 'ਤੇ ਗੁਰੂਦੇਵ ਸ਼੍ਰੀ ਸਵਾਮੀ ਜੀ ਦੇ ਆਸ਼ੀਰਵਾਦ ਨਾਲ ਮਾਰਕੀਟ ਸੈਕਟਰ 11 ਡੀ ਚੰਡੀਗੜ੍ਹ ਵਿੱਚ ਖੂਨਦਾਨ ਕੈਂਪ ਲਗਾਇਆ। ਇਹ ਖ਼ੂਨਦਾਨ ਕੈਂਪ ਕੁਮਾਰ ਬ੍ਰਦਰਜ਼ ਕੈਮਿਸਟ ਪ੍ਰਾਈਵੇਟ ਲਿਮਟਿਡ ਦੇ ਸਹਿਯੋਗ ਨਾਲ ਲਗਾਇਆ ਗਿਆ।

ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਕੁਮਾਰ ਬ੍ਰਦਰਜ਼ ਕੈਮਿਸਟ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਅਸ਼ਵਨੀ ਕੁਮਾਰ ਸਿੰਗਲਾ ਨੇ ਕੀਤਾ।

ਇਸ ਮੌਕੇ ਉਨ੍ਹਾਂ ਨਾਲ ਵਿਸ਼ਵਾਸ ਫਾਊਂਡੇਸ਼ਨ ਤੋਂ ਰਮੇਸ਼ ਸੁਮਨ, ਵਰਿੰਦਰ ਕੁਮਾਰ, ਮਧੂ ਖੰਨਾ ਅਤੇ ਜਨਕ ਮੁੰਜਾਲ ਵੀ ਹਾਜ਼ਰ ਸਨ। ਸੁਸ਼ੀਲ ਕੁਮਾਰ ਟਾਂਕ, ਟਰੇਨਿੰਗ ਸੁਪਰਵਾਈਜ਼ਰ, ਇੰਡੀਅਨ ਰੈੱਡ ਕਰਾਸ ਸੋਸਾਇਟੀ, ਯੂਟੀ ਚੰਡੀਗੜ੍ਹ ਨੇ ਵੀ ਕੈਂਪ ਵਿੱਚ ਸ਼ਿਰਕਤ ਕੀਤੀ ਅਤੇ ਖ਼ੂਨਦਾਨੀਆਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ।

ਬਲੱਡ ਬੈਂਕ ਜੀ.ਐਮ.ਐਸ.ਐਚ ਸੈਕਟਰ-16 ਚੰਡੀਗੜ੍ਹ ਦੀ ਟੀਮ ਨੇ ਡਾ: ਸਿਮਰਜੀਤ ਕੌਰ ਗਿੱਲ ਦੀ ਦੇਖ-ਰੇਖ ਹੇਠ 35 ਯੂਨਿਟ ਖ਼ੂਨ ਇਕੱਤਰ ਕੀਤਾ। ਕੈਂਪ ਵਿੱਚ ਖ਼ੂਨਦਾਨ ਕਰਨ ਲਈ 38 ਦਾਨੀਆਂ ਨੇ ਰਜਿਸਟ੍ਰੇਸ਼ਨ ਕਰਵਾਈ, ਜਿਨ੍ਹਾਂ ਵਿੱਚੋਂ 3 ਨੂੰ ਸਿਹਤ ਸਬੰਧੀ ਸਮੱਸਿਆਵਾਂ ਕਾਰਨ ਖ਼ੂਨਦਾਨ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਆਏ ਸਾਰੇ ਖ਼ੂਨਦਾਨੀਆਂ ਨੂੰ ਪ੍ਰਸ਼ੰਸਾ ਪੱਤਰ ਅਤੇ ਤੋਹਫੇ ਦੇ ਕੇ ਉਤਸ਼ਾਹਿਤ ਕੀਤਾ ਗਿਆ।

# ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਇਨਾਮ ਵੰਡ ਸਮਾਰੋਹ ਦੌਰਾਨ ਜੇਤੂ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ




**ਨਵੀਂ ਦਿੱਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀ ਐਮ ਸੀ ਬਾਲਯੋਗੀ ਆਡੀਟੋਰੀਅਮ, ਸੰਸਦ ਭਵਨ ਕੰਪਲੈਕਸ, ਨਵੀਂ ਦਿੱਲੀ, ਵਿਖੇ 16 ਫਰਵਰੀ ਨੂੰ ਆਯੋਜਿਤ 16ਵੇਂ ਰਾਸ਼ਟਰੀ ਯੁਵਾ ਸੰਸਦ ਮੁਕਾਬਲੇ (ਐਨ.ਵਾਈ.ਪੀ.) ਦੇ ਇਨਾਮ ਵੰਡ ਸਮਾਰੋਹ ਦੌਰਾਨ ਸੰਸਦੀ ਮਾਮਲਿਆਂ ਦੇ ਮੰਤਰਾਲੇ ਵੱਲੋਂ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਜੇਤੂ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਇਹ ਸਮਾਗਮ ਸੰਸਦੀ ਮਾਮਲਿਆਂ ਦੇ ਮੰਤਰਾਲੇ ਦੀ ਅਗਵਾਈ ਹੇਠ ਕਰਵਾਇਆ ਗਿਆ ਸੀ। ਇਸ ਇਤਿਹਾਸਕ ਪ੍ਰਾਪਤੀ ਦੇ ਨਾਲ, 15ਵੇਂ ਐਨ.ਵਾਈ.ਪੀ. ਮੁਕਾਬਲੇ ਦੀ ਜੇਤੂ ਰਹੀ ਪੰਜਾਬ ਕੇਂਦਰੀ ਯੂਨੀਵਰਸਿਟੀ ਨੇ 16ਵੇਂ ਐਨ.ਵਾਈ.ਪੀ.ਮੁਕਾਬਲੇ ਦੇ ਇਸ ਵੱਕਾਰੀ ਈਵੈਂਟ ਵਿੱਚ ਸਫਲਤਾਪੂਰਵਕ ਆਪਣੇ ਖਿਤਾਬ ਦਾ ਬਚਾਅ ਕੀਤਾ ਹੈ।

ਇਸ ਮੌਕੇ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ, ਕਾਨੂੰਨ ਅਤੇ ਨਿਆਂ ਰਾਜ ਮੰਤਰੀ (ਸੁਤੰਤਰ ਚਾਰਜ), ਅਤੇ ਸੱਭਿਆਚਾਰਕ ਮੰਤਰਾਲੇ ਬਾਰੇ ਰਾਜ ਮੰਤਰੀ ਸ਼੍ਰੀ ਅਰਜੁਨ ਰਾਮ ਮੇਘਵਾਲ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ ਅਤੇ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੇ ਵਿਦਿਆਰਥੀਆਂ ਨੂੰ ਰਨਿੰਗ ਪਾਰਲੀਮੈਂਟਰੀ ਸ਼ੀਲਡ ਐਂਡ ਟਰਾਫੀ ਨਾਲ ਸਨਮਾਨਿਤ ਕੀਤਾ। ਉਨ੍ਹਾਂ ਨੇ ਪ੍ਰਤੀਯੋਗਤਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਪੰਜ ਹੋਰ ਯੂਨੀਵਰਸਿਟੀਆਂ/ਕਾਲਜਾਂ ਨੂੰ ਪੁਰਸਕਾਰ ਪ੍ਰਦਾਨ ਕੀਤੇ। ਇਸ ਮੌਕੇ, ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਆਏ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੇ ਵਿਦਿਆਰਥੀਆਂ ਨੇ ਯੂਥ ਪਾਰਲੀਮੈਂਟ÷ ਦੀ ਬੈਠਕ ਪੇਸ਼ ਕੀਤੀ। ਇਸ ਸਮਾਗਮ ਵਿੱਚ ਹਾਜ਼ਰ ਹੋਰ ਪ੍ਰਮੁੱਖ ਹਸਤੀਆਂ ਵਿੱਚ ਡਾ. ਅਨਿਲ ਬੋਂਡੇ, ਸੰਸਦ ਮੈਂਬਰ (ਰਾਜ ਸਭਾ); ਪ੍ਰੋਫ਼ੈਸਰ ਰਾਘਵੇਂਦਰ ਪ੍ਰਸਾਦ ਤਿਵਾਰੀ, ਵਾਈਸ-ਚਾਂਸਲਰ, ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ; ਸ਼੍ਰੀ ਬ੍ਰਿਤਿਨ ਗੁਪਤਾ, ਸਾਬਕਾ ਸੰਸਦ ਮੈਂਬਰ (ਰਾਜ ਸਭਾ); ਸ਼੍ਰੀ ਉਮੰਗ ਨਰੂਲਾ, ਸਕੱਤਰ, ਸੰਸਦੀ ਮਾਮਲਿਆਂ ਦੇ ਮੰਤਰਾਲੇ; ਅਤੇ ਡਾ. ਸੱਤਿਆ ਪ੍ਰਕਾਸ਼, ਵਧੀਕ ਸਕੱਤਰ, ਸੰਸਦੀ ਮਾਮਲਿਆਂ ਬਾਰੇ ਮੰਤਰਾਲੇ, ਨੇ ਆਪਣੀ ਹਾਜ਼ਰੀ ਨਾਲ ਪ੍ਰੋਗਰਾਮ ਦੀ ਸ਼ੋਭਾ ਵਧਾਈ।

# ਲੋਕ ਮਾਰੂ ਨੀਤੀਆਂ ਖਿਲਾਫ ਦੇਸ਼ ਵਿਆਪੀ ਹੜਤਾਲ ਦੇ ਮੱਦੇ ਨਜਰ ਡੀ.ਟੀ.ਐੱਫ. ਲੁਧਿਆਣਾ ਅਤੇ ਫਤਹਿਗੜ੍ਹ ਸਾਹਿਬ ਦੀ ਹੋਈ ਇੱਕ ਅਹਿਮ ਜੂਮ ਮੀਟਿੰਗ

**ਮਾਛੀਵਾੜਾ ਸਾਹਿਬ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਡੈਮੋਕਰੇਟਿਕ ਟੀਚਰ ਫਰੰਟ ਜਿਲ੍ਹਾ ਲੁਧਿਆਣਾ ਅਤੇ ਫਤਹਿਗੜ੍ਹ ਸਾਹਿਬ ਦੀ ਇੱਕ ਅਹਿਮ ਜੂਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਤੇ ਜ਼ਿਲ੍ਹਾ ਕਨਵੀਨਰ ਫਤਹਿਗੜ੍ਹ ਸਾਹਿਬ ਜਗਵਿੰਦਰ ਸਿੰਘ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ 18 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਲੁਧਿਆਣਾ ਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਫਲ ਕਰਨ ਦੀ ਯੋਜਨਾ ਉਲੀਕੀ ਗਈ। ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਨੇ ਕਿਹਾ ਕਿ ਸਮੁੱਚੀ ਆਗੂ ਟੀਮ ਵਿੱਚ 18 ਫਰਵਰੀ ਦੀ ਹੜਤਾਲ ਤੇ ਜਾਣ ਦਾ ਭਾਰੀ ਉਤਸ਼ਾਹ ਹੈ। ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਡੰਕਲ ਤਜ਼ਵੀਜਾਂ ਤੋਂ ਸ਼ੁਰੂ ਹੋ ਕੇ ਹੁਣ ਤੱਕ ਨਿੱਜੀਕਰਨ, ਸੰਸਾਰੀਕਰਨ, ਉਦਾਰੀਕਰਨ ਅਤੇ ਕਾਰਪੋਰੇਟੀਕਰਨ ਵਾਲੀਆਂ ਆਰਥਿਕ ਨੀਤੀਆਂ ਨੇ ਦੇਸ਼ ਦੇ ਜਨਤਕ ਖੇਤਰ ਨੂੰ ਵੱਡੇ ਪੱਧਰ 'ਤੇ ਉਜਾੜਿਆ ਹੈ। ਜਨਤਕ ਸਿੱਖਿਆ, ਜਨਤਕ ਸਿਹਤ ਪ੍ਰਣਾਲੀ,ਪੱਕਾ ਰੁਜ਼ਗਾਰ ਅਤੇ ਖੁਸ਼ਹਾਲ ਬੁਢਾਪੇ ਦੀ ਗਰੰਟੀ ਕਰਦੀ ਪੁਰਾਣੀ ਪੈਨਸ਼ਨ ਸਕੀਮ ਆਦਿ ਉਹਨਾਂ ਲੋਕਾਂ ਤੋਂ ਖੋਹ ਲਏ ਗਏ ਹਨ,ਜੋ ਦੇਸ਼ ਦੀ ਰੀੜ੍ਹ ਦੀ ਹੱਡੀ ਹਨ। ਜਿਲ੍ਹਾ ਕਨਵੀਨਰ ਫਤਹਿਗੜ੍ਹ ਸਾਹਿਬ ਜਗਵਿੰਦਰ ਸਿੰਘ ਨੇ ਕਿਹਾ ਕਿ ਕੌਮੀ ਸਿੱਖਿਆ ਨੀਤੀ-2020 ਲਾਗੂ ਕਰਕੇ ਦੇਸ਼ ਦੇ ਭਵਿੱਖੀ ਵਿਦਿਆਰਥੀਆਂ ਤੋਂ ਅਸਲ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਖੋਹ ਲਿਆ ਗਿਆ ਹੈ। ਪੂਰੇ ਦੇਸ਼ ਵਿੱਚ ਲੋਕਤੰਤਰ ਨਾਂ ਦਾ ਕੋਈ ਸਿਸਟਮ ਨਹੀਂ ਬਚਿਆ ਹੈ। ਜਿਲ੍ਹਾ ਜਨਰਲ ਸਕੱਤਰ ਹਰਜੀਤ ਸਿੰਘ ਸੁਧਾਰ ਨੇ ਕਿਹਾ ਕਿ ਉਕਤ ਲੋਕ-ਮਾਰੂ ਨੀਤੀਆਂ ਖਿਲਾਫ, ਕੇਂਦਰ ਸਰਕਾਰ ਦੇ ਵਿਰੁੱਧ,ਟਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ 18 ਫਰਵਰੀ 2024 ਨੂੰ ਕੌਮੀ ਪੱਧਰ ਦੀ ਹੜਤਾਲ ਕੀਤੀ ਜਾ ਰਹੀ। ਟਰੇਡ ਯੂਨੀਅਨ ਅਤੇ ਕਿਸਾਨ ਮੋਰਚੇ ਦੇ ਉਕਤ ਪ੍ਰੋਗਰਾਮ ਨਾਲ ਸਹਿਮਤ ਹੁੰਦੇ ਹੋਇਆ ਮਿਤੀ 18 ਫਰਵਰੀ 2024 ਨੂੰ ਹੋਣ ਵਾਲੀ ਉਕਤ ਦੇਸ਼ ਵਿਆਪੀ ਹੜਤਾਲ ਦਾ ਸਮੂਹ ਅਧਿਆਪਕ ਸਾਥੀ ਹਿੱਸਾ ਬਣਨਗੇ ਤੇ ਸਕੂਲ ਮੁੱਖੀਆਂ ਨੂੰ ਪਹਿਲਾਂ ਹੀ ਇਸ ਹੜਤਾਲ ਤੇ ਜਾਣ ਲਈ ਸੂਚਿਤ ਕਰਨਗੇ। ਇਸ ਮੌਕੇ ਜਿਲਾ ਜਥੇਬੰਦਕ ਸਕੱਤਰ ਗੁਰਪ੍ਰੀਤ ਸਿੰਘ ਖੰਨਾ,ਜਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਸਿੱਧੂ,ਜ਼ਿਲ੍ਹਾ ਵਿੱਤ ਸਕੱਤਰ ਗੁਰਬਚਨ ਸਿੰਘ,ਜਿਲ੍ਹਾ ਪ੍ਰੈੱਸ ਸਕੱਤਰ ਹੁਸ਼ਿਆਰ ਸਿੰਘ,ਬਲਾਕ ਆਗੂ ਹਰਪਿੰਦਰ ਸਿੰਘ ਸ਼ਾਹੀ, ਬਲਾਕ ਪ੍ਰਧਾਨ ਮਾਛੀਵਾੜਾ ਸਾਹਿਬ ਰਜਿੰਦਰ ਸਿੰਘ,ਬਲਾਕ ਪ੍ਰਧਾਨ ਸਮਰਾਲਾ ਜਸਕਰਨ ਸਿੰਘ,ਜਿਲ੍ਹਾ ਬਲਾਕ ਪ੍ਰੈੱਸ ਸਕੱਤਰ ਮਾਛੀਵਾੜਾ ਸਾਹਿਬ ਸਾਹਿਬ ਬਲਜੀਤ ਸਿੰਘ,ਪਰਮਜੀਤ ਸਿੰਘ ਆਦਿ ਸ਼ਾਮਿਲ ਸਨ।

# ਸਿੱਖਿਆ ਵਿਭਾਗ ਵੱਲੋਂ ਜ਼ਿਲ੍ਹੇ 'ਚ ਦਾਖਲਾ ਮੁਹਿੰਮ ਸ਼ੁਰੂ; ਡਿਪਟੀ ਕਮਿਸ਼ਨਰ ਵੱਲੋਂ ਸਕੂਲਾਂ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੀ ਵੈਨ ਰਵਾਨਾ

## ਅਧਿਆਪਕ ਸਕੂਲ ਤੋਂ ਵਿਰਵੇ ਹਰੇਕ ਬੱਚੇ ਤੱਕ ਪਹੁੰਚ ਕਰਨ : ਸ਼ੌਕਤ ਅਹਿਮਦ ਪਰੈ

**ਪਟਿਆਲਾ, 18 ਫਰਵਰੀ -ਅਮਰਜੀਤ ਸਿੰਘ ਲਾਂਬਾ- -ਕੌਮੀ ਪੱਤ੍ਰਿਕਾ ਬਿਊਰੋ-**



ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਮਿਤੀ 9 ਫਰਵਰੀ 2024 ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਦਾਖਲਾ ਮੁਹਿੰਮ ਦਾ ਆਗਾਜ਼ ਕੀਤਾ ਗਿਆ ਅਤੇ ਆਮ ਜਨਤਾ ਨੂੰ ਸਕੂਲਾਂ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਾਉਣ ਲਈ ਵੈਨ ਰਾਹੀਂ ਪ੍ਰਚਾਰ ਮੁਹਿੰਮ ਵੀ ਸ਼ੁਰੂ ਕੀਤੀ ਗਈ, ਇਸੇ ਮੁਹਿੰਮ ਤਹਿਤ ਅੱਜ ਮਿਤੀ 18 ਫਰਵਰੀ 2024 ਨੂੰ ਜ਼ਿਲ੍ਹਾ ਸਿੱਖਿਆ ਦਫ਼ਤਰ ਐਲੀਮੈਂਟਰੀ ਸਿੱਖਿਆ ਤੇ ਸੈਕੰਡਰੀ ਸਿੱਖਿਆ ਵੱਲੋਂ ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੈ ਦੀ ਅਗਵਾਈ ਵਿੱਚ ਵੈਨ ਪ੍ਰਚਾਰ ਸ਼ੁਰੂ ਕੀਤਾ ਗਿਆ।

ਇਸ ਮੌਕੇ ਸ਼ੌਕਤ ਅਹਿਮਦ ਪਰੈ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਿੱਖਿਆ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਪੰਜਾਬ ਸਿੱਖਿਆ ਕ੍ਰਾਂਤੀ ਵੱਲ ਵਧ ਰਿਹਾ ਹੈ ਜਿਸ ਦਾ ਮੁੱਖ ਸਿਹਰਾ ਪੰਜਾਬ ਦੇ ਅਧਿਆਪਕਾਂ ਨੂੰ ਜਾਂਦਾ ਹੈ। ਉਹਨਾਂ ਨੇ ਹਰ ਅਧਿਆਪਕ ਨੂੰ ਅਪੀਲ ਕੀਤੀ ਕਿ ਅਸੀਂ ਹਰ ਉਸ ਬੱਚੇ ਤੱਕ ਪਹੁੰਚ ਕਰਨੀ ਹੈ ਜੋ ਸਕੂਲ ਨਹੀਂ ਆ ਰਿਹਾ ਕੋਈ ਵੀ ਬੱਚਾ ਸਕੂਲ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ।

ਜ਼ਿਲ੍ਹਾ ਸਿੱਖਿਆ ਅਫ਼ਸਰ ਸਕੈਂਡਰੀ ਸਿੱਖਿਆ ਸੰਜੀਵ ਕੁਮਾਰ ਵੱਲੋਂ ਵੀ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲ 'ਚ ਦਾਖ਼ਲ ਕਰਵਾਉਣ। ਉਹਨਾਂ ਨੇ ਦੱਸਿਆ ਕਿ ਸਰਕਾਰੀ ਸਕੂਲ ਵਿੱਚ ਹੁਣ ਕਿਸੇ ਵੀ ਪ੍ਰਕਾਰ ਦੀ ਕੋਈ ਕਮੀ ਨਹੀਂ ਹਰ ਸਕੂਲ ਵਿੱਚ ਬਹੁਤ ਹੀ ਤਜਰਬੇਕਾਰ ਅਧਿਆਪਕ ਹਨ ਅਤੇ ਬੱਚਿਆਂ ਨੂੰ ਪੜ੍ਹਾਉਣ ਲਈ ਹਰ ਪ੍ਰਕਾਰ ਦੀ ਤਕਨੀਕ ਦੀ ਪੂਰੀ ਮਦਦ ਲਈ ਜਾ ਰਹੀ ਹੈ। ਬੱਚਿਆਂ ਦੇ ਵਿਕਾਸ ਲਈ ਹਰ ਪੱਖ ਨੂੰ ਧਿਆਨ ਨਾਲ ਵਿਚਾਰਿਆ ਜਾ ਰਿਹਾ ਹੈ ਅਤੇ ਉਸ ਉੱਤੇ ਕੰਮ ਕੀਤਾ ਜਾ ਰਿਹਾ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਮੈਡਮ ਗਿੰਨੀ ਦੁੱਗਲ ਵੱਲੋਂ ਸਮੂਹ ਅਧਿਆਪਕਾਂ ਨੂੰ ਇਸ ਮੁਹਿੰਮ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਕਿਹਾ ਗਿਆ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਮਨਵਿੰਦਰ ਕੌਰ ਭੁੱਲਰ ਨੇ ਦੱਸਿਆ ਕਿ ਅੱਜ ਤੋਂ ਵੈਨ ਪ੍ਰਚਾਰ ਤਿੰਨ ਦਿਨ ਲਈ ਚੱਲੇਗਾ ਜਿਸ ਦਾ ਆਗਾਜ਼ ਅੱਜ ਡਿਪਟੀ ਕਮਿਸ਼ਨਰ ਪਟਿਆਲਾ ਵੱਲੋਂ ਕੀਤਾ ਗਿਆ ਹੈ ਅਤੇ ਅੱਜ ਇਸ ਦਾ ਪਹਿਲਾ ਪੜਾਅ ਸਿੱਖਿਆ ਬਲਾਕ ਪਟਿਆਲਾ-1 ਹੋਵੇਗਾ ਉਸ ਤੋਂ ਬਾਅਦ ਇਹ ਰਾਜਪੁਰਾ ਦੋ ਬਲਾਕ ਤੇ ਫਿਰ ਰਾਜਪੁਰਾ ਇੱਕ ਬਲਾਕ ਫਿਰ ਡਾਰੀਆਂ ਅਤੇ ਘਨੌਰ ਤੋਂ ਹੁੰਦੀ ਹੋਈ ਸਨੌਰ ਵਿਖੇ ਸਮਾਪਤੀ ਕਰੇਗੀ। ਇਸ ਵੈਨ ਦੇ ਨਾਲ ਅਧਿਆਪਕ ਅਤੇ ਆਮ ਲੋਕ ਕਾਫ਼ਲੇ ਦੇ ਰੂਪ ਵਿੱਚ ਚੱਲਣਗੇ ਅਤੇ ਆਮ ਲੋਕਾਂ ਨੂੰ ਸਕੂਲਾਂ ਦੀਆਂ ਪ੍ਰਾਪਤੀਆਂ ਨਾਲ ਸੰਬੰਧਿਤ ਪੈਂਫ਼ਲਿਟ ਵੀ ਵੰਡੇ ਜਾਣਗੇ।

ਮੈਡਮ ਮਨਵਿੰਦਰ ਕੌਰ ਭੁੱਲਰ ਨੇ ਪਟਿਆਲਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚੇ ਸਰਕਾਰੀ ਸਕੂਲਾਂ ਚ ਦਾਖਲ ਕਰਵਾਉਣ ਅਤੇ ਮਿਆਰੀ ਸਿੱਖਿਆ ਦੇ ਹੱਕਦਾਰ ਬਣਨ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ.) ਡਾ. ਰਵਿੰਦਰਪਾਲ ਸਿੰਘ ਵੱਲੋਂ ਦੱਸਿਆ ਗਿਆ ਕਿ ਸਰਕਾਰ ਵੱਲੋਂ ਸੰਸਾਰ ਪੱਧਰ ਦੀ ਸਿੱਖਿਆ ਲਈ ਸਕੂਲ ਆਫ਼ ਐਮੀਨੈਂਸ ਬਣਾਏ ਜਾ ਚੁੱਕੇ ਹਨ ਜੋ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾ ਰਹੇ ਹਨ।

ਮੁਹਿੰਮ ਦੇ ਆਗਾਜ਼ ਸਮੇਂ ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੈ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸੰਜੀਵ ਸ਼ਰਮਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਡਾ. ਰਵਿੰਦਰ ਪਾਲ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐ.ਸਿੱ. ਮੈਡਮ ਮਨਵਿੰਦਰ ਕੌਰ ਭੁੱਲਰ ਤੋਂ ਇਲਾਵਾ ਵੱਖ ਵੱਖ ਬਲਾਕਾਂ ਤੋਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਸੈਂਟਰ ਹੈੱਡ ਟੀਚਰ ਅਤੇ ਅਧਿਆਪਕ ਵੀ ਹਾਜ਼ਰ ਸਨ।

# ਭਾਸ਼ਾ ਵਿਭਾਗ ਨੇ ਤ੍ਰੈ-ਭਾਸ਼ੀ ਕਵੀ ਦਰਬਾਰ ਕਰਵਾਇਆ




**ਪਟਿਆਲਾ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ ਵਲੋਂ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾ ੰਤਰੀ, ਪੰਜਾਬ ਹਰਜੋਤ ਸਿੰਘ ਬੈਂਸ ਦੀ ਯੋਗ ਸਰਪ੍ਰਸਤੀ ਹੇਠ ਅਤੇ ਹਰਪ੍ਰੀਤ ਕੌਰ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੀ ਅਗਵਾਈ ਵਿੱਚ ਤ੍ਰੈ-ਭਾਸ਼ੀ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਵਿੱਚ ਸਭ ਤੋਂ ਪਹਿਲਾਂ ਸੁਖਜੀਤ, ਉਘੇ ਕਹਾਣੀਕਾਰ ਅਤੇ ਸਾਹਿਤਕਾਰ ਦੇ ਅਚਾਨਕ ਚਲੇ ਜਾਣ 'ਤੇ ਦੋ ਮਿੰਟ ਮੌਨ ਰੱਖ ਕੇ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਉਪਰੰਤ ਸਮਾਗਮ ਦਾ ਆਗਾਜ਼ ਕੀਤਾ ਗਿਆ।

ਡਿਪਟੀ ਡਾਇਰੈਕਟਰ ਸਤਨਾਮ ਸਿੰਘ ਨੇ ਆਏ ਹੋਏ ਸਾਹਿਤਕਾਰਾਂ ਦਾ ਸਵਾਗਤ ਕੀਤਾ। ਸ. ਮਨਮੋਹਨ ਸਿੰਘ, ਪ੍ਰਿੰਸੀਪਲ ਆਈ.ਟੀ.ਆਈ (ਲੜਕੀਆਂ), ਅਮਰਜੀਤ ਸਿੰਘ, ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਪਟਿਆਲਾ, ਹਰਭਜਨ ਕੌਰ, ਚੰਦਨਦੀਪ ਕੌਰ, (ਡਿਪਟੀ ਡਾਇਰੈਕਟਰ), ਅਮਰਿੰਦਰ ਸਿੰਘ (ਸਹਾਇਕ ਡਾਇਰੈਕਟਰ) ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਏ।

ਇਸ ਕਵੀ ਦਰਬਾਰ ਵਿੱਚ ਸਰਵ ਸ਼੍ਰੀ ਦਰਸ਼ਨ ਸਿੰਘ ਪਸਿਆਣਾ, ਜੀ.ਐੱਸ. ਅਨੰਦ, ਸੁਖਮਿੰਦਰ ਸੇਖੋਂ, ਨਵਦੀਪ ਮੁੰਡੀ, ਨਰਿੰਦਰਪਾਲ ਕੌਰ, ਡਾ. ਵਿਕਾਸ, ਗੁਰਦਰਸ਼ਨ ਸਿੰਘ ਗੁਸੀਲ, ਡਾ. ਗੁਰਸੇਵਕ ਲੰਬੀ, ਗੁਰਚਰਨ ਸਿੰਘ (ਚੰਨ ਪਟਿਆਲਵੀ), ਵਿਸ਼ਾਲ (ਬਿਆਸ) ਹਰਵਿੰਦਰ ਕੌਰ, ਅੰਗਰੇਜ਼ ਸਿੰਘ ਵਿਰਕ, ਆਸ਼ਾ ਸ਼ਰਮਾ, ਹਰਿੰਦਰ, ਸੰਦੀਪ ਜਸਵਾਲ, ਸੁਖਦੀਪ ਔਜਲਾ, ਤੇਜਿੰਦਰ ਅਣਜਾਣਾ, ਗੁਰਚਰਨ ਪੱਬਾਰਾਲੀ, ਡਾ. ਮੁਦੱਸਰ ਰਸ਼ੀਦ ਅਤੇ ਇੰਦਰਪਾਲ ਸਿੰਘ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਇਸ ਮੌਕੇ ਕਮਲਜੀਤ ਭੁੱਲਰ ਦੀ ਕਾਵਿ ਕਿਤਾਬ 'ਵਕਤ ਬੇਲਗਾਮ' ਵੀ ਲੋਕ ਅਰਪਣ ਕੀਤੀ ਗਈ। ਸਮਾਗਮ ਵਿਚ ਸ਼੍ਰੀ ਸ਼ੌਕਤ ਅਹਿਮਦ ਪਰੇ (ਆਈ.ਏ.ਐੱਸ.) ਦਫ਼ਤਰੀ ਰੁਝੇਵੇਂ ਹੋਣ ਕਾਰਨ ਸ਼ਾਮਲ ਨਹੀਂ ਹੋ ਸਕੇ, ਜਿਸ ਕਾਰਨ ਸ਼੍ਰੀ ਸੁਰਜੀਤ ਜੱਜ ਨੇ ਮੁੱਖ ਮਹਿਮਾਨ ਦੀ ਭੂਮਿਕਾ ਨਿਭਾਈ ਅਤੇ ਸਰੋਤਿਆਂ ਨਾਲ ਕਵਿਤਾ ਬਾਰੇ ਡੂੰਘੀਆਂ ਤੇ ਰੌਚਕ ਗੱਲਾਂ ਕੀਤੀਆਂ। ਇਸ ਸਮਾਗਮ ਦੀ ਪ੍ਰਧਾਨਗੀ ਬਲਵਿੰਦਰ ਸੰਧੂ ਸ਼੍ਰੋਮਣੀ ਕਵੀ ਨੇ ਕੀਤੀ। ਉਹਨਾਂ ਆਪਣੇ ਭਾਸ਼ਣ ਵਿਚ ਜਿੱਥੇ ਪੇਸ਼ ਕੀਤੀਆਂ ਕਵਿਤਾਵਾਂ ਦਾ ਮੁਤਾਲਿਆ ਕੀਤਾ ਉੱਥੇ ਭਾਸ਼ਾ ਵਿਭਾਗ ਵੱਲੋਂ ਕੀਤੀਆਂ ਜਾਰਹੀਆਂ ਗਤੀਵਿਧੀਆਂ ਦੀ ਪ੍ਰਸੰਸਾ ਕੀਤੀ। ਡਾ. ਮਨਜਿੰਦਰ ਸਿੰਘ, ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ ਵੱਲੋਂ ਆਏ ਹੋਏ ਸਾਰੇ ਸਾਹਿਤਕਾਰਾਂ,ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ ਗਿਆ।

ਇਸ ਸਮਾਗਮ ਵਿਚ ਜਸਪ੍ਰੀਤ ਕੌਰ, ਸੁਰਿੰਦਰ ਕੌਰ, ਸਹਾਇਕ ਡਾਇਰੈਕਟਰ, ਦਵਿੰਦਰ ਕੌਰ, ਸੰਤੋਖ ਸਿੰਘ ਸੁੱਖੀ, ਸਤਪਾਲ ਸਿੰਘ, ਬਲਦੇਵ ਸਿੰਘ ਖੋਜ ਅਫ਼ਸਰ, ਗੁਰਮੀਤ ਸਿੰਘ, ਖੋਜ ਸਹਾਇਕ, ਸ਼੍ਰੀਮਤੀ ਨਵਨੀਤ ਕੌਰ, ਹਰਦੀਪ ਕੌਰ ਆਦਿ ਮੌਜੂਦ ਸਨ। ਇਸ ਮੌਕੇ ਮੰਚ ਸੰਚਾਲਨ ਸ.ਗੁਰਮੇਲ ਸਿੰਘ ਨੇ ਕੀਤਾ।ਇਸ ਮੌਕੇ ਕੁਲਵੰਤ ਸਿੰਘ ਨਾਰੀਕੇ, ਬਲਵਿੰਦਰ ਭੱਟੀ, ਬਲਬੀਰ ਜਲਾਲਾਬਾਦੀ, ਤਿਰਲੋਕ ਸਿੰਘ ਢਿੱਲੋਂ, ਜਸਵਿੰਦਰ ਖਾਰਾ ਆਦਿ ਨੇ ਸ਼ਿਰਕਤ ਕੀਤੀ।

# ਦਿਆਲਪੁਰਾ ਦੇ ਯਤਨਾਂ ਸਦਕਾ ਸੀਵਰੇਜ 'ਚ ਪਾਈਪਾਂ ਪਾਉਣ ਦਾ ਕੰਮ ਸ਼ੁਰੂ

**ਮਾਛੀਵਾੜਾ ਸਾਹਿਬ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਵਾਰਡ ਨੰ. 12 ਦੇ ਪ੍ਰੇਮ ਨਗਰ ਵਿਚ 'ਆਪ' ਦੇ ਸੀਨੀਅਰ ਆਗੂ ਮੋਹਿਤ ਕੁੰਦਰਾ ਨੇ ਕਿਹਾ ਕਿ ਵਿਧਾਇਕ ਦਿਆਲਪੁਰਾ ਦੇ ਯਤਨਾਂ ਸਦਕਾ ਸੀਵਰੇਜ ਸਮੱਸਿਆ ਦੇ ਹੱਲ ਲਈ ਪਾਈਪਾਂ ਪਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਮੋਹਿਤ ਕੁੰਦਰਾ ਨੇ ਦੱਸਿਆ ਕਿ ਪ੍ਰੇਮ ਨਗਰ ਵਿਚ ਕੁਝ ਸੀਵਰੇਜ ਪਾਈਪਾਂ ਜਾਮ ਸਨ, ਜਿਸ ਕਾਰਨ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਨੇ ਕਿਹਾ ਕਿ ਜੇਕਰ ਵਾਰਡ ਵਿਚ ਕਿਸੇ ਵੀ ਪ੍ਰਕਾਰ ਦੇ ਕੰਮ ਦੀ ਕੋਈ ਹੋਰ ਸਮੱਸਿਆ ਹੋਈ ਤਾਂ ਉਸ ਦਾ ਵੀ ਜਲਦੀ ਹੀ ਹੱਲ ਕੀਤਾ ਜਾਵੇਗਾ ਇਸ ਮੌਕੇ ਉਹਨਾਂ ਨੇ ਕਿਹਾ ਕਿ ਅਸੀਂ ਵਿਧਾਇਕ ਦਿਆਲਪੁਰਾ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਸ ਸਮੱਸਿਆ ਦਾ ਜਲਦੀ ਹੀ ਹੱਲ ਕੀਤਾ।ਇਸ ਮੌਕੇ ਦੀਪਕ ਸ਼ਰਮਾ, ਬਿਕਰਮਜੀਤ ਸਿੰਘ, ਗੌਰਵ, ਰੁਪਿੰਦਰ ਸਿੰਘ, ਤੇਜਿੰਦਰ ਸਿੰਘ, ਨਿਰਮਲ ਸਿੰਘ, ਰਾਹੁਲ ਖੋਸਲਾ, ਕੁਲਦੀਪ ਸਿੰਘ ਥਿੰਦ, ਗੁਰਅਵਤਾਰ ਸਿੰਘ, ਹਰਪ੍ਰੀਤ ਸਿੰਘ, ਮਲਕੀਤ ਸਿੰਘ ਅਤੇ ਅਰੁਣ ਕੁਮਾਰ ਚੋਪੜਾ ਵੀ ਮੌਜੂਦ ਸਨ

# ਅੰਨਦਾਤਾ ਵਿਰੁੱਧ ਪੁਲਿਸ ਕਾਰਵਾਈ ਨੇ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦਾ ਜਮਹੂਰੀਅਤ ਵਿਰੋਧੀ ਕਿਰਦਾਰ ਨੰਗਾ ਕੀਤਾ: ਚੇਤਨ ਸਿੰਘ ਜੌੜਾਮਾਜਰਾ

**ਚੰਡੀਗੜ੍ਹ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਖਨੌਰੀ ਅਤੇ ਸ਼ੰਭੂ ਸਰਹੱਦ 'ਤੇ ਹਰਿਆਣਾ ਪੁਲਿਸ ਵੱਲੋਂ ਕਿਸਾਨਾਂ 'ਤੇ ਕੀਤੇ ਗਏ ਤਸ਼ੱਦਦ ਦਾ ਸਖ਼ਤ ਨੋਟਿਸ ਲੈਂਦਿਆਂ ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਕਿਹਾ ਕਿ ਇਸ ਕਾਰੇ ਨਾਲ ਭਾਜਪਾ ਸਰਕਾਰਾਂ ਦੀ ਜਮਹੂਰੀਅਤ ਵਿਰੋਧੀ ਅਤੇ ਤਾਨਾਸ਼ਾਹੀ ਮਾਨਸਿਕਤਾ ਦਾ ਘਿਨੌਣਾ ਚਿਹਰਾ ਸਾਹਮਣੇ ਆ ਗਿਆ ਹੈ, ਜੋ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਲਈ ਇੰਨੀ ਹੱਦ ਤੱਕ ਡਿੱਗ ਗਈ ਹੈ।

ਕੈਬਨਿਟ ਮੰਤਰੀ ਨੇ ਕਿਸਾਨਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣ ਲਈ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਇਹ ਸਰਕਾਰ ਕਿਸਾਨੀ ਭਾਈਚਾਰੇ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕਰਕੇ, ਉਲਟਾ ਵੱਡੇ ਉਦਯੋਗਪਤੀਆਂ ਨੂੰ ਕਰੋੜਾਂ ਰੁਪਏ ਦੀਆਂ ਵੱਡੀਆਂ ਰਾਹਤਾਂ ਅਤੇ ਛੋਟਾਂ ਦੇਣ ਵਿੱਚ ਰੁੱਝੀ ਹੋਈ ਹੈ। ਉਨ੍ਹਾਂ ਕਿਹਾ ਕਿ ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਅਤੇ ਕੇਂਦਰ ਸਰਕਾਰ ਤੋਂ ਸਨਮਾਨਜਨਕ ਰਵੱਈਏ ਦੇ ਹੱਕਦਾਰ ਹਨ। ਉਨ੍ਹਾਂ ਨੇ ਹਾਲਾਤ ਵਿਗੜਨ 'ਤੇ ਨਿਰਾਸ਼ਾ ਜ਼ਾਹਰ ਕਰਦਿਆਂ ਕਿਹਾ ਕਿ ਇਹ ਮਾਰੂ ਕਾਰਵਾਈਆਂ ਮੋਦੀ ਸਰਕਾਰ ਦੇ ਕਿਸਾਨਾਂ ਦਾ ਸਾਹਮਣਾ ਕਰਨ ਤੋਂ ਡਰ ਨੂੰ ਜੱਗ-ਜ਼ਾਹਰ ਕਰਦੀਆਂ ਹਨ।

ਮੀਡੀਆ ਨੂੰ ਜ਼ਖ਼ਮੀ ਕਿਸਾਨਾਂ ਦੀਆਂ ਤਸਵੀਰਾਂ ਜਾਰੀ ਕਰਦਿਆਂ ਕੈਬਨਿਟ ਮੰਤਰੀ ਨੇ ਕਿਸਾਨਾਂ ਵਿਰੁੱਧ ਅੱਥਰੂ ਗੈਸ ਅਤੇ ਪੈਲੇਟ ਗੰਨਾਂ ਦੀ ਵਰਤੋਂ, ਸੜਕਾਂ 'ਤੇ ਬੈਰੀਕੇਡ ਲਗਾਉਣ ਅਤੇ ਕੌਮੀ ਰਾਜਧਾਨੀ ਦੀ ਕਿਲ੍ਹਾਬੰਦੀ ਕਰਨ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਆਪਣੇ ਵਾਅਦਿਆਂ ਨੂੰ ਪੂਰਾ ਨਾ ਕਰਨਾ ਅਤੇ ਇਸ ਕਦਰ ਤਣਾਅਪੂਰਣ ਸਥਿਤੀ ਪੈਦਾ ਕਰਨਾ ਅਫ਼ਸੋਸਨਾਕ ਹੈ।

ਕਿਸਾਨਾਂ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਦੀ ਦ੍ਰਿੜ ਹਮਾਇਤ ਨੂੰ ਦੁਹਰਾਉਂਦਿਆਂ ਸ. ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੋਦੀ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਵਿੱਚ ਅਸਫ਼ਲ ਹੋਣ 'ਤੇ ਕਿਸਾਨਾਂ 'ਤੇ ਜ਼ੁਲਮ ਢਾਹ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਉਹ ਖ਼ੁਦ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਜ਼ਖ਼ਮੀ ਕਿਸਾਨਾਂ ਦਾ ਹਾਲ-ਚਾਲ ਜਾਣਨ ਲਈ ਹਸਪਤਾਲ ਦਾ ਦੌਰਾ ਕਰ ਰਹੇ ਹਨ।

ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ 'ਤੇ ਵਰ੍ਹਦਿਆਂ ਕੈਬਨਿਟ ਮੰਤਰੀ ਨੇ ਕਿਸਾਨਾਂ ਨੂੰ ਉਨ੍ਹਾਂ ਦੇ ਸ਼ਾਂਤਮਈ ਮਾਰਚ ਤੋਂ ਰੋਕਣ ਲਈ ਪੁਲਿਸ ਦੀ ਵਰਤੋਂ ਕਰਨ ਦੀ ਨਿੰਦਾ ਕੀਤੀ। ਉਨ੍ਹਾਂ ਇਸ ਨੂੰ ਨਿਰਾਦਰ ਭਰਿਆ ਅਤੇ ਗ਼ੈਰ-ਜਮਹੂਰੀ ਕਾਰਵਾਈ ਕਰਾਰ ਦਿੰਦਿਆਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਮੁੱਦਿਆਂ ਦਾ ਤੁਰੰਤ ਹੱਲ ਕਰਨ ਅਤੇ ਕੀਤੇ ਵਾਅਦੇ ਮੁਤਾਬਕ ਸੁਧਾਰਾਂ ਨੂੰ ਲਾਗੂ ਕਰਨ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਤੇ ਪੇਂਡੂ ਖੇਤਰਾਂ ਦੀ ਖ਼ੁਸ਼ਹਾਲੀ ਲਈ ਕਿਸਾਨਾਂ ਦੀ ਭਲਾਈ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ।

ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਖੱਟਰ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਨੂੰ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਬੰਦ ਕਰਨ ਅਤੇ ਦੇਸ਼ ਦੀ ਤਰੱਕੀ ਵਿੱਚ ÷ਅੰਨਦਾਤਾ÷ ਦੀ ਅਹਿਮ ਭੂਮਿਕਾ ਨੂੰ ਪਛਾਣਨ ਦੀ ਅਪੀਲ ਕਰਦਿਆਂ ਸ. ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਭਾਜਪਾ ਸਰਕਾਰਾਂ ਨੇ ਕਿਸਾਨਾਂ ਨਾਲ ਕੀਤੇ ਆਪਣੇ ਵਾਅਦਿਆਂ ਨੂੰ ਭੁੱਲਾ ਦਿੱਤਾ ਹੈ ਅਤੇ ਉਨ੍ਹਾਂ ਨੂੰ ਵੱਡੀਆਂ ਚੁਣੌਤੀਆਂ ਨਾਲ ਜੂਝਣ ਲਈ ਛੱਡ ਦਿੱਤਾ ਹੈ, ਜੋ ਸਵੀਕਾਰ ਨਹੀਂ ਕੀਤਾ ਜਾ ਸਕਦਾ।

# ਬੱਚਿਆਂ ਨੂੰ ਕਾਨੂੰਨੀ ਅਧਿਕਾਰਾਂ ਬਾਰੇ ਕੀਤਾ ਜਾਗਰੂਕ






**ਸ੍ਰੀ ਅਨੰਦਪੁਰ ਸਾਹਿਬ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਅਤੇ ਸੈਸ਼ਨ ਜੱਜ ਕਮ-ਚੇਅਰਪਰਸਨ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ ਸ਼੍ਰੀਮਤੀ ਰਮੇਸ਼ ਕੁਮਾਰੀ ਦੇ ਨਿਰਦੇਸ਼ਾਂ ਤਹਿਤ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ-ਸਕੱਤਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ ਸ਼੍ਰੀਮਤੀ ਹਿਮਾਂਸ਼ੀ ਗਲਹੋਤਰਾ ਦੁਆਰਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕ ਵਿਸੇਸ਼ ਸੈਮੀਨਾਰ ਲਗਾਇਆ ਗਿਆ।

ਇਸ ਸੈਮੀਨਾਰ ਵਿੱਚ ਸਕੂਲੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਬੱਚਿਆਂ ਅਤੇ ਔਰਤਾਂ ਦੇ ਮੌਲਿਕ ਅਧਿਕਾਰਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਬੱਚਿਆਂ ਨਾਲ ਵੱਧ ਰਹੇ ਸਰੀਰਕ ਸ਼ੋਸ਼ਣ ਸਬੰਧੀ ਬੱਚਿਆਂ ਨੂੰ ਜਾਗਰੂਕ ਕਰਨ ਲਈ ਪੋਕਸੋ ਐਕਟ, ਵਿਕਟਿਮ ਕੰਪਨਸੇਸ਼ਨ, ਸੈਕਸੁਅਲ ਹਰਾਸਮੈਂਟ ਅਤੇ ਛੇੜਛਾੜ ਸਬੰਧੀ ਕਾਨੂੰਨਾਂ ਬਾਰੇ ਜਾਣੂ ਕਰਵਾਇਆ ਗਿਆ।

ਉਨ੍ਹਾਂ ਬੱਚਿਆਂ ਨੂੰ ਇਹ ਵੀ ਜਾਣਕਾਰੀ ਦਿੱਤੀ ਕਿ ਸਰੀਰਕ ਸੋਸ਼ਣ ਤੋਂ ਬਚਾਉਣ ਅਤੇ ਅਜਿਹੀ ਅਨਚਾਹੀ ਘਟਨਾ ਹੋਣ 'ਤੇ ਸਖਤ ਕਾਰਵਾਈ ਕਰਨ ਲਈ ਬੱਚਿਆਂ ਦੀ ਸੁਰੱਖਿਆ ਲਈ ਬਣੇ ਕਾਨੂੰਨ ਪ੍ਰੋਟੈਕਸ਼ਨ ਆਫਚਿਲਡਰਨ ਫਰੋਮ ਸੈਕਸੁਅਲ ਓਫੈਂਸ ਐਕਟ 2012 ਪੋਕਸੋ ਲਈ ਕਾਨੂੰਨ ਬਣਾਇਆ ਗਿਆ ਹੈ। ਅੰਤ 'ਚ ਸੀ.ਜੇ.ਐਮ ਸ੍ਰੀਮਤੀ ਹਿਮਾਂਸ਼ੀ ਗਲਹੋਤਰਾ ਨੇ ਦੱਸਿਆ ਕਿ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਗੱਲ ਕਰਨ ਲਈ ਕਿਸੇ ਵੀ ਸਮੇ ਟੋਲ ਫਰੀ ਨੰਬਰ 15100 'ਤੇ ਸੰਪਰਕ ਕਰ ਸਕਦੇ ਹਨ।

# ਜ਼ਰਦਾਰੀ ਬਣ ਸਕਦੇ ਹਨ ਪਾਕਿਸਤਾਨ ਦੇ ਰਾਸ਼ਟਰਪਤੀ

**ਇਸਲਾਮਾਬਾਦ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਵੱਲੋਂ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਨਾਲ ਗੱਠਜੋੜ ਸਰਕਾਰ ਬਣਾਉਣ 'ਤੇ ਸਹਿਮਤ ਹੋਣ ਤੋਂ ਬਾਅਦ ਇਸ ਦੇ ਨੇਤਾ ਆਸਿਫ਼ ਅਲੀ ਜ਼ਰਦਾਰੀ ਦੇ ਦੂਜੀ ਵਾਰ ਦੇਸ਼ ਦੇ ਅਗਲੇ ਰਾਸ਼ਟਰਪਤੀ ਬਣਨ ਦੀ ਸੰਭਾਵਨਾ ਹੈ। ਦਿ ਨਿਊਜ਼ ਇੰਟਰਨੈਸ਼ਨਲ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਪੀਐੱਮਐੱਲ-ਐੱਨ ਅਤੇ ਪੀਪੀਪੀ ਵਿਚਾਲੇ ਸਮਝੌਤੇ ਦੀ ਗੱਲਬਾਤ ਸਿਰੇ ਲੱਗਦੀ ਹੈ ਤਾਂ ਪੀਐੱਮਐੱਲ-ਐੱਨ ਤੋਂ ਦੇਸ਼ ਦਾ ਪ੍ਰਧਾਨ ਮੰਤਰੀ ਤੇ ਪੀਪੀਪੀ ਤੋਂ ਰਾਸ਼ਟਰਪਤੀ ਹੋਵੇਗਾ।

# ਪੰਜਾਬੀ ਯੂਨੀਵਰਸਿਟੀ ਦੀਆਂ ਮਈ 2024 ਪ੍ਰੀਖਿਆਵਾਂ ਦੇ ਪ੍ਰੀਖਿਆ ਫ਼ਾਰਮ ਭਰਨੇ ਸ਼ੁਰੂ

**ਪਟਿਆਲਾ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਵੱਲੋਂ ਮਈ 2024 ਪ੍ਰੀਖਿਆਵਾਂ ਲਈ ਪ੍ਰੀਖਿਆ ਫ਼ਾਰਮ ਭਰਵਾਉਣੇ ਸ਼ੁਰੂ ਕਰ ਦਿੱਤੇ ਹਨ। ਉਹ ਸਾਰੇ ਵਿਦਿਆਰਥੀ, ਜੋ ਪੰਜਾਬੀ ਯੂਨੀਵਰਸਿਟੀ ਦੇ ਪਟਿਆਲਾ ਸਥਿਤ ਮੁੱਖ ਕੈਂਪਸ ਵਿੱਚ ਪੜ੍ਹਦੇ ਹਨ ਜਾਂ ਖੇਤਰੀ ਕੈਂਪਸ, ਨੇਬਰਹੁੱਡ ਕੈਂਪਸ, ਯੂਨਵਰਸਿਟੀ ਨਾਲ਼ ਸੰਬੰਧਤ ਕਾਲਜਾਂ ਵਿੱਚ ਪੜ੍ਹ ਰਹੇ ਜਾਂ ਫਿਰ ਪ੍ਰਾਈਵੇਟ ਵਿਦਿਆਰਥੀ ਹੋਣ, ਉਹ ਸਾਰੇ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਦੀ ਵੈੱਬਸਾਈਟ pupexamination.ac.in ਰਾਹੀਂ ਫ਼ਾਰਮ ਭਰ ਸਕਦੇ ਹਨ। ਜਿਹੜੇ ਵਿਦਿਆਰਥੀਆਂ ਨੇ ਰੀ-ਅਪੀਅਰ ਦੇ ਫਾਰਮ ਭਰਨੇ ਹਨ, ਉਹ ਵੀ ਇਸ ਵੈੱਬਸਾਈਟ ਰਾਹੀਂ ਫ਼ਾਰਮ ਭਰ ਸਕਦੇ ਹਨ। ਬਿਨਾ ਕਿਸੇ ਲੇਟ ਫ਼ੀਸ ਤੋਂ ਫ਼ਾਰਮ ਭਰਨ ਦੀ ਆਖਰੀ ਮਿਤੀ 29 ਫਰਵਰੀ 2024 ਹੈ।

ਕੰਟਰੋਲਰ ਪ੍ਰੋ. ਵਿਸ਼ਾਲ ਗੋਇਲ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਦੀ ਸਹੂਲਤ ਨੂੰ ਮੁੱਖ ਰਖਦਿਆਂ ਪ੍ਰੀਖਿਆ ਫ਼ਾਰਮ ਭਰਨ ਦੀ ਪ੍ਰਕਿਰਿਆ ਨੂੰ ਬਹੁਤ ਸੁਖਾਲ਼ਾ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਫਿਰ ਵੀ ਕਿਸੇ ਵਿਦਿਆਰਥੀ ਨੂੰ ਫ਼ਾਰਮ ਭਰਨ ਵਿੱਚ ਦਿੱਕਤ ਆਉਂਦੀ ਹੈ ਤਾਂ ਉਹ ਆਪਣੀ ਸਮੱਸਿਆ ਬਾਰੇ assessment@pbi.ac.in ਈਮੇਲ ਰਾਹੀਂ ਲਿਖ ਸਕਦੇ ਹਨ। ਇਸ ਸੰਬੰਧੀ 9779086715 (ਸਾਹਿਬ ਸਿੰਘ), 9878041415 (ਹਰਪ੍ਰੀਤ ਸਹਿਗਲ), 9478610551 (ਅਨਿਲ ਕੁਮਾਰ), 8146600345 (ਸੁਨੀਲ ਗਰੋਵਰ) ਅਤੇ 9501531204 (ਵਰਿੰਦਰ ਸਿੰਘ) ਨੰਬਰਾਂ ਉੱਤੇ ਸੰਪਰਕ ਵੀ ਕੀਤਾ ਜਾ ਸਕਦਾ ਹੈ।

# ਲੋੜਵੰਦ ਲੜਕੀਆਂ ਦੇ ਵਿਆਹ 17 ਮਾਰਚ ਨੂੰ: ਬਨੀ ਖੈਰਾ ਪ੍ਰਣਵ ਗੋਇਲ



**ਨਾਭਾ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਨਾਭਾ ਦੇ ਵਿੱਚ ਯੂਥ ਕਾਂਗਰਸ ਦੀ ਮੀਟਿੰਗ ਹੈਪੀ ਸਿੰਘ ਪ੍ਰਧਾਨ ਯੂਥ ਕਾਂਗਰਸ ਨਾਭਾ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਵਿਦੇਸ਼ ਤੋਂ ਤੇ ਯੂਥ ਕਾਂਗਰਸ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਬਨੀ ਖੈਰਾ ਅਤੇ ਜਿਲਾ ਯੂਥ ਕਾਂਗਰਸ ਦੇ ਪਟਿਆਲਾ ਦਿਹਾਤੀ ਦੇ ਪ੍ਰਧਾਨ ਪ੍ਰਣਵ ਗੋਇਲ ਪਹੁੰਚੇ ਅਤੇ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ ਕਿ ਹਰ ਸਾਲ ਟੀਮ ਬਨੀ ਖੈਰਾ ਜੀ ਦੀ ਅਗਵਾਈ ਵਿੱਚ ਕਬੱਡੀ ਟੂਰਨਾਮੈਂਟ ਕਰਵਾਏ ਜਾਂਦੇ ਸਨ ਅਤੇ ਪਰ ਇਸ ਵਾਰ ਟੀਮ ਬਨੀ ਖਹਿਰਾ ਦੇ ਵੱਲੋਂ ਲੋੜਵੰਦ ਲੜਕੀਆਂ ਦੇ 17 ਮਾਰਚ ਦਿਨ ਐਤਵਾਰ ਨੂੰ ਨਾਭਾ ਵਿਖੇ ਵਿਆਹ ਕਰਵਾਏ ਜਾਣਗੇ !

ਇਸ ਮੀਟਿੰਗ ਦੇ ਦੌਰਾਨ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਬਨੀ ਖੈਰਾ ਨੇ ਕਿਹਾ ਕਿ ਸਾਨੂੰ ਹਮੇਸ਼ਾ ਲੋਕ ਭਲਾਈ ਦੇ ਕੰਮਾਂ ਕਾਰਨ ਜਾਂਦੇ ਹਨ ਅਤੇ ਇਹਨਾਂ ਵਿਆਹ ਵਿੱਚ ਲੋੜਵੰਦ ਲੜਕੀਆਂ ਨੂੰ ਪੂਰਾ ਵਿਆਹ ਦਾ ਸਮਾਨ ਅਤੇ ਵਿਆਹ ਦੀਆਂ ਰਸਮਾਂ ਵੀ ਪੂਰੇ ਤਰੀਕੇ ਨਾਲ ਪੂਰੇ ਰਸਮਾਂ ਪੂਰੇ ਰੀਤੀ ਰਾਜ ਨਾਲ ਕਰਵਾਇਆ ਜਾਏਗੀ ਪ੍ਰਣਵ ਗੋਇਲ ਅਤੇ ਹੈਪੀ ਸਿੰਘ ਨੇ ਮੀਟਿੰਗ ਦੌਰਾਨ ਕਿਹਾ ਕਿ ਨਾਭਾ ਵਿਧਾਨ ਸਭਾ ਹਲਕੇ ਦੇ ਲੋੜਵੰਦ ਲੜਕੀ ਦੇ ਪਰਿਵਾਰ ਸਾਨੂੰ 5 ਮਾਰਚ ਤੱਕ ਮੋਬਾਇਲ ਨੰਬਰ 9855670004 ,9465727686 ,8544917030 ਅਤੇ ਇਹਨਾਂ ਤੇ ਸੰਪਰਕ ਕਰ ਸਕਦੇ ਹਨ ਤਾਂ ਕੀ ਸਾਰੇ ਕੰਮ ਸਹੀ ਸਮੇਂ ਪ੍ਰਬੰਧਕ ਮੁਕੰਮਲ ਹੋ ਸਕਣ ਅੱਗੇ ਗੱਲ ਕਰਦਿਆਂ ਹੋਇਆਂ ਕਿਹਾ ਕੀ ਕਾਂਗਰਸ ਨੇ ਹਮੇਸ਼ਾ ਸਮਾਜਿਕ ਕੰਮਾਂ ਦੀ ਸਮਾਜਿਕ ਮੁੱਦਿਆਂ ਦੀ ਗੱਲ ਕੀਤੀ ਅਤੇ ਲੜਾਈ ਵੀ ਲੜੀ ਹੈ ਅਤੇ ਕਾਂਗਰਸ ਪਾਰਟੀ ਹਮੇਸ਼ਾ ਸਮਾਜੀ ਕੰਮਾਂ ਦੇ ਵਿੱਚ ਮੋਹਰੀ ਰਹੀ ਹੈ ਇਸ ਮੀਟਿੰਗ ਵਿੱਚ ਵਿੱਕੀ ਤੁੰਗਾ ,ਹੈਪੀ ਸਿੰਘ ,ਡਿੰਪਲ, ਕੁਲਵਿੰਦਰ ਫੇਸਗੜ, ਗਗਨ ਛਿਟਾ ਵਾਲਾ, ਸੁਖਾ ਸੰਧੂ ,ਭੋਲਾ ਐਮ ਸੀ ਆਦਿ ਨੌਜਵਾਨ ਆਗੂ ਹਾਜ਼ਰ ਸਨ।

# ਜੰਗਲਾਤ ਮੰਤਰੀ ਲਾਲ ਚੰਦ ਕਟਾਰੂ ਚੱਕ ਦੇ ਮੰਗਾਂ ਤੇ ਭਰੋਸਾ ਦੇਣ ਤੇ ਜੰਗਲਾਤ ਕਾਮਿਆਂ ਦਾ ਮੋਰਚਾ ਸਮਾਪਤ

**ਪਟਿਆਲਾ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਜੰਗਲਾਤ ਅਤੇ ਜੰਗਲੀ ਜੀਵ ਨਿਗਮ ਦੇ ਡੇਲੀਵੇਜਿਜ ਕਾਮਿਆਂ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਚੱਲ ਰਿਹਾ ਪਿਛਲੇ 24 ਦਿਨਾਂ ਤੋਂ ਪੱਕਾ ਮੋਰਚਾ ਉੱਚ ਅਧਿਕਾਰੀਆਂ ਸਮੇਤ ਖੇਤਰੀ ਅਧਿਕਾਰੀਆਂ ਨਾਲ ਦੇਰ ਸ਼ਾਮ ਹੋਈ ਗੱਲਬਾਤ ਉਪਰੰਤ ਦਿੱਤੇ ਭਰੋਸਿਆਂ ਨੂੰ ਮੁੱਖ ਰੱਖਦੇ ਹੋਏ ਰੈਲੀ ਕਰਕੇ ਸਮਾਪਤ ਕੀਤਾ ਗਿਆ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਚੋਥਾ ਦਰਜਾ ਮੁਲਾਜ਼ਮਾਂ ਦੇ ਸੂਬਾ ਪ੍ਰਧਾਨ ਸਾਥੀ ਦਰਸ਼ਨ ਸਿੰਘ ਲੁਬਾਣਾ ਸ਼ਾਮਲ ਸਨ ਤੇ ਹੋਰ ਆਗੂਆਂ ਵਿੱਚ ਸਰਵ ਸ੍ਰੀ ਜਗਮੋਹਨ ਸਿੰਘ ਨੋ ਲੱਖਾਂ ਦਰਸ਼ਨ ਸਿੰਘ ਮੱਲੇਵਾਲ ਹਰਭੀਮ ਸਿੰਘ ਹੱਲੋਤਾਲੀ ਤਰਲੋਚਨ ਸਿੰਘ ਗਿਰ ਬਲਵਿੰਦਰ ਸਿੰਘ ਤਰਲੋਚਨ ਮੰਡੋਲੀ ਨਿਰਮਲ ਸਿੰਘ ਦਵਿੰਦਰ ਸਮਾਣਾ ਗੋਲਡੀ ਪਟਿਆਲਾ ਜਿੰਦਰ ਅਮਲੋਹ ਸ਼ਾਮ ਸਿੰਘ ਬਲਕਾਰ ਸਿੰਘ ਹਰਮੇਲ ਮਾਨਸਾ ਰਸ਼ਪਾਲ ਮੋਗਾ ਨਿਰਮਲ ਸਿੰਘ ਸੱਤਪਾਲ ਸਿੰਘ ਬਲਜੀਤ ਸਿੰਘ ਚੰਦਰਭਾਨ ਆਦਿ ਸ਼ਾਮਲ ਸਨ ਜਗਮੋਹਨ ਸਿੰਘ ਨੋ ਲੱਖਾਂ ਵੱਲੋਂ ਇਸ ਮੌਕੇ ਤੇ ਐਲਾਨ ਕੀਤਾ ਗਿਆ ਕਿ ਵਣ ਮੰਤਰੀ ਵੱਲੋਂ ਦਿੱਤੇ ਭਰੋਸੇ ਉਪਰੰਤ ਮੰਗਾਂ ਤੇ ਵਿਭਾਗ ਨੇ ਅਮਲ ਨਾ ਕੀਤਾ ਤੇ ਕੰਮਾਂ ਤੋਂ ਫ਼ਾਰਗ ਕੀਤੇ ਮੇਲ ਫੀ ਮੇਲ ਕਾਮੇ ਹਾਜ਼ਰ ਨਾ ਕੀਤੇ ਤੇ 60 ਸਾਲ ਵਾਲੇ ਫ਼ਾਰਗ ਕੀਤੇ ਕਾਮੇ ਵਾਪਸ ਨਾ ਲਏ ਤੇ ਢੁਕਵਾ ਮੁਆਵਜ਼ਾ ਨਾ ਦਿਤਾ ਤਾਂ ਸੰਘਰਸ਼ ਲਈ ਮੁੜ ਵਿਚਾਰੀਆ ਜਾਵੇਗਾ ਇਸ ਮੌਕੇ 18 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਲ ਹੋ ਕੇ ਰੈਲੀਆਂ ਵਿੱਚ ਸ਼ਾਮਲ ਹੋਣ ਦਾ ਐਲਾਨ ਵੀ ਜਾਰੀ ਕੀਤਾ ਗਿਆ

# ਕਮਿਸ਼ਨਰੇਟ ਪੁਲਿਸ ਨੇ ਇੱਕ ਨਜਾਇਜ਼ ਪਿਸਤੌਲ ਅਤੇ ਕਾਰਤੂਸ ਸਮੇਤ ਇੱਕ ਨੂੰ ਕੀਤਾ ਗ੍ਰਿਫ਼ਤਾਰ

## ਸੀਪੀ ਨੇ ਸ਼ਹਿਰ ਨੂੰ ਸੁਰੱਖਿਅਤ ਅਤੇ ਸ਼ਾਂਤੀਪੂਰਨ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਇਆ

**ਜਲੰਧਰ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਇੱਕ ਵਿਅਕਤੀ ਨੂੰ ਨਜਾਇਜ਼ ਪਿਸਤੌਲ ਅਤੇ ਜਿੰਦਾ ਕਾਰਤੂਸ ਸਮੇਤ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਬਸਤੀ ਪੁਲੀ ਨੇਹਰ ਵਿਖੇ ਚੈਕਿੰਗ ਦੌਰਾਨ ਪੁਲਿਸ ਨੂੰ ਇੱਕ ਨੌਜਵਾਨ ਦੇ ਵਤੀਰੇ 'ਤੇ ਸ਼ੱਕ ਹੋਇਆ। ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨ ਦੀ ਚੈਕਿੰਗ ਦੌਰਾਨ ਉਸ ਦੇ ਕਬਜ਼ੇ 'ਚੋਂ 32 ਬੋਰ ਦਾ ਇੱਕ ਨਜਾਇਜ਼ ਪਿਸਤੌਲ ਸਮੇਤ ਚਾਰ ਕਾਰਤੂਸ ਬਰਾਮਦ ਹੋਏ। ਸਵਪਨ ਸ਼ਰਮਾ ਨੇ ਦੱਸਿਆ ਕਿ ਨੌਜਵਾਨ ਦੀ ਪਛਾਣ ਪਰਦੀਪ ਕੁਮਾਰ ਸ਼ਰਮਾ ਪੁੱਤਰ ਪਰਸ਼ੋਤਮ ਚੰਦ ਸ਼ਰਮਾ ਵਾਸੀ ਮੁਹੱਲਾ ਰਤਨ ਨਗਰ ਜਲੰਧਰ ਵਜੋਂ ਹੋਈ ਹੈ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਦੋਸ਼ੀ ਖਿਲਾਫ ਥਾਣਾ ਬਸਤੀ ਬਾਵਾ ਖੇਲ ਜਲੰਧਰ ਵਿਖੇ ਐਫ.ਆਈ.ਆਰ 32 ਮਿਤੀ 13-02-2024 ਅਧੀਨ 25-54-59 ਅਸਲਾ ਐਕਟ ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪਰਦੀਪ ਨੇ ਨਿੱਜੀ ਰੰਜਿਸ਼ ਕਾਰਨ ਇਹ ਪਿਸਤੌਲ ਗੈਰ-ਕਾਨੂੰਨੀ ਢੰਗ ਨਾਲ ਹਾਸਲ ਕੀਤਾ ਸੀ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਅਜੇ ਤੱਕ ਮੁਲਜ਼ਮ ਦਾ ਕੋਈ ਵੀ ਅਪਰਾਧਿਕ ਰਿਕਾਰਡ ਨਹੀਂ ਮਿਲਿਆ ਹੈ ਪਰ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਕਮਿਸ਼ਨਰ ਨੇ ਦੁਹਰਾਇਆ ਕਿ ਉਹ ਸ਼ਹਿਰ ਵਿੱਚ ਅਮਨ-ਕਾਨੂੰਨ ਨੂੰ ਬਰਕਰਾਰ ਰੱਖਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ ਅਤੇ ਅਪਰਾਧੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨਰੇਟ ਪੁਲਿਸ ਜਲੰਧਰ ਨੂੰ ਸੁਰੱਖਿਅਤ ਅਤੇ ਸ਼ਾਂਤਮਈ ਸ਼ਹਿਰ ਬਣਾਉਣ ਲਈ ਵਚਨਬੱਧ ਹੈ। ਸ੍ਰੀ ਸਵਪਨ ਸ਼ਰਮਾ ਨੇ ਇਸ ਨੇਕ ਕਾਰਜ ਲਈ ਆਮ ਲੋਕਾਂ ਤੋਂ ਪੂਰਨ ਸਹਿਯੋਗ ਅਤੇ ਸਹਿਯੋਗ ਦੀ ਮੰਗ ਕੀਤੀ ਕਿਉਂਕਿ ਅਜਿਹੇ ਟੀਚੇ ਲੋਕਾਂ ਦੀ ਸਰਗਰਮ ਭੂਮਿਕਾ ਤੋਂ ਬਿਨਾਂ ਪ੍ਰਾਪਤ ਨਹੀਂ ਕੀਤੇ ਜਾ ਸਕਦੇ।

# ਜ਼ਰੂਰਤਮੰਦ ਪਰਿਵਾਰਾਂ ਦੀਆਂ ਬੇਟੀਆਂ ਦੇ ਸਮੂਹਿਕ ਅਨੰਦ ਕਾਰਜ ਅਪ੍ਰੈਲ ਦੇ ਪਹਿਲੇ ਹਫ਼ਤੇ

**ਸ੍ਰੀ ਅਨੰਦਪੁਰ ਸਾਹਿਬ, 18 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਰੂਰਤਮੰਦ ਪਰਿਵਾਰਾਂ ਦੀਆਂ ਬੇਟੀਆਂ ਦੇ ਸਮੂਹਿਕ ਅਨੰਦ ਕਾਰਜ ਅਪ੍ਰੈਲ ਮਹੀਨੇ ਦੇ ਪਹਿਲੇ ਹਫਤੇ ਵਿੱਚ ਕਰਵਾਏ ਜਾ ਰਹੇ ਹਨ।

ਇਸ ਸਬੰਧੀ ਗੱਲ ਕਰਦਿਆਂ ਉੱਘੇ ਸਮਾਜ ਸੇਵੀ ਕਿਲਾ ਅਨੰਦਗੜ ਸਾਹਿਬ ਦੇ ਬੁਲਾਰੇ ਸਰਬਜੀਤ ਸਿੰਘ ਰੈਣੂੰ ਨੇ ਕਿਹਾ ਕਿ ਜੋ ਵੀ ਜ਼ਰੂਰਤਮੰਦ ਪਰਿਵਾਰ ਇਸ ਮਹਾਨ ਸੇਵਾ ਦੇ ਕੁੰਭ ਦਾ ਲਾਭ ਲੈਣਾ ਚਾਹੁੰਦੇ ਹਨ ਉਹ ਸੱਜਣ ਉਹਨਾਂ ਨੂੰ (ਸਰਬਜੀਤ ਸਿੰਘ ਰੈਣੂੰ) ਪ੍ਰਧਾਨ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਜ਼ਿਲ੍ਹਾ ਰੋਪੜ ਨਾਲ 85688-01000 ਜਾਂ 98147-96900 ਨਾਲ ਸਪੰਰਕ ਕਰਨ ਜਾਂ ਜਾਤੀ ਤੌਰ ਤੇ ਗਿਫ਼ਟ ਪਿਟਾਰਾ, ਨਜ਼ਦੀਕ ਐਚ ਪੀ ਗੈਸ ਏਜੰਸੀ, ਮਜਾਰਾ, ਅਨੰਦਪੁਰ ਸਾਹਿਬ ਵਿਖੇ ਆ ਕੇ ਮਿਲ ਸਕਦੇ ਹਨ। ਉਹਨਾਂ ਦੱਸਿਆ ਕਿ 20 ਫਰਵਰੀ 2024 ਤੋਂ ਨਾਮ ਦਰਜ਼ ਕਰਵਾਉਣ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਕੁਲ 11 ਅਨੰਦ ਕਾਰਜ ਕੀਤੇ ਜਾਣਗੇ।

ਉਹਨਾਂ ਚਾਹਵਾਨ ਸੱਜਣਾਂ ਨੂੰ ਛੇਤੀ ਨਾਮ ਦਰਜ ਕਰਵਾਉਣ ਦੀ ਬੇਨਤੀ ਕੀਤੀ।

## ਇਕਵਿਟੀ ਬਾਜਾਰ ਵਿਚ ਐੱਫ. ਪੀ. ਆਈ. ਦਾ ਨਿਵੇਸ਼ ਮੁੱਲ 738 ਅਰਬ ਡਾਲਰ ’ਤੇ ਪੁੱਜਾ

ਨਵੀਂ ਦਿੱਲੀ 18 ਫਰਵਰੀ। ਦਸੰਬਰ ਤਿਮਾਹੀ ਵਿਚ ਭਾਰਤੀ ਇਕਵਿਟੀ ਬਾਜਾਰ ਵਿਚ ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ (ਐੱਫ. ਪੀ. ਆਈ.) ਦੀ ਹਿੱਸੇਦਾਰੀ ਦਾ ਮੁੱਲ 738 ਅਰਬ ਡਾਲਰ ਤੱਕ ਪੁੱਜ ਗਿਆ ਜੋ ਸਤੰਬਰ ਤਿਮਾਹੀ ਦੀ ਤੁਲਨਾ ਵਿਚ 13 ਫੀਸਦੀ ਵੱਧ ਹੈ। ਮਾਰਨਿੰਗਸਟਾਰ ਦੀ ਇਕ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਗਈ। ਰਿਪੋਰਟ ਮੁਤਾਬਕ ਚਾਲੂ ਵਿੱਤੀ ਸਾਲ ਦੀ ਸਤੰਬਰ ਤਿਮਾਹੀ ਵਿਚ ਐੱਫ. ਪੀ. ਆਈ. ਨਿਵੇਸ਼ ਦਾ ਮੁੱਲ 651 ਅਰਬ ਡਾਲਰ ਸੀ। ਉੱਥੇ ਹੀ ਵਿੱਤੀ




ਸਾਲ 2022-23 ਦੀ ਦਸੰਬਰ ਤਿਮਾਹੀ ਵਿਚ ਅਜਿਹੇ ਨਿਵੇਸ਼ ਦਾ ਮੁੱਲ 584 ਅਰਬ ਡਾਲਰ ਸੀ। ਰਿਪੋਰਟ ਮੁਤਾਬਕ ਇਸ ਦਾ ਸਿਹਰਾ ਘਰੇਲੂ ਇਕਵਿਟੀ ਬਾਜਾਰਾਂ ਦੇ ਚੰਗੇ ਪ੍ਰਦਰਸ਼ਨ ਦੇ ਨਾਲ-ਨਾਲ ਐੱਫ. ਪੀ. ਆਈ. ਦੇ ਮਜਬੂਤ ਸ਼ੁੱਧ ਪ੍ਰਵਾਹ ਨੂੰ ਦਿੱਤਾ ਜਾ ਸਕਦਾ ਹੈ। ਹਾਲਾਂਕਿ ਭਾਰਤੀ ਇਕਵਿਟੀ ਬਾਜਾਰ ਪੂੰਜੀਕਰਨ ਵਿਚ ਐੱਫ. ਪੀ. ਆਈ. ਦਾ ਅਨੁਪਾਤਿਕ ਅੰਸ਼ਦਾਨ ਸਮੀਖਿਆ ਅਧੀਨ ਤਿਮਾਹੀ ਵਿਚ ਮਾਮੂਲੀ ਤੌਰ ’ਤੇ ਡਿੱਗ ਕੇ 16.83 ਫੀਸਦੀ ਹੋ ਗਿਆ ਜੋ ਸਤੰਬਰ ਤਿਮਾਹੀ ਵਿਚ 16.95 ਫੀਸਦੀ ਸੀ। ਸਤੰਬਰ ਤਿਮਾਹੀ ਵਿਚ 5.38 ਅਰਬ ਡਾਲਰ ਦੀ ਨਿਕਾਸੀ ਕਰਨ ਤੋਂ ਬਾਅਦ ਅਕਤੂਬਰ-ਦਸੰਬਰ ਦੀ ਤਿਮਾਹੀ ਵਿਚ ਵਿਦੇਸ਼ੀ ਨਿਵੇਸ਼ਕ ਅਮਰੀਕੀ ਟ੍ਰੇਜਰੀ ਬਾਂਡ ਦਾ ਰਿਟਰਨ ਘੱਟ ਹੋਣ ਨਾਲ ਭਾਰਤੀ ਇਕਵਿਟੀ ਬਾਜਾਰਾਂ ਵਿਚ 6.07 ਅਰਬ ਡਾਲਰ ਦੇ ਸ਼ੁੱਧ ਖਰੀਦਦਾਰ ਰਹੇ। ਇਸ ਤੋਂ ਇਲਾਵਾ ਕਈ ਕੰਪਨੀਆਂ ਦੇ ਆਈ. ਪੀ. ਓ. ਆਉਣ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਗਿਰਾਵਟ ਨੇ ਵੀ ਵਿਦੇਸ਼ੀ ਨਿਵੇਸ਼ਕਾਂ ਨੂੰ ਭਾਰਤੀ ਇਕਵਿਟੀ ਬਾਜਾਰ ਵੱਲ ਲਿਜਾਣ ਦਾ ਕੰਮ ਕੀਤਾ।

## ਕੰਮ ‘ਤੇ ਜਾ ਰਹੇ 2 ਸਕੇ ਭਰਾਵਾਂ ਨਾਲ ਵਾਪਰੀ ਅਣਹੋਣੀ ਨੇ ਘਰ ‘ਚ ਵਿਛਾਏ ਸੱਥਰ

ਭੂੰਗਾ/ਗੜ੍ਹਦੀਵਾਲਾ 18 ਫਰਵਰੀ। ਬਸ ਸਟੈਂਡ ਗੜ੍ਹਦੀਵਾਲਾ ਨਜਦੀਕ ਚੜ੍ਹਦੀ ਸਵੇਰ ਇਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਦੋ ਸਕੇ ਭਰਾ ਆਪਣੇ ਮੋਟਰਸਾਈਕਲ ਨੰਬਰ ਪੀ. ਬੀ-07 ਸੀ. ਈ. 4884 ‘ਤੇ ਸਵਾਰ ਹੋ ਕੇ ਹੁਸ਼ਿਆਰਪੁਰ ਤੋਂ ਦਸੂਹਾ ਵੱਲ ਕੰਮ ‘ਤੇ ਜਾ ਰਹੇ ਸੀ। ਜਦੋਂ ਉਨ੍ਹਾ ਨੇ ਅੱਗੇ ਜਾ ਰਹੀ ਗੱਡੀ ਦੇ ਕਾਰਨ ਆਪਣਾ ਮੋਟਰਸਾਈਕਲ ਜਿਵੇਂ ਹੀ ਹੋਲੀ ਕੀਤਾ ਤਾਂ ਪਿੱਛੇ ਤੋਂ ਆ ਰਹੇ ਇਕ ਟਿੱਪਰ ਨੰਬਰ ਪੀ. ਬੀ.-65-ਏ -07824 ਨੇ ਉਨ੍ਹਾਂ ਨੂੰ ਕੁਚਲ ਦਿੱਤਾ, ਜਿਸ ਵਿੱਚ ਦੋਵੇਂ ਭਰਾ ਗੰਭੀਰ ਜਖਮੀ ਹੋ ਗਏ, ਜਿਸ ਤੋਂ ਬਾਅਦ ਬਾਬਾ ਦੀਪ ਸਿੰਘ ਸੇਵਾ ਐਂਡ ਵੈੱਲਫੇਅਰ ਸੋਸਾਇਟੀ ਗੜ੍ਹਦੀਵਾਲਾ ਵੱਲੋਂ ਐਂਬੂਲੈਂਸ’ਚ ਪਾ ਕੇ ਦੋਵੇਂ ਜਖਮੀ ਭਰਾਵਾਂ ਨੂੰ ਸਰਕਾਰੀ ਹਸਪਤਾਲ ਦਸੂਹਾ ਲਿਜਾਇਆ ਗਿਆ, ਜਿੱਥੇ ਇਕ ਭਰਾ ਦੀਪਕ ਕੁਮਾਰ ਪੁੱਤਰ ਵਿਜੈ ਕੁਮਾਰ ਵਾਸੀ ਗੜ੍ਹਦੀਵਾਲਾ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਦੂਸਰੇ ਭਰਾ ਨੂੰ ਪੀ. ਜੀ. ਆਈ ਚੰਡੀਗੜ੍ਹ ਵਿਖੇ ਬਾਬਾ ਦੀਪ ਸਿੰਘ ਸੇਵਾ ਸੋਸਾਇਟੀ ਦੀ ਐਂਬੂਲੈਂਸ ਚ ਪਾ ਕੇ ਲੈਜਾਇਆ ਗਿਆ।

# ਪੀ. ਜੀ. ਆਈ. ਇਲਾਜ ਕਰਵਾਉਣ ਵਾਲਿਆਂ ਲਈ ਘਰ ਬੈਠੇ ਮਿਲੇਗੀ ਹਰ ਸੂਚਨਾ

**ਕਿਸ਼ਨ ਪਾਲ**

ਚੰਡੀਗੜ੍ਹ 18 ਫਰਵਰੀ। ਪੀ. ਜੀ. ਆਈ. ਓ.ਪੀ.ਡੀ. ’ਚ ਰੋਜ਼ਾਨਾ ਚੈਕਅਪ ਦੇ ਲਈ ਆਉਣ ਵਾਲੇ ਦੇਸ਼ ਭਰ ਦੇ ਮਰੀਜ਼ਾਂ ਨੂੰ ਕਾਰਡ ਬਣਾਉਣ ’ਚ ਲੱਗਣ ਵਾਲੀਆਂ ਲਾਈਨਾਂ ’ਚ ਲੱਗਣ ਜਾਂ ਮੋਬਾਇਲ ਤੋਂ ਪੀ. ਜੀ. ਆਈ. ਦੀ ਵੈੱਬਸਾਈਟ ’ਤੇ ਮੁਸ਼ਕਿਲ ਨਾਲ ਹੋਣ ਵਾਲੀ ਰਜਿਸਟ੍ਰੇਸ਼ਨ ਤੋਂ ਬਚਣ ਦਾ ਇਕ ਹੋਰ ਬੇਹੱਦ ਹੀ ਆਸਾਨ ਰਾਹ ਤਿਆਰ ਕਰਨ ਜਾ ਰਿਹਾ ਹੈ। ਹਾਲੇ ਤੱਕ ਪੀ. ਜੀ. ਆਈ. ਦੀ ਵੈੱਬਸਾਈਟ ਤੋਂ ਵਧੀਆ ਹੁੰਗਾਰਾ ਮਿਲਣ ਤੋਂ ਬਾਅਦ ਹੁਣ ਪੀ. ਜੀ. ਆਈ. ਪ੍ਰਸ਼ਾਸ਼ਨ ਆਪਣੀ ਐਪ ਲਾਂਚ ਕਰਨ ਜਾ ਰਿਹਾ ਹੈ। ਹੋਰਨਾਂ ਐਪਸ ਦੀ ਤਰ੍ਹਾਂ ਲੋਕ ਇਸ ਐਪ ਨੂੰ ਆਪਣੇ ਮੋਬਾਇਲ ’ਤੇ ਡਾਊਨਲੋਡ ਕਰ ਕੇ ਰੱਖ ਸਕਦੇ ਹਨ ਅਤੇ ਲੋੜ ਪੈਣ ’ਤੇ ਇਸ ਐਪ ’ਤੇ ਜਾ ਕੇ ਆਸਾਨੀ ਨਾਲ ਓ.ਪੀ.ਡੀ. ਵਿਚ ਆਉਣ ਲਈ ਰਸਿਟ੍ਰੇਸ਼ਨ ਕਰ ਕੇ ਕਾਰਡ ਬਣਵਾ ਸਕਦੇ ਹਨ। ਇਸ ਸੁਵਿਧਾ ਵਿਚ ਰੋਜ਼ਾਨਾ ਪੀ.ਜੀ.ਆਈ. ਆਉਣ ਵਾਲੇ ਕਰੀਬਨ 8 ਤੋਂ 10 ਹਜ਼ਾਰ ਮਰੀਜ਼ਾਂ ਨੂੰ ਰਾਹਤ ਮਿਲੇਗੀ। ਪਾਇਲਟ ਪ੍ਰਾਜੈਕਟ ਰਾਹੀਂ ਇਸ ਨਵੀਂ ਪਹਿਲ ਨੂੰ ਸ਼ੁਰੂ ਕਰਨ ਦੀ ਯੋਜਨਾ ਹੈ। ਪੀ. ਜੀ. ਆਈ. ਡਾਇਰੈਕਟਰ ਪ੍ਰੋ.ਵਿਵੇਕ ਲਾਲ ਦਾ ਕਹਿਣਾ ਹੈ ਕਿ ਇਹ ਬਹੁਤ ਹੀ ਵੱਡੀ ਅਤੇ ਸ਼ਾਨਦਾਰ ਪਹਿਲ ਹੈ। ਇਸ ਦੀ ਮੱਦਦ ਨਾਲ ਪੀ. ਜੀ. ਆਈ. ਅਤੇ ਜ਼ਿਆਦਾ ਪੇਸ਼ੈਂਟ ਫ੍ਰੈਂਡਲੀ ਬਣ ਸਕੇਗਾ। ਓ. ਪੀ. ਡੀ. ’ਚ ਵਧਦੀ ਮਰੀਜ਼ਾਂ ਦੀ ਸੰਖਿਆ ਪਿਛਲੇ ਕੁਝ ਸਾਲਾਂ ਤੋਂ ਇਕ ਵੱਡੀ ਚੁਣੌਤੀ ਬਣੀ ਹੋਈ ਹੈ। ਇਸ ਐਪ ਨੂੰ ਦੂਜੇ ਐਪ ਦੀ ਵਾਂਗ ਫੋਨ ’ਚ ਡਾਊਨਲੋਡ ਕੀਤਾ ਜਾ ਸਕੇਗਾ। ਜਿੱਥੇ ਮਰੀਜ਼ ਆਪਣੀ ਜਾਣਕਾਰੀ ਪਾ ਕੇ ਖੁਦ ਦਾ ਰਜਿਸਟ੍ਰੇਸ਼ਨ ਕਰੇਗਾ। ਆਨਲਾਈਨ ਹੀ ਕਾਰਡ ਦੀ ਪੇਮੈਂਟ ਵੀ ਹੋਵੇਗੀ। ਮਰੀਜ਼ ਨੂੰ ਕਾਰਡ ਨੰਬਰ




ਵੀ ਜਨਰੇਟ ਹੋਵੇਗਾ। ਪ੍ਰਿੰਟ-ਆਊਟ ਰਜਿਸਟ੍ਰੇਸ਼ਨ ਦਾ ਪਰੂਫ ਹੋਵੇਗਾ। ਪੀ. ਜੀ. ਆਈ. ’ਚ ਕਾਰਡ ਬਣਾਉਣ ਵਾਲੇ ਕਾਊਂਟਰ ’ਤੇ ਮਰੀਜ਼ਾਂ ਨੂੰ ਜਾਣ ਦੀ ਜਰੂਰਤ ਨਹੀਂ ਹੋਵੇਗੀ। ਜੋ ਲੋਕ ਫੋਨ ਦਾ ਇਸਤੇਮਾਲ ਨਹੀਂ ਕਰ ਸਕਦੇ, ਉਨ੍ਹਾਂ ਲਈ ਚੰਡੀਗੜ੍ਹ ’ਚ ਈ-ਸੰਪਰਕ ਕੇਂਦਰਾਂ ਵਰਗੇ ਵੱਖ-ਵੱਖ ਸੂਬਿਆਂ ਤੋਂ ਸਮਾਨ ਸੇਵਾਂ ਕੇਂਦਰਾਂ ਦੇ ਕਰਮਚਾਰੀ ਵੀ ਮਰੀਜ਼ਾਂ ਲਈ ਆਨਲਾਈ ਰਜਿਸਟ੍ਰੇਸਨ ਕਰਨਗੇ। ਉਨ੍ਹਾਂ ਨੂੰ ਇਕ ਪ੍ਰਿੰਟ ਆਊਟ ਦੇਣਗੇ, ਜਿਸਨੂੰ ਓ. ਪੀ. ਡੀ. ਗੇਟ ਦੇ ਬਾਹਰ ਮੌਜੂਦ ਕਾਰਡ ’ਤੇ ਲਗਾਉਣਾ ਹੋਵੇਗਾ। ਇਹ ਐਪ ਰਜਿਸਟ੍ਰੇਸਨ ਦੀ ਸਹੂਲਤ ਪ੍ਰਦਾਨ ਕਰੇਗੀ ਸਗੋਂ ਨਾਲ ਹੀ ਮਰੀਜ ਓ. ਪੀ. ਡੀ. ’ਚ ਆਉਣ ਲਈ ਆਪਣੀ ਸਹੂਲਤ ਦੀ ਮਿਤੀ ਅਤੇ ਸਮਾਂ ਵੀ ਚੁਣ ਸਕੇਗਾ। ਇਸ ਤਰ੍ਹਾਂ ਮਰੀਜ ਨੂੰ ਸਵੇਰੇ ਜਲਦੀ ਪੀ. ਜੀ. ਆਈ. ਆਉਣ ਦੀ ਲੋੜ ਨਹੀਂ ਪਵੇਗੀ। ਇਸ ਤਰ੍ਹਾਂ ਜੇਕਰ ਮਰੀਜ ਨੂੰ ਐਪ ’ਤੇ ਦੁਪਹਿਰ 1 ਵਜੇ ਦਾ ਸਮਾਂ ਮਿਲਿਆ ਹੈ, ਤਾਂ ਉਹ ਉਸ ਸਮੇਂ ’ਤੇ ਆ ਸਕੇਗਾ। ਸ਼ੁਰੂਆਤੀ ਪੜਾਅ ਵਿਚ, ਐਪ ’ਤੇ ਆਨਲਾਈਨ ਮਰੀਜਾਂ ਲਈ ਕੈਪਿੰਗ ਹੋਵੇਗੀ, ਭਾਵ ਇੱਕ ਦਿਨ ’ਚ ਇੱਕ ਨਿਸਚਿਤ ਗਿਣਤੀ ’ਚ ਮਰੀਜ ਰਜਿਸਟਰ ਕਰ ਸਕਣਗੇ। ਐਪ ਦੇ ਉਪਲਬਧ ਹੋਣ ’ਤੇ, ਡਾਕਟਰਾਂ ਕੋਲ ਉਨ੍ਹਾਂ ਮਰੀਜਾਂ ਦੀ ਸੂਚੀ ਹੋਵੇਗੀ ਜਿਨ੍ਹਾਂ ਨੇ ਆਨਲਾਈਨ ਰਜਿਸਟਰ ਕੀਤਾ ਹੈ ਅਤੇ ਇਸ ਨਾਲ ਪਾਰਦਰਸਤਾ ਬਰਕਰਾਰ ਰਹੇਗੀ। ਇਹ ਬਹੁਤ ਹੀ ਐਡਵਾਂਸ ਲੈਵਲ ਸਿਸਟਮ ਹੋਵੇਗਾ। ਡਿਪਟੀ ਡਾਇਰੈਕਟਰ ਅਨੁਸਾਰ ਅਸੀਂ ਭਵਿੱਖ ’ਚ ਮਰੀਜਾਂ ਲਈ ਇੱਕ ਕਿਊ-ਆਰ-ਕੋਡ ਬਣਾਉਣ ਦੀ ਵੀ ਯੋਜਨਾ ਬਣਾ ਰਹੇ ਹਾਂ ਤਾਂ ਜੋ ਉਨ੍ਹਾਂ ਨੂੰ ਵੱਖ-ਵੱਖ ਟੈਸਟਾਂ ਲਈ ਲਾਈਨਾਂ ’ਚ ਨਾ ਖੜ੍ਹਾ ਹੋਣਾ ਪਵੇ। ਕਿਊ-ਆਰ ਕੋਡ ਤੇ ਉਨ੍ਹਾਂ ਦੀ ਟੈਸਟ ਜਮ੍ਹਾਂ ਕੀਤੀ ਜਾ ਸਕੇਗੀ। ਇਸ ਨਾਲ ਨਾ ਸਿਰਫ ਮਰੀਜਾਂ ਦਾ ਸਮਾਂ ਬਚੇਗਾ ਸਗੋਂ ਭੀੜ ਅਤੇ ਪਾਰਕਿੰਗ ਦੀ ਸਮੱਸਿਆ ਤੋਂ ਵੀ ਕੁਝ ਰਾਹਤ ਮਿਲੇਗੀ। ਪੀ. ਜੀ. ਆਈ. ਨੇ 2016 ’ਚ ਰਜਿਸਟ੍ਰੇਸ਼ਨ ਲਈ ਆਪਣੀ ਵੈੱਬਸਾਈਟ ਦੀ ਸੁਵਿਧਾ ਦਿੱਤੀ ਸੀ ਪਰ ਉਹ ਸੁਵਿਧਾ ਜ਼ਿਆਦਾ ਸਫਲ ਨਹੀਂ ਹੋ ਸਕੀ। ਪੀ. ਜੀ. ਆਈ. ਓ. ਪੀ. ਡੀ. ਆਉਣ ਵਾਲੇ ਕੁਲ ਮਰੀਜਾਂ ਦਾ 20 ਫੀਸਦੀ ਵੀ ਵੈੱਬਸਾਈਟ ਰਾਹੀ ਰਜਿਸਟ੍ਰੇਸ਼ਨ ਨਹੀਂ ਕਰ ਸਕੇ। ਜਿਸ ਦਾ ਕਾਰਣ ਇਹ ਹੈ ਕਿ ਪੀ. ਜੀ. ਆਈ. ਦੀ ਵੈੱਬਸਾਈਟ ਮਸਰੂਫ ਹੋਣ ਨਾਲ ਉਹ ਹਰ ਮੋਬਾਇਲ ’ਤੇ ਓਪਨ ਹੋਣ ’ਚ ਮੁਸ਼ਕਿਲ ਆਉਂਦੀ ਸੀ। ਫਿਰ ਵੈੱਬਸਾਈਟ ’ਤੇ ਕਾਰਡ ਬਣਾਉਣ ਲਈ ਰਜਿਸਟ੍ਰੇਸ਼ਨ ਸਮੇਂ ਇੰਟਰੈੱਟ ਕਮਜ਼ੋਰ ਹੋਣ ਕਾਰਣ ਮਰੀਜ਼ਾਂ ਦੀ ਰਜਿਸਟ੍ਰੇਸ਼ਨ ਨਹੀਂ ਹੋ ਪਾਉਂਦੀ ਸੀ। ਇਸ ਕਾਰਣ ਨਾਲ ਚੰਡੀਗੜ੍ਹ ਅਤੇ ਆਸ-ਪਾਸ ਦੇ ਲੋਕਾਂ ਨੂੰ ਅੱਜ ਵੀ ਪੀ. ਜੀ. ਆਈ. ਆ ਕੇ ਹੀ ਕਾਰਡ ਬਣਾਉਂਣੇ ਪੈਂਦੇ ਹਨ। ਪੀ. ਜੀ. ਆਈ. ਡਿਪਟੀ ਡਾਇਰੈਕਟਰ ਪੰਕਜ ਰਾਏ ਅਨੁਸਾਰ ਹਸਪਤਾਲ ਵਲੋਂ ਇਕ ਟੀਮ ਏਮਜ਼ ਭੁਵਨੇਸ਼ਵਰ ਵਿਚ ਇਸ ਪ੍ਰਾਜੈਕਟ ਸਬੰਧੀ ਜਾਣ ਵਾਲੀ ਹੈ। ਉੱਥੇ ਇਹ ਸਿਸਟਮ ਪਹਿਲਾਂ ਤੋਂ ਕੰਮ ਰਿਹਾ ਹੈ। ਫਿਲਹਾਲ ਸਾਰੇ ਵਿਭਾਗਾਂ ਲਈ ਇਸਨੂੰ ਸ਼ੁਰੂ ਕਰਨਾ ਥੋੜ੍ਹਾ ਮੁਸ਼ਕਿਲ ਹੈ ਪਰ ਅਸੀ ਕੋਸ਼ਿਸ਼ ਕਰ ਰਹੇ ਹਾਂ ਕਿ ਸਭ ਤੋਂ ਪਹਿਲਾਂ ਆਈ ਡਿਪਾਰਟਮੈਂਟ ’ਚ ਇਕ ਪਾਇਲਟ ਪ੍ਰਾਜੈਕਟ ਨਾਲ ਇਸ ਸੁਵਿਧਾ ਨੂੰ ਸ਼ੁਰੂ ਕੀਤਾ ਜਾਵੇਗਾ। ਫਿਰ ਜਿਸ ਤਰ੍ਹਾਂ ਦਾ ਹੁੰਗਾਰਾ ਆਵੇਗਾ, ਉਸ ਮੁਤਾਬਕ ਹੋਰ ਵਿਭਾਗਾਂ ਨੂੰ ਇਸ ਪ੍ਰਾਜੈਕਟ ਨਾਲ ਜੋੜਿਆ ਜਾਵੇਗਾ।

## ਚੰਡੀਗੜ੍ਹ ਮੇਅਰ ਚੋਣਾਂ ਦੀ ਇਕ ਹੋਰ ਵੀਡੀਓ ਆਈ ਸਾਹਮਣੇ, ਨਾਮਜ਼ਦ ਕੌਂਸਲਰ ਕੈਮਰੇ ਹਟਾਉਂਦੇ ਆਏ ਨਜ਼ਰ

ਚੰਡੀਗੜ੍ਹ 18 ਫਰਵਰੀ। 30 ਜਨਵਰੀ ਨੂੰ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀਆਂ ਚੋਣਾਂ ’ਚ ਲੋਕਤੰਤਰ ਦੇ ਕਤਲ ਦਾ ਮਾਮਲਾ ਠੰਢਾ ਹੁੰਦਾ ਨਜ਼ਰ ਨਹੀਂ ਆ ਰਿਹਾ। ਇਕ ਹੋਰ ਵੀਡੀਓ ਸਾਹਮਣੇ ਆਈ ਹੈ, ਜਿਸ ’ਚ ਭਾਜਪਾ ਦੇ ਨਾਮਜ਼ਦ ਕੌਂਸਲਰ ਸਤਿੰਦਰ ਸਿੰਘ ਸਿੱਧੂ, ਡਾ. ਰਮਨੀਕ ਸਿੰਘ ਬੇਦੀ, ਅਮਿਤ ਜਿੰਦਲ ਅਤੇ ਡਾ. ਨਰੇਸ਼ ਪੰਚਾਲ ਸਮੇਤ ਭਾਜਪਾ ਕੌਂਸਲਰ ਕੰਵਰਜੀਤ ਰਾਣਾ ਨਾਲ ਮਿਲ ਕੇ ਨਗਰ ਨਿਗਮ ’ਚ ਅਨਿਲ ਮਸੀਹ ’ਤੇ ਲੱਗੇ ਕੈਮਰੇ ਹਟਵਾਉਂਦੇ ਨਜ਼ਰ ਆ ਰਹੇ ਹਨ। ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਅਤੇ ਸਹਿ ਇੰਚਾਰਜ ‘ਆਪ’ ਚੰਡੀਗੜ੍ਹ ਡਾ. ਐੱਸ.ਐੱਸ. ਆਹਲੂਵਾਲੀਆ ਨੇ ਕਿਹਾ ਕਿ ਇਸ ਵੀਡੀਓ ਵਿਚ ਸਾਫ ਵਿਖਾਈ ਦੇ ਰਿਹਾ ਹੈ ਕਿ ਮੇਅਰ ਦੀ ਚੋਣ ਵਾਲੇ ਦਿਨ ਲੋਕਤੰਤਰ ਦਾ ਕਤਲ ਕਰਨ ਵਾਲਾ ਅਨਿਲ ਮਸੀਹ ਇਕੱਲਾ ਦੋਸ਼ੀ ਨਹੀਂ ਹੈ, ਉਸ ਦੇ ਨਾਲ ਭਾਜਪਾ ਦੇ ਨਾਮਜ਼ਦ ਕੌਂਸਲਰ ਸਤਿੰਦਰ ਸਿੰਘ ਸਿੱਧੂ, ਡਾ. ਰਮਨੀਕ ਸਿੰਘ ਬੇਦੀ, ਅਮਿਤ ਜਿੰਦਲ ਅਤੇ ਡਾ. ਨਰੇਸ਼ ਪੰਚਾਲ ਵੀ ਬਰਾਬਰ ਦੇ ਦੋਸ਼ੀ ਹਨ। ਵੀਡੀਓ ਵਿਚ ਸਾਫ ਦਿਖਾਈ ਦੇ ਰਿਹਾ ਹੈ ਕਿ ਕਿਸ ਤਰ੍ਹਾਂ ਨਾਮਜ਼ਦ ਕੌਂਸਲਰ ਅਨਿਲ ਮਸੀਹ ਤੋਂ ਕੈਮਰੇ ਨੂੰ ਦੂਰ ਕਰ ਰਹੇ ਹਨ ਤਾਂ ਜੋ ਅਨਿਲ ਮਸੀਹ ਗਲਤ ਕੰਮ ਕਰਦੇ ਕੈਮਰੇ ’ਚ ਕੈਦ ਨਾ ਹੋ ਜਾਣ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਮੇਅਰ ਚੋਣਾਂ ਦੌਰਾਨ ਲੋਕਤੰਤਰ ਦਾ ਕਤਲ ਕਰਨ ਦੀ ਸਾਜ਼ਿਸ਼ ਪਹਿਲਾਂ ਹੀ ਰਚੀ ਗਈ ਸੀ। ਇਸ ਲਈ ਭਾਜਪਾ ਦੇ ਹਰ ਕੌਂਸਲਰ ਦੀ ਵੱਖ-ਵੱਖ ਡਿਊਟੀ ਲਾਈ ਗਈ ਸੀ ਕਿ ਕਿਹੜਾ ਕੌਂਸਲਰ ਬਾਕੀ ਕੌਂਸਲਰਾਂ ਨੂੰ ਅੱਗੇ ਜਾਣ ਲਈ ਕਹੇਗਾ ਅਤੇ ਦੋਬਾਰਾ ਸੀਟ ’ਤੇ ਬੈਠਣ ਲਈ ਕਹੇਗਾ, ਕਿਹੜੇ ਕੌਂਸਲਰਾਂ ਨੇ ਰੌਲਾ ਪਾਉਣਾ ਹੈ ਅਤੇ ਕਿਹੜੇ ਕੌਂਸਲਰਾਂ ਨੇ ਮਾਈਕ ’ਤੇ ਉੱਚੀ-ਉੱਚੀ ਨਾਅਰੇਬਾਜ਼ੀ ਕਰਨੀ ਹੈ ਤਾਂ ਜੋ ‘ਆਪ’ ਅਤੇ ਕਾਂਗਰਸੀ ਕੌਂਸਲਰਾਂ ਦੀ ਆਵਾਜ਼ ਨੂੰ ਦਬਾਇਆ ਜਾ ਸਕੇ।

## ਮਈ ’ਚ ਗੁਰੂ ਦੇ ਬ੍ਰਿਖ ਰਾਸ਼ੀ ’ਚ ਆਉਂਦਿਆਂ ਹੀ ਦੇਸ਼ ਸਾਹਮਣੇ ਪੈਦਾ ਹੋਣਗੀਆਂ ਅਣਗਿਣਤ ਸਮੱਸਿਆਵਾਂ !

**ਏਜੰਸੀਆਂ**

ਜਲੰਧਰ 18 ਫਰਵਰੀ। 2024 ਦਾ ਸਾਲ ਦੇਸ਼ ਅੰਦਰ ਕਈ ਤਰ੍ਹਾਂ ਦੀਆਂ ਨਵੀਆਂ ਸਮੱਸਿਆਵਾਂ ਤੇ ਚੁਣੌਤੀਆਂ ਉਭਾਰਨ ਜਾ ਰਹੀਆਂ ਹਨ, ਜਿਸ ਦਾ ਸੰਕੇਤ ਸੁਤੰਤਰ ਭਾਰਤ ਦੀ ਬ੍ਰਿਖ ਲਗਨ ਦੀ ਕੁੰਡਲੀ ਤੋਂ ਮਿਲਦਾ ਹੈ। ਦੇਸ਼ ਦੀ ਪ੍ਰਮੁੱਖ ਜੋਤਿਸ਼ਾਚਾਰੀਆ ਮਨੀਜਾ ਆਹੂਜਾ ਅਨੁਸਾਰ, ਬ੍ਰਿਖ ਲਗਨ ਦੀ ਕੁੰਡਲੀ ’ਚ ਮਈ ਮਹੀਨੇ ਦੇ ਸ਼ੁਰੂ ’ਚ ਬ੍ਰਹਿਸਪਤੀ ਮੇਖ ਰਾਸ਼ੀ ਨੂੰ ਛੱਡ ਕੇ ਬ੍ਰਿਖ ਰਾਸ਼ੀ ਵਿਚ ਆ ਜਾਵੇਗਾ ਅਤੇ ਭਾਰਤ ਦੀ ਕੁੰਡਲੀ ਵਿਚ ਬ੍ਰਿਖ ਰਾਸ਼ੀ ’ਚ ਲਗਨ ਵਿਚ ਪਹਿਲਾਂ ਤੋਂ ਰਾਹੂ ਬਿਰਾਜਮਾਨ ਹੈ। ਬ੍ਰਹਿਸਪਤੀ ਕੁੰਡਲੀ ’ਚ ਅਸ਼ਟਮ ਸਥਾਨ ਦਾ ਮਾਲਕ ਹੈ ਅਤੇ ਰਾਹੂ ਨਾਲ ਯੁਤੀ ਹੁੰਦਿਆਂ ਹੀ ਦੇਸ਼ ਅੰਦਰ ਕਈ ਤਰ੍ਹਾਂ ਦੇ ਅੰਦੋਲਨ ਅਤੇ ਧਾਰਮਿਕ ਸਥਾਨਾਂ ’ਤੇ ਹਮਲਿਆਂ ਦਾ ਡਰ ਹੈ। ਉਨ੍ਹਾਂ ਕਿਹਾ ਕਿ ਸ਼੍ਰੀ ਰਾਮ ਜਨਮ ਭੂਮੀ ਤੋਂ ਬਾਅਦ ਇਸ ਸਾਲ ਅਦਾਲਤ ਦਾ ਫੈਸਲਾ ਗਿਆਨਵਤੀ ਮੰਦਰ ਦੇ ਪੱਖ ਵਿਚ ਜਾਵੇਗਾ। ਇਸੇ ਤਰ੍ਹਾਂ ਸ਼੍ਰੀ ਕ੍ਰਿਸ਼ਨ ਜਨਮ ਭੂਮੀ ’ਚ ਵੀ ਫੈਸਲਾ ਹਿੰਦੂਆਂ ਦੇ ਹੱਕ ਵਿਚ ਆਉਣ ਦੇ ਆਸਾਰ ਹਨ। ਪੱਛਮੀ ਬੰਗਾਲ ’ਚ ਇਸ ਸਾਲ ਸਰਕਾਰ ਡਿੱਗਣ ਦਾ ਡਰ ਹੈ। ਬੰਗਾਲ ’ਚ ਹਿੰਸਾ ਦਾ ਜਿਹੜਾ ਤਾਂਡਵ ਸ਼ੁਰੂ ਹੋਇਆ ਹੈ, ਉਹ 25 ਫਰਵਰੀ ਤੋਂ ਬਾਅਦ ਹੋਰ ਤੇਜ ਹੋ ਜਾਵੇਗਾ। 15 ਮਾਰਚ ਤੋਂ ਬਾਅਦ ਸਥਿਤੀਆਂ ਕਾਬੂ ਤੋਂ ਬਾਹਰ ਹੋ ਸਕਦੀਆਂ ਹਨ। ਇਸ ਲਈ ਕੁਲ ਮਿਲਾ ਕੇ ਪੂਰਾ ਸਾਲ ਹੀ ਪੱਛਮੀ ਬੰਗਾਲ ਲਈ ਮਾੜਾ ਹੈ। ਉਨ੍ਹਾਂ ਕਿਹਾ ਕਿ ਮੁੰਬਈ ’ਚ ਵੀ ਨਵੀਆਂ ਸਮੱਸਿਆਵਾਂ ਜਨਮ ਲੈਣਗੀਆਂ। ਉੱਤਰ ਪ੍ਰਦੇਸ਼ ਵੀ ਇਸ ਤੋਂ ਅਛੂਤਾ ਨਹੀਂ ਰਹੇਗਾ। ਫਰਵਰੀ, ਮਾਰਚ ਤੇ ਅਪ੍ਰੈਲ ਅਤੇ ਉਸ ਤੋਂ ਬਾਅਦ ਜੂਨ ਤੇ ਜੁਲਾਈ ਪਿੱਛੋਂ ਦੇਸ਼ ਵਿਚ ਸਥਿਤੀਆਂ ਹੋਰ ਵਿਗੜ ਸਕਦੀਆਂ ਹਨ। ਦੇਸ਼ ਵਿਚ 2002 ’ਚ ਜਿਸ ਤਰ੍ਹਾਂ ਦੇ ਹਾਲਾਤ ਬਣੇ ਸਨ, ਉਸੇ ਤਰ੍ਹਾਂ ਦੇ ਹਾਲਾਤ ਹੁਣ ਵੀ ਬਣ ਸਕਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਸਰਕਾਰ ਤੇ ਜਨਤਾ ਦੋਵਾਂ ਨੂੰ ਸਾਵਧਾਨ ਰਹਿਣਾ ਪਵੇਗਾ। ਦਿੱਲੀ ਦੀ ਸਿੰਘ ਲਗਨ ਦੀ ਕੁੰਡਲੀ ਹੈ ਅਤੇ ਉੱਥੇ ਕਈ ਨਵੀਆਂ ਚੁਣੌਤੀਆਂ ਤੇ ਸਮੱਸਿਆਵਾਂ ਪੈਦਾ ਹੋਣਗੀਆਂ। ਮਈ ਤੋਂ ਬਾਅਦ ਦੇਸ਼ ਦੇ ਕਈ ਧਾਰਮਿਕ ਸਥਾਨ ਨਿਸ਼ਾਨੇ ’ਤੇ ਆ ਸਕਦੇ ਹਨ ਅਤੇ ਵੱਖ-ਵੱਖ ਭਾਈਚਾਰਿਆਂ ਵਿਚਾਲੇ ਝਗੜੇ ਵਧਣ ਦਾ ਡਰ ਹੈ। ਅਸੰਤੋਸ਼ ਕਾਰਨ ਕਈ ਸੰਗਠਨ ਸੜਕਾਂ ’ਤੇ ਨਜਰ ਆਉਣਗੇ। ਨਵਾਂ ਸੰਵਤਸਰ ਵੀ ਚੰਗਾ ਨਹੀਂ ਹੈ ਅਤੇ ਜਾਲਮ ਗ੍ਰਹਿਆਂ ਦਾ ਪ੍ਰਛਾਵਾਂ ਦੇਸ਼ ’ਤੇ ਮੰਡਰਾ ਰਿਹਾ ਹੈ। ਜਿਸ ਤਰ੍ਹਾਂ ਧਰਮ ਸਬੰਧੀ ਲੋਕਾਂ ਅੰਦਰ ਜਾਗਰੂਕਤਾ ਆ ਰਹੀ ਹੈ, ਉਹ ਅੱਗੇ ਹੋਰ ਵੀ ਵਧਣ ਦੇ ਆਸਾਰ ਹਨ।



## ਹਰਿਆਣਾ ਪੁਲਸ ਵੱਲੋਂ ਕਿਸਾਨਾਂ ’ਤੇ ਕੀਤੇ ਜਾ ਰਹੇ ਅੱਤਿਆਚਾਰਾਂ ਨਾਲ ਸਰਕਾਰ ਸਖਤੀ ਨਾਲ ਨਿਪਟੇ : ਨਤਾਸਾ ਸਰਮਾ

**ਏਜੰਸੀਆਂ**

ਜਲੰਧਰ 18 ਫਰਵਰੀ। ਭਗਵੰਤ ਮਾਨ ਸਰਕਾਰ ਨੂੰ ਪੰਜਾਬ ਦੀ ਧਰਤੀ ’ਤੇ ਹਰਿਆਣਾ ਪੁਲਸ ਵੱਲੋਂ ਕਿਸਾਨਾਂ ’ਤੇ ਕੀਤੇ ਜਾ ਰਹੇ ਅੱਤਿਆਚਾਰਾਂ ਨਾਲ ਸਖਤੀ ਨਾਲ ਨਜਿੱਠਣਾ ਚਾਹੀਦਾ ਹੈ। ਆਲ ਇੰਡੀਆ ਮਹਿਲਾ ਕਾਂਗਰਸ ਦੀ ਸੋਸਲ ਮੀਡੀਆ ਕਨਵੀਨਰ ਅਤੇ ਪੰਜਾਬ ਮਾਮਲਿਆਂ ਦੀ ਆਬਜਰਵਰ ਡਾ. ਨਤਾਸਾ ਸਰਮਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੇਣ ਦਾ ਵਾਅਦਾ ਪੂਰਾ ਨਹੀਂ ਕੀਤਾ ਅਤੇ ਨਾ ਹੀ ਕਰਜਾ ਮੁਆਫੀ ਮਿਲੀ, ਜਿਸ ਕਾਰਨ ਕਿਸਾਨ ਇਕ ਵਾਰ ਫਿਰ ਆਪਣੀਆਂ ਹੱਕੀ ਮੰਗਾਂ ਲਈ ਅੰਦੋਲਨ ਕਰ ਰਹੇ ਹਨ, ਜਿਨ੍ਹਾਂ ਦੀ ਆਵਾਜ ਨੂੰ ਜਾਣ-ਬੁੱਝ ਕੇ ਦਬਾਇਆ ਜਾ ਰਿਹਾ ਹੈ। ਨਤਾਸਾ ਨੇ ਕਿਹਾ ਕਿ 2024 ’ਚ ਕੇਂਦਰ ’ਚ ਕਾਂਗਰਸ ਦੀ ਸਰਕਾਰ ਬਣਨ ਜਾ ਰਹੀ ਹੈ ਅਤੇ ਸਾਡੀ ਸਰਕਾਰ ਕਿਸਾਨਾਂ ਲਈ ਐੱਮ. ਐੱਸ. ਪੀ. ਕਾਨੂੰਨ ਲਿਆਵੇਗੀ ਅਤੇ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਿਸਾਂ ਨੂੰ ਲਾਗੂ ਕੀਤਾ ਜਾਵੇਗਾ। ਨਤਾਸਾ ਨੇ ਕਿਹਾ ਕਿ ਰਾਹੁਲ ਗਾਂਧੀ ਕੇਂਦਰ ਦੀ ਮੋਦੀ ਸਰਕਾਰ ਦੀ ਬੇ-ਇਨਸਾਫੀ ਅਤੇ ਤਾਨਾਸਾਹੀ ਖ਼ਿਲਾਫ ‘ਭਾਰਤ ਜੋੜੋ ਨਿਆ ਯਾਤਰਾ’ ’ਤੇ ਨਿਕਲੇ ਹਨ ਅਤੇ ਉਹ ਪਿੰਡ-ਪਿੰਡ ਜਾ ਕੇ ਕਿਸਾਨਾਂ, ਗਰੀਬਾਂ, ਔਰਤਾਂ, ਪੱਛੜੀਆਂ ਸ੍ਰੇਣੀਆਂ, ਆਦਿਵਾਸੀ, ਮਜਦੂਰਾਂ ਅਤੇ ਘੱਟ ਗਿਣਤੀ ਵਰਗ ’ਤੇ ਹੋ ਰਹੇ ਅੱਤਿਆਚਾਰਾਂ ਖ਼ਿਲਾਫ ਆਵਾਜ ਬੁਲੰਦ ਕਰ ਰਹੇ ਹਨ। ਇਸ ਮੁਹਿੰਮ ’ਚ ਆਲ ਇੰਡੀਆ ਮਹਿਲਾ ਕਾਂਗਰਸ ਦੀ ਕੌਮੀ ਪ੍ਰਧਾਨ ਅਲਕਾ ਲਾਂਬਾ ਦੀ ਅਗਵਾਈ ’ਚ ਦੇਸ ਭਰ ’ਚ ਵਰਕਰ ਰਾਹੁਲ ਦੇ ਸੰਦੇਸ ਨੂੰ ਘਰ-ਘਰ ਪਹੁੰਚਾਉਣ ਲਈ ਕੰਮ ਕਰ ਰਹੇ ਹਨ ਤੇ ਉਨ੍ਹਾਂ ਨੂੰ ਨਿਆਂ ਦਾ ਹੱਕ ਮਿਲਣ ਤੱਕ ਸਰਕਾਰ ਖ਼ਿਲਾਫ ਸੰਘਰਸ ਕਰਨ ਦਾ ਪ੍ਰਣ ਕਰ ਰਹੇ ਹਨ। ਨਤਾਸਾ ਨੇ ਕਿਹਾ ਕਿ ਇਕ ਪਾਸੇ ਮੋਦੀ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਦਾਅਵੇ ਕਰਦੀ ਹੈ ਤੇ ਦੂਜੇ ਪਾਸੇ ਆਪਣੀਆਂ ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਕਿਸਾਨਾਂ ’ਤੇ ਅੱਥਰੂ ਗੈਸ ਦੇ ਗੋਲੇ ਛੱਡ ਰਹੀ ਹੈ। ਕਿਸਾਨ ਆਪਣੀਆਂ ਮੰਗਾਂ ਸਰਕਾਰ ਤੱਕ ਪਹੁੰਚਾਉਣ ਲਈ ਦਿੱਲੀ ਆਉਣਾ ਚਾਹੁੰਦੇ ਹਨ ਪਰ ਮੋਦੀ ਸਰਕਾਰ ਬੈਰੀਕੇਡ ਲਾ ਕੇ ਉਨ੍ਹਾਂ ਦੇ ਰਾਹ ’ਚ ਰੁਕਾਵਟਾਂ ਖੜ੍ਹੀਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 2 ਸਾਲ ਪਹਿਲਾਂ ਵੀ ਕਿਸਾਨਾਂ ਨੇ 3 ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਲੰਬੀ ਲੜਾਈ ਲੜੀ ਸੀ, ਜਿਸ ’ਚ 700 ਦੇ ਕਰੀਬ ਕਿਸਾਨ ਸਹੀਦ ਹੋਏ ਸਨ ਪਰ ਮੋਦੀ ਸਰਕਾਰ ਕਿਸਾਨਾਂ ਨੂੰ ਖਾਲਿਸਤਾਨੀ ਅਤੇ ਅੱਤਵਾਦੀ ਕਹਿ ਕੇ ਦੋਸੀ ਠਹਿਰਾਉਂਦੀ ਰਹੀ ਪਰ ਕਿਸਾਨਾਂ ਦੇ ਬੁਲੰਦ ਹੌਂਸਲੇ ਨੇ ਮੋਦੀ ਸਰਕਾਰ ਦੀ ਆਕੜ ਕੱਢ ਦਿੱਤੀ ਅਤੇ ਸਰਕਾਰ ਨੂੰ ਤਿੰਨੋਂ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ। ਨਤਾਸਾ ਨੇ ਕਿਹਾ ਕਿ ਮੋਦੀ ਸਰਕਾਰ ਅਸਲ ’ਚ ਕਿਸਾਨ ਵਿਰੋਧੀ ਹੈ ਤੇ ਆਪਣੇ ਸਰਮਾਏਦਾਰ ਦੋਸਤਾਂ ਨੂੰ ਫਾਇਦਾ ਪਹੁੰਚਾਉਣ ਲਈ ਕਿਸਾਨਾਂ ਨਾਲ ਧੋਖਾ ਕਰ ਰਹੀ ਹੈ। ਕਿਸਾਨ ਜਥੇਬੰਦੀਆਂ ’ਚ ਫੁੱਟ ਪਾ ਕੇ ਅੰਦੋਲਨ ਨੂੰ ਕਮਜੋਰ ਕਰਨ ਦੀ ਸਾਜ਼ਿਸ ਰਚੀ ਜਾ ਰਹੀ ਹੈ। ਨਤਾਸਾ ਨੇ ਕਿਹਾ ਕਿ ਮਹਿਲਾ ਕਾਂਗਰਸ ਦੀ ਹਰ ਵਰਕਰ ਕਿਸਾਨਾਂ ਦੇ ਮੁੱਦੇ ’ਤੇ ਸਰਕਾਰ ਨਾਲ ਲੜ ਰਹੀ ਹੈ।



## ਖੇਡਾਂ ਨੂੰ ਲੈ ਕੇ ਪੰਜਾਬ ਸਰਕਾਰ ਦਾ ਵੱਡਾ ਉਪਰਾਲਾ, ਮੰਤਰੀ ਮੀਤ ਹੇਅਰ ਨੇ ਕੀਤਾ ਅਹਿਮ ਐਲਾਨ

**ਏਜੰਸੀਆਂ**

ਚੰਡੀਗੜ੍ਹ 18 ਫਰਵਰੀ। ਪੰਜਾਬ ਨੂੰ ਖੇਡਾਂ ਦੇ ਖੇਤਰ ’ਚ ਮੁੜ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਅਧੀਨ ਖੇਡਾਂ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਖੇਡ ਐਸੋਸੀਏਸ਼ਨਾਂ ਲਈ ਸਪੋਰਟਸ ਕੋਡ ਬਣਾਇਆ ਗਿਆ ਹੈ। ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਡਾਂ ਦੀ ਬਿਹਤਰੀ ਲਈ ਲਗਾਤਾਰ ਕੀਤੇ ਜਾ ਰਹੇ ਉਪਰਾਲਿਆਂ ਨੂੰ ਅੱਗੇ ਵਧਾਉਂਦਿਆਂ ਸੂਬੇ ਅੰਦਰ ਚੱਲ ਰਹੀਆਂ ਖੇਡਾਂ ਦੀਆਂ ਐਸੋਸੀਏਸ਼ਨਾਂ ਦੀ ਬਿਹਤਰ ਕਾਰਗੁਜ਼ਾਰੀ ਲਈ ਖੇਡ ਵਿਭਾਗ ਵੱਲੋਂ ਮਾਹਿਰਾਂ ਦੀ ਰਾਏ ਨਾਲ ਸਪੋਰਟਸ ਕੋਡ ਦਾ ਖਰੜਾ ਤਿਆਰ ਕਰ ਲਿਆ ਗਿਆ ਹੈ। ਇਸ ਕੋਡ ਨੂੰ ਲਾਗੂ ਕਰਨ ਤੋਂ ਪਹਿਲਾਂ ਲੋਕਾਂ ਦੀ ਰਾਏ ਵੀ ਮੰਗੀ ਗਈ ਹੈ ਤਾਂ ਜੋ ਇਸ ਨੂੰ ਹੋਰ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕੀਤਾ ਜਾ ਸਕੇ। ਮੀਤ ਹੇਅਰ ਨੇ ਅੱਗੇ ਦੱਸਿਆ ਕਿ ਸਪੋਰਟਸ ਕੋਡ ਨੂੰ ਅਮਲੀ ਜਾਮਾ ਪਹਿਨਾਉਣ ਤੋਂ ਪਹਿਲਾਂ ਖੇਡਾਂ ਨਾਲ ਜੁੜੇ ਲੋਕਾਂ, ਐਸੋਸੀਏਸ਼ਨਾਂ ਅਤੇ ਆਮ ਲੋਕਾਂ ਤੋਂ ਸੁਝਾਅ ਲੈਣ ਲਈ ਇਸ ਕੋਡ ਦੇ ਖਰੜੇ ਦੀ ਕਾਪੀ ਵਿਭਾਗ ਦੀ ਵੈਬਸਾਈਟ .... ਉਪਰ ਅਪਲੋਡ ਕੀਤੀ ਗਈ ਹੈ। ਕੋਈ ਵੀ ਚਾਹਵਾਨ ਵਿਅਕਤੀ 10 ਮਾਰਚ 2024 ਤੱਕ ਕੋਡ ਸਬੰਧੀ ਵਿਭਾਗ ਦੀ ਈਮੇਲ .@.. ਉਪਰ ਸੁਝਾਅ ਦੇ ਸਕਦਾ ਹੈ ਤਾਂ ਜੋ ਸਪੋਰਟਸ ਕੋਡ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਲੋਕ ਰਾਏ ਅਤੇ ਖੇਡਾਂ ਨਾਲ ਜੁੜੇ ਲੋਕਾਂ ਦੇ ਸੁਝਾਵਾਂ ਨੂੰ ਸ਼ਾਮਲ ਕੀਤਾ ਜਾ ਸਕੇ। ਖੇਡ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਵੀਂ ਖੇਡ ਨੀਤੀ ਵੀ ਖੇਡ ਮਾਹਿਰਾਂ ਦੀ ਰਾਏ ਨਾਲ ਆਮ ਲੋਕਾਂ ਦੇ ਸੁਝਾਅ ਲੈਣ ਤੋਂ ਬਾਅਦ ਲਾਗੂ ਕੀਤੇ ਹੈ ਜਿਸ ਦੇ ਏਸ਼ਿਆਈ ਖੇਡਾਂ ’ਚ ਹੀ ਚੰਗੇ ਨਤੀਜੇ ਸਾਹਮਣੇ ਆਏ ਜਦੋਂ ਪੰਜਾਬ ਦੇ ਖਿਡਾਰੀਆਂ ਨੇ 72 ਸਾਲ ਦੇ ਰਿਕਾਰਡ ਤੋੜਦਿਆਂ ਪਹਿਲੀ ਵਾਰ 20 ਤਮਗ਼ੇ ਜਿੱਤੇ। ਹੁਣ ਖੇਡ ਵਿਭਾਗ ਵੱਲੋਂ ਸਪੋਰਟਸ ਕੋਡ ਲਾਗੂ ਕਰਨ ਲਈ ਵੀ ਤਿਆਰੀ ਕਰ ਦਿੱਤੀ ਗਈ ਹੈ ਜਿਸ ਦੇ ਲਾਗੂ ਹੋਣ ਨਾਲ ਸੂਬੇ ’ਚ ਖੇਡਾਂ ਦੇ ਪ੍ਰਬੰਧਨ ’ਚ ਵੱਡਾ ਸੁਧਾਰ ਹੋਵੇਗਾ।




## ਰਿਸ਼ਵਤ ਮੰਗਣ ਵਾਲਾ ਮਾਲ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ

ਚੰਡੀਗੜ੍ਹ 18 ਫਰਵਰੀ। ਸੂਬੇ ’ਚ ਭ੍ਰਿਸਟਾਚਾਰ ਵਿਰੁੱਧ 1ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਮਾਲ ਹਲਕਾ ਹਰਪੁਰਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਤਾਇਨਾਤ ਮਾਲ ਪਟਵਾਰੀ ਕੇਵਲ ਸਿੰਘ ਵਾਸੀ ਪਿੰਡ ਕੰਢਿਆਲਾ ਨੂੰ ਰਿਸਵਤ ਮੰਗਣ ਦੇ ਦੋਸ ਹੇਠ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਟੇਟ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜਮ ਵਿਰੁੱਧ ਇਹ ਮਾਮਲਾ ਜੀਵਨਜੋਤ ਸਿੰਘ ਵਾਸੀ ਪਿੰਡ ਖੋਖਰ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਮੁੱਖ ਮੰਤਰੀ ਦੀ ਭ੍ਰਿਸਟਾਚਾਰ ਵਿਰੋਧੀ ਐਕਸਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ ’ਤੇ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ’ਚ ਦੋਸ ਲਾਇਆ ਹੈ ਕਿ ਉਕਤ ਪਟਵਾਰੀ ਵੱਲੋਂ ਉਸ ਦੀ ਜਮੀਨ ਦੀ ਮਾਲਕੀ ਸਬੰਧੀ ਮਾਲ ਰਿਕਾਰਡ ’ਚ ਸੋਧ ਕਰਨ ਲਈ ਰਿਸਵਤ ਦੀ ਮੰਗ ਕੀਤੀ ਜਾ ਰਹੀ ਹੈ। ਸ਼ਿਕਾਇਤਕਰਤਾ ਨੇ ਉਕਤ ਪਟਵਾਰੀ ਵੱਲੋਂ ਰਿਸਵਤ ਦੀ ਮੰਗ ਕਰਨ ਸਮੇਂ ਰਿਕਾਰਡਿੰਗ ਕਰ ਲਈ, ਜਿਸ ਨੂੰ ਸਬੂਤ ਵਜੋਂ ਵਿਜੀਲੈਂਸ ਬਿਊਰੋ ਕੋਲ ਸੌਂਪ ਦਿੱਤਾ। ਇਸ ਸਬੰਧੀ ਵਿਜੀਲੈਂਸ ਰੇਂਜ ਅੰਮ੍ਰਿਤਸਰ ਵੱਲੋਂ ਸ਼ਿਕਾਇਤ ਦੀ ਪੜਤਾਲ ਕੀਤੀ ਗਈ ਜਿਸ ’ਚ ਸ਼ਿਕਾਇਤਕਰਤਾ ਵੱਲੋਂ ਲਗਾਏ ਦੋਸ਼ ਸਹੀ ਪਾਏ ਗਏ। ਇਸ ਰਿਪੋਰਟ ਦੇ ਆਧਾਰ ’ਤੇ ਉਕਤ ਦੋਸੀ ਖ਼ਿਲਾਫ ਭ੍ਰਿਸਟਾਚਾਰ ਰੋਕੂ ਕਾਨੂੰਨ ਅਧੀਨ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਸਮਾਰਟ ਸਿਟੀ ਜਲੰਧਰ ’ਚ ਰਹੇ ਸਾਰੇ ਸਾਬਕਾ ਅਫਸਰ ਜਾਂਚ ਏਜੰਸੀਆਂ ਦੇ ਨਿਸ਼ਾਨੇ ’ਤੇ, ਲਿਆ ਜਾ ਸਕਦੈ ਵੱਡਾ ਐਕਸ਼ਨ

**ਸਰਦੂਲ ਸਿੰਘ**

ਜਲੰਧਰ 18 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ 100 ਸ਼ਹਿਰਾਂ ਨੂੰ ਸਮਾਰਟ ਬਣਾਉਣ ਦਾ ਮਿਸ਼ਨ ਸ਼ੁਰੂ ਕਰਕੇ ਜਦੋਂ ਇਸ ਸੂਚੀ ਵਿਚ ਜਲੰਧਰ ਸ਼ਹਿਰ ਦਾ ਨਾਂ ਜੋੜਿਆ ਸੀ ਤਾਂ ਸ਼ਹਿਰ ਵਾਸੀਆਂ ਨੂੰ ਲੱਗਾ ਸੀ ਕਿ ਹੁਣ ਉਨ੍ਹਾਂ ਨੂੰ ਅਤਿ-ਆਧੁਨਿਕ ਸਹੂਲਤਾਂ ਮਿਲਣਗੀਆਂ ਪਰ ਹੋਇਆ ਕੁਝ ਨਹੀਂ। ਸ਼ਹਿਰ ਦੀ ਹਾਲਤ ਤੋਂ ਸਪੱਸ਼ਟ ਹੈ ਕਿ ਸਮਾਰਟ ਸਿਟੀ ਦੇ ਪ੍ਰਾਜੈਕਟਾਂ ’ਤੇ ਸੈਂਕੜੇ ਕਰੋੜ ਰੁਪਿਆ ਖਰਚ ਕਰਨ ਦੇ ਬਾਵਜੂਦ ਸ਼ਹਿਰ ਵਿਚ ਇਕ ਵੀ ਨਵੀਂ ਸੁਵਿਧਾ ਦਾ ਪ੍ਰਬੰਧ ਨਹੀਂ ਹੋਇਆ ਅਤੇ ਸ਼ਹਿਰ ਥੋੜ੍ਹਾ ਜਿਹਾ ਵੀ ਸਮਾਰਟ ਨਹੀਂ ਹੋਇਆ। ਅਜਿਹਾ ਲੱਗ ਰਿਹਾ ਹੈ ਕਿ ਸਮਾਰਟ ਸਿਟੀ ਲਈ ਆਇਆ ਸਾਰਾ ਪੈਸਾ ਗਲੀਆਂ, ਨਾਲੀਆਂ ਅਤੇ ਸੀਵਰੇਜ ਨਾਲ ਸਬੰਧਤ ਕੰਮਾਂ ’ਤੇ ਹੀ ਖਰਚ ਕਰ ਦਿੱਤਾ ਗਿਆ। ਇਹੀ ਕਾਰਨ ਹੈ ਕਿ ਅੱਜ ਸਾਰੀਆਂ ਸਿਆਸੀ ਪਾਰਟੀਆਂ ਜਲੰਧਰ ਸਮਾਰਟ ਸਿਟੀ ਦੀ ਵਰਕਿੰਗ ਤੋਂ ਅਸੰਤੁਸ਼ਟ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜਲੰਧਰ ਸਮਾਰਟ ਸਿਟੀ ਦੇ ਸਾਰੇ ਪ੍ਰਾਜੈਕਟਾਂ ਦੀ ਜਾਂਚ ਵਿਜੀਲੈਂਸ ਤੋਂ ਕਰਵਾਉਣ ਦੇ ਹੁਕਮ ਦਿੱਤੇ ਹੋਏ ਹਨ ਅਤੇ ਭਾਜਪਾਈਆਂ ਨੇ ਵੀ ਕੇਂਦਰ ’ਤੇ ਦਬਾਅ ਬਣਾ ਕੇ ਸਮਾਰਟ ਸਿਟੀ ਦੇ ਕੰਮਾਂ ਦੀ ਕੇਂਦਰੀ ਏਜੰਸੀ ਤੋਂ ਜਾਂਚ ਕਰਵਾਉਣ ਦੀ ਮੰਗ ਕਰ ਰੱਖੀ ਹੈ। ਪੰਜਾਬ ਵਿਧਾਨ ਸਭਾ ਦੀ ਐਸਟੀਮੇਟ ਕਮੇਟੀ ਵੀ ਆਪਣੇ ਪੱਧਰ ’ਤੇ ਜਲੰਧਰ ਸਮਾਰਟ ਸਿਟੀ ਦੇ ਕੰਮਾਂ ਦੀ ਜਾਂਚ ਕਰ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਕੇਂਦਰ ਸਰਕਾਰ, ਸਟੇਟ ਵਿਜੀਲੈਂਸ ਅਤੇ ਵਿਧਾਨ ਸਭਾ ਕਮੇਟੀ ’ਤੇ ਆਧਾਰਿਤ ਜਾਂਚ ਏਜੰਸੀਆਂ ਦੇ ਰਾਡਾਰ ’ਤੇ ਸਮਾਰਟ ਸਿਟੀ ਦੇ ਸਾਈਟ ਇੰਜੀਨੀਅਰ ਅਤੇ ਕੰਸਲਟੈਂਟ ਤੋਂ ਲੈ ਕੇ ਟੀਮ ਲੀਡਰ, ਪ੍ਰਾਜੈਕਟ ਐਕਸਪਰਟ ਅਤੇ ਸੀ. ਈ. ਓ. ਲੈਵਲ ਦੇ ਅਧਿਕਾਰੀ ਸ਼ਾਮਲ ਹੋ ਸਕਦੇ ਹਨ। ਅਜਿਹੇ ਅਧਿਕਾਰੀਆਂ ਨੇ ਪ੍ਰਾਜੈਕਟ ਬਣਾਏ, ਟੈਂਡਰ ਮਨਜ਼ੂਰ ਕੀਤੇ, ਕੰਮ ਕਰਵਾਏ ਅਤੇ ਠੇਕੇਦਾਰ ਨੂੰ ਪੇਮੈਂਟ ਆਦਿ ਕੀਤੀ। ਪਤਾ ਲੱਗਾ ਹੈ ਕਿ ਅਜਿਹੇ ਅਫਸਰਾਂ ਦਾ ਡਾਟਾ ਜੁਟਾਇਆ ਜਾ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਨੂੰ ਜਵਾਬਦੇਹ ਬਣਾ ਕੇ ਇਨ੍ਹਾਂ ਦੀ ਸਰਕਾਰੀ ਪੈਨਸ਼ਨ ਆਦਿ ਰੋਕੀ ਜਾ ਸਕਦੀ ਹੈ। ਕਾਂਗਰਸ ਸਰਕਾਰ ਦੇ ਆਖਰੀ 3 ਸਾਲਾਂ ਵਿਚ ਸਮਾਰਟ ਸਿਟੀ ਦੇ ਸਾਰੇ ਪ੍ਰਾਜੈਕਟ ਬਣੇ ਅਤੇ ਸਿਰੇ ਚੜ੍ਹੇ। ਜ਼ਿਆਦਾਤਰ ਪ੍ਰਾਜੈਕਟਾਂ ਵਿਚ ਜਦੋਂ ਘਪਲਿਆਂ ਦਾ ਰੌਲਾ ਪਿਆ ਤਾਂ ਉਨ੍ਹਾਂ ਪ੍ਰਾਜੈਕਟਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਕਈ ਅਫਸਰਾਂ ਨੂੰ ਨੌਕਰੀ ਤੋਂ ਚੁੱਪਚਾਪ ਕੱਢ ਦਿੱਤਾ ਗਿਆ ਅਤੇ ਕਈਆਂ ਤੋਂ ਜਬਰੀ ਅਸਤੀਫੇ ਤਕ ਲਏ ਗਏ, ਜਦਕਿ ਅਜਿਹੇ ਅਫਸਰਾਂ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਸੀ। ਇਕ ਸਮਾਂ ਤਾਂ ਅਜਿਹਾ ਵੀ ਆਇਆ ਸੀ ਜਦੋਂ ਸਮਾਰਟ ਸਿਟੀ ਕੰਪਨੀ ਦੇ ਸਾਰੇ ਸਟਾਫ ਨੂੰ ਹੀ ਬਦਲ ਦਿੱਤਾ ਗਿਆ। ਇਨ੍ਹਾਂ ਵਿਚ ਚਪੜਾਸੀ, ਕਲਰਕ ਤੋਂ ਲੈ ਕੇ ਸਾਰੇ ਤਰ੍ਹਾਂ ਦੇ



ਅਧਿਕਾਰੀ ਸ਼ਾਮਲ ਸਨ, ਜਿਨ੍ਹਾਂ ਦੇ ਸਥਾਨ ’ਤੇ ਚੰਡੀਗੜ੍ਹ ਤੋਂ ਨਵਾਂ ਸਟਾਫ ਭਰਤੀ ਕੀਤਾ ਗਿਆ। ਅਜਿਹਾ ਕਰ ਕੇ ਜਿਥੇ ਪੁਰਾਣੇ ਅਧਿਕਾਰੀਆਂ ਨੂੰ ਜ਼ਿੰਮੇਵਾਰੀ ਤੋਂ ਮੁਕਤ ਕਰ ਦਿੱਤਾ ਗਿਆ, ਉਥੇ ਹੀ ਕਈ ਘਪਲਿਆਂ ’ਤੇ ਪਰਦਾ ਪਾਉਣ ਦਾ ਕੰਮ ਕੀਤਾ ਗਿਆ। ਹੁਣ ਅਜਿਹੇ ਸਾਰੇ ਅਧਿਕਾਰੀ ਤਲਬ ਕੀਤੇ ਜਾ ਸਕਦੇ ਹਨ। ਸਮਾਰਟ ਸਿਟੀ ਮਿਸ਼ਨ ਤਹਿਤ ਜਲੰਧਰ ਸਮਾਰਟ ਸਿਟੀ ਵੱਲੋਂ ਆਪਣੇ ਪੱਧਰ ’ਤੇ ਲਗਭਗ 370 ਕਰੋੜ ਰੁਪਏ ਦੇ ਕੰਮ ਕਰਵਾਏ ਗਏ। ਇਨ੍ਹਾਂ ਪ੍ਰਾਜੈਕਟਾਂ ’ਤੇ ਕਰੋੜਾਂ ਰੁਪਏ ਦੇ ਘਪਲਿਆਂ ਸਬੰਧੀ ਜੋ ਵੀ ਦੋਸ਼ ਲੱਗੇ ਅਤੇ ਸ਼ਿਕਾਇਤਾਂ ਹੋਈਆਂ, ਉਨ੍ਹਾਂ ਸਾਰਿਆਂ ਨੂੰ ਬੜੀ ਸਫਾਈ ਨਾਲ ਦਬਾ ਦਿੱਤਾ ਗਿਆ ਕਿਉਂਕਿ ਸਮਾਰਟ ਸਿਟੀ ਵਿਚ ਕਦੇ ਵੀ ਪਾਰਦਰਸ਼ਿਤਾ ਨਹੀਂ ਰਹੀ, ਨਾ ਇਸਦੀ ਕੋਈ ਵੈੱਬਸਾਈਟ ਬਣਾਈ ਗਈ, ਨਾ ਕਿਸੇ ਆਰ. ਟੀ. ਆਈ. ਦਾ ਜਵਾਬ ਦਿੱਤਾ ਗਿਆ ਤੇ ਨਾ ਹੀ ਕਦੇ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸੇ ਕਾਰਨ ਦੋਸ਼ ਲੱਗਦੇ ਰਹੇ ਕਿ ਜਲੰਧਰ ਸਮਾਰਟ ਸਿਟੀ ਨੇ ਇਕ ਪ੍ਰਾਈਵੇਟ ਲਿਮਟਿਡ ਕੰਪਨੀ ਵਾਂਗ ਕੰਮ ਕੀਤਾ, ਹਾਲਾਂਕਿ ਉਸ ਸਮੇਂ ਪੰਜਾਬ ਅਤੇ ਜਲੰਧਰ ਨਿਗਮ ’ਤੇ ਕਾਂਗਰਸ ਦਾ ਰਾਜ ਸੀ। ਸੰਸਦ ਮੈਂਬਰ, 4 ਵਿਧਾਇਕ, 65 ਕੌਂਸਲਰ ਅਤੇ 3 ਮੇਅਰ ਕਾਂਗਰਸ ਦੇ ਹੋਣ ਦੇ ਬਾਵਜੂਦ ਕਿਸੇ ਕਾਂਗਰਸੀ ਨੂੰ ਸਮਾਰਟ ਸਿਟੀ ਦੇ ਦਫਤਰ ਵਿਚ ਵੜਨ ਤਕ ਨਹੀਂ ਦਿੱਤਾ ਜਾਂਦਾ ਸੀ ਅਤੇ ਨਾ ਹੀ ਕਿਸੇ ਪ੍ਰਾਜੈਕਟ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਸੀ। ਜਲੰਧਰ ਸਮਾਰਟ ਸਿਟੀ ਦੀ ਗੱਲ ਕਰੀਏ ਤਾਂ ਇਸ ਦੇ ਸੀ. ਈ. ਓ. ਤਾਂ ਜ਼ਿਆਦਾਤਰ ਉਹ ਆਈ. ਏ. ਐੱਸ. ਅਧਿਕਾਰੀ ਰਹੇ ਹਨ, ਜੋ ਨਿਗਮ ਦੇ ਕਮਿਸ਼ਨਰ ਸਨ ਪਰ ਬਾਕੀ ਅਹੁਦਿਆਂ ’ਤੇ ਅਜਿਹੇ ਅਧਿਕਾਰੀ ਅਤੇ ਕਰਮਚਾਰੀ ਭਰਤੀ ਕੀਤੇ ਗਏ ਜੋ ਆਊਟਸੋਰਸ ਕੰਪਨੀ ਰਾਹੀਂ ਆਏ ਸਨ। ਉਨ੍ਹਾਂ ਨੂੰ ਮਨਮਰਜੀ ਨਾਲ ਰੱਖਿਆ ਜਾਂਦਾ ਸੀ। ਇਨ੍ਹਾਂ ਵਿਚੋਂ ਕਈ ਤਾਂ ਨਗਰ ਨਿਗਮ ਦੇ ਸਾਬਕਾ ਅਧਿਕਾਰੀ ਸਨ ਅਤੇ ਸਰਕਾਰ ਤੋਂ ਰਿਟਾਇਰਮੈਂਟ ਤੋਂ ਬਾਅਦ ਪੈਨਸ਼ਨ ਤਕ ਪ੍ਰਾਪਤ ਕਰ ਰਹੇ ਸਨ, ਜਦਕਿ ਬਾਕੀ ਪ੍ਰਾਈਵੇਟ ਵਿਅਕਤੀ ਠੇਕੇਦਾਰੀ ਪ੍ਰਥਾ ਰਾਹੀਂ ਸਮਾਰਟ ਸਿਟੀ ਵਿਚ ਨੌਕਰੀ ਪਾਉਣ ਵਿਚ ਕਾਮਯਾਬ ਹੋ ਗਏ। ਹੁਣ ਜਿਸ ਤਰ੍ਹਾਂ ਸਮਾਰਟ ਸਿਟੀ ਜਲੰਧਰ ਦੇ ਕਈ ਘਪਲੇ ਸਾਹਮਣੇ ਆ ਰਹੇ ਹਨ, ਉਸ ਤਹਿਤ ਮੰਨਿਆ ਜਾ ਰਿਹਾ ਹੈ ਕਿ ਜੋ ਅਫਸਰ ਪਿਛਲੇ ਸਮੇਂ ਦੌਰਾਨ ਜਲੰਧਰ ਸਮਾਰਟ ਸਿਟੀ ਵਿਚ ਉੱਚ ਅਹੁਦਿਆਂ ’ਤੇ ਰਹੇ, ਜੇਕਰ ਉਹ ਸਰਕਾਰ ਤੋਂ ਹਾਲੇ ਵੀ ਤਨਖਾਹ ਜਾਂ ਪੈਨਸ਼ਨ ਆਦਿ ਪ੍ਰਾਪਤ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਘਪਲਿਆਂ ਪ੍ਰਤੀ ਜਵਾਬਦੇਹ ਬਣਾਇਆ ਜਾ ਸਕਦਾ ਹੈ ਅਤੇ ਉਨ੍ਹਾਂ ’ਤੇ ਐਕਸ਼ਨ ਵੀ ਕੀਤਾ ਜਾ ਸਕਦਾ ਹੈ, ਜਦਕਿ ਆਊਟਸੋਰਸ ਆਧਾਰ ’ਤੇ ਰੱਖੇ ਗਏ ਬਾਕੀ ਕਰਮਚਾਰੀਆਂ ਦਾ ਸਰਕਾਰ ਕੁਝ ਨਹੀਂ ਵਿਗਾੜ ਸਕੇਗੀ।